ਵਿਸ਼੍ਵ ਧਰਮ ਸੰਗ੍ਰਹਿ

ਸੰਪਾਦਕ
ਐਲ. ਐਮ. ਜੋਸ਼ੀ
ਜੋਧ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਵਿਸ਼੍ਵ ਧਰਮ ਸੰਗ੍ਰਹਿ

(ਸੰਸਾਰ ਦੇ ਮਹਾਨ ਧਰਮਾਂ ਦੇ ਮੁੱਖ ਗ੍ਰੰਥਾਂ ਵਿਚੋਂ ਚੋਣਵੇਂ ਉਪਦੇਸ਼)

ਸੰਪਾਦਕ
ਐਲ. ਐਮ. ਜੋਸ਼ੀ
ਜੋਧ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

VISHAV DHARAM SANGREH *(Punjabi)*
edited by
L. M. JOSHI
JODH SINGH

ISBN 81-7380-701-9

2000
ਚੌਥੀ ਵਾਰ : 1100
ਮੁੱਲ : 85/- ਰੁਪਏ

ਡਾ. ਬਲਬੀਰ ਸਿੰਘ ਭਾਟੀਆ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪਰਕਾਸ਼ਿਤ
ਕੀਤੀ ਅਤੇ ਮੈਸਰਜ਼ ਰਾਮ ਪ੍ਰਿੰਟੋਗਰਾਫ਼, ਨਵੀਂ ਦਿੱਲੀ ਵਿਖੇ ਛਪੀ

ਵਿਸ਼ੇ-ਸੂਚੀ

+18

+18

ਭੂਮਿਕਾ

'ਧਰਮ' ਸ਼ਬਦ ਦੇ ਅਰਥ ਹਨ ਅਕੀਦਾ, ਧਰਮਗਤਾ, ਅੰਤਿਮ ਸੱਚਾਈ ਬਾਰੇ ਮਨੁੱਖ ਦੀ ਰੁੱਚੀ, ਪਰਮਾਤਮਾ ਦੀ ਹੋਂਦ ਬਾਰੇ ਆਪਣਾ ਨਿੱਜੀ ਤਜਰਬਾ, ਅਧਿਆਤਮਕ ਅਸਲੀਅਤ ਵਿਚ ਵਿਸ਼ਵਾਸ ਇਤਿਆਦਿ। ਧਰਮ ਵਿਚ ਕੁੱਝ ਮਨੁੱਖੀ ਵਿਚਾਰ, ਆਦਰਸ਼, ਰਹੁ-ਰੀਤੀਆਂ ਤੇ ਸੰਸਥਾਵਾਂ ਸ਼ਾਮਲ ਹਨ। ਵੈਬਸਟਰ ਦੇ ਕੋਸ਼ (New International Dictionary) ਅਨੁਸਾਰ ਧਰਮ ਦਾ ਅਰਥ ਪਰਮਾਤਮਾ ਦੀ ਪੂਜਾ ਹੈ ਜਾਂ ਪੂਜਾਂ ਦੇ ਮੰਤਵ ਨਾਲ ਥਾਪੇ ਕਿਸੇ ਦੇਵਤੇ ਦੀ ਉਪਾਸ਼ਨਾ ਹੈ। ਧਰਮ ਦਾ ਮਤਲਬ ਹੈ ਮਨੁੱਖ ਦੀ ਰੱਬ ਪ੍ਰਤਿ ਵਫ਼ਾਦਾਰੀ ਤੇ ਉਸ ਉੱਚਤਮ ਰੱਬੀ ਹੋਂਦ ਦਾ ਅਨੁਭਵ ਤੇ ਉਸ ਵਿਚ ਪੂਰਾ ਵਿਸ਼ਵਾਸ ਜਾਂ ਇਸ ਨੂੰ ਇੰਜ ਕਹਿ ਲਓ ਕਿ ਮਨੁੱਖਤਾ, ਕੁਦਰਤ ਤੇ ਸਾਡੀ ਨਿੱਜੀ ਕਿਸਮਤ ਦੇ ਕਰਤਾ ਤੇ ਉਸ ਕਿਸਮਤ ਨੂੰ ਕਾਬੂ ਵਿਚ ਰੱਖਣ ਵਾਲੀਆਂ ਸ਼ਕਤੀਆਂ ਜਿਨ੍ਹਾਂ ਦਾ ਗਿਆਨ ਸਾਡੇ ਦਿਲ ਵਿਚ ਡੂੰਘਾ ਸਤਿਕਾਰ, ਪਿਆਰ, ਸ਼ਰਧਾ, ਸ਼ੁਕਰਾਨਾ, ਹੁਕਮ ਮੰਨਣ ਤੇ ਸੇਵਾ ਕਰਨ ਦੀ ਭਾਵਨਾ ਉਪਜਾਂਦਾ ਹੈ, ਸਾਡੇ ਅੰਦਰ ਧਰਮ ਦਾ ਅਨੁਭਵ ਤੇ ਸੂਝ ਪੈਦਾ ਕਰਦਾ ਹੈ।

ਧਰਮ ਦੇ ਇਨ੍ਹਾਂ ਅਰਥਾਂ ਜਾਂ ਤਾਰੀਫ਼ ਦਾ ਕੇਂਦਰੀ ਵਿਚਾਰ ਤਾਂ ਪਰਮਾਤਮਾ, ਅਕਾਲ-ਪੁਰਖ ਤੇ ਉਸ ਦੀ ਖ਼ੁਦਾਈ, ਈਸ਼ਵਰੀ ਸ਼ਕਤੀ ਦੀ ਹੋਂਦ ਨੂੰ ਮੰਨਣਾ ਹੈ। ਧਰਮ ਦੇ ਇਹ ਅਰਥ ਜਾਂ ਧਰਮ ਸ਼ਬਦ ਦੀ ਇਹ ਤਾਰੀਫ਼ ਈਸ਼ਵਰਵਾਚਕ ਹੈ। ਸੰਸਾਰ ਦੇ ਬਹੁਤ ਸਾਰੇ ਧਰਮ ਜਿਨ੍ਹਾਂ ਵਿਚ ਹਿੰਦੂ ਮਤ, ਈਸਾਈ ਮਤ, ਇਸਲਾਮ ਤੇ ਸਿੱਖ ਮਤ ਸ਼ਾਮਲ ਹਨ ਪਰਮਾਤਮਾ ਦੀ ਹੋਂਦ ਨੂੰ ਮੰਨਦੇ ਹਨ। ਇਨ੍ਹਾਂ ਧਾਰਮਿਕ ਪਰੰਪਰਾਵਾਂ ਦਾ ਰੱਬ ਜਾਂ ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਹੈ। ਰੱਬ ਜਾਂ ਅਕਾਲ ਨੂੰ ਜਿਨ੍ਹਾਂ ਨੂੰ ਹੋਰ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ ਉਹ ਹਨ ਈਸ਼ਵਰ, ਵਿਸ਼ਨੂੰ, ਸ਼ਿਵ, ਸ਼ਕਤੀ, ਕ੍ਰਿਸ਼ਨ, ਹਰੀ, ਰਾਮ, ਅੱਲਾ, ਗਾਡ (God) ਆਦਿ। ਉਹ ਸਾਰੀ ਸ੍ਰਿਸ਼ਟੀ ਦਾ ਕਰਤਾ, ਸਿਰਜਣਹਾਰ, ਚਲਾਉਣ ਵਾਲਾ ਤੇ ਇਸ ਦੇ ਵਿਚ ਵਸਦੇ ਸਾਰੇ ਜੀਵ-ਜੰਤੂਆਂ ਦਾ ਮਾਲਕ ਹੈ। ਸੋ ਉਸ ਪਰਮਾਤਮਾ ਦੀ ਭਗਤੀ, ਅਰਾਧਨਾ ਤੇ ਸੇਵਾ ਮਨੁੱਖ ਜਾਤੀ ਦਾ ਸਭ ਤੋਂ ਵੱਡਾ ਫ਼ਰਜ ਹੈ, ਇਹ ਸਾਰੇ ਫ਼ਰਜ ਹੀ

ਮਿਲ ਕੇ 'ਧਰਮ' ਬਣ ਜਾਂਦੇ ਹਨ। ਪਰਮਾਤਮਾ ਦੀ ਪ੍ਰਾਪਤੀ ਜਾਂ ਉਸ ਨਾਲ ਇਕਮਿੱਕ ਹੋ ਜਾਣਾ ਹੀ ਮਨੁੱਖੀ ਜੀਵਨ ਦਾ ਅੰਤਿਮ ਨਿਸ਼ਾਨਾ ਦੱਸਿਆ ਜਾਂਦਾ ਹੈ। ਇਸ ਨੂੰ ਮੁਕਤੀ ਜਾਂ ਜਨਮ ਮਰਨ ਤੋਂ ਛੁਟਕਾਰਾ ਵੀ ਕਿਹਾ ਜਾਂਦਾ ਹੈ।

ਇਸ ਮੰਤਵ ਨੂੰ ਪ੍ਰਾਪਤ ਕਰਨ ਦੇ ਕਈ ਰਸਤੇ ਹਨ। ਪਰਮਾਤਮਾ ਦੀ ਭਗਤੀ ਇਨ੍ਹਾਂ ਵਿਚੋਂ ਇਕ ਹੈ। ਰੱਬ ਦੀ 'ਮਿਹਰ' ਜਾਂ 'ਕਿਰਪਾ' ਦੂਜਾ ਰਸਤਾ ਹੈ। ਤਿਆਗ ਦੀ ਭਾਵਨਾ ਵਿਚ ਪਰਮਾਤਮਾ ਦੇ ਦੱਸੇ ਹੁਕਮਾਂ ਤੇ ਅਮਲ ਕਰਨਾ ਇਕ ਹੋਰ ਅਜਿਹਾ ਰਸਤਾ ਹੈ। ਇਕ ਪਰਮਾਤਮਾ ਜਾਂ ਬ੍ਰਹਮ ਦਾ ਗਿਆਨ ਪ੍ਰਾਪਤ ਕਰਨਾ ਵੀ ਇਕ ਅਜਿਹਾ ਰਸਤਾ ਜਾਂ ਸਾਧਨ ਹੈ। ਇਸ ਲਈ ਵੱਖ-ਵੱਖ ਧਰਮ, ਇਕ ਪਰਮਾਤਮਾ ਵਿਚ ਯਕੀਨ ਰੱਖਦੇ ਹੋਏ ਵੀ ਉਸ ਤਕ ਪਹੁੰਚਣ ਲਈ ਭਿੰਨ ਭਿੰਨ ਰਸਤੇ ਦੱਸਦੇ ਹਨ ਤੇ ਇਹੀ ਭਿੰਨਤਾ ਵੱਖ ਵੱਖ ਧਰਮਾਂ ਦੇ ਅਨੁਯਾਈਆਂ ਵਿਚ ਭਿੰਨ ਭੇਦ ਪੈਦਾ ਕਰਦੀ ਹੈ।

ਸੰਸਾਰ ਦੇ ਧਰਮਾਂ ਵਿਚ ਇਸ ਦੁਨੀਆਂ ਦੇ ਰੰਗ ਰੂਪ, ਪੂਜਾ ਦੇ ਢੰਗਾਂ ਤੇ ਪਰਮਾਤਮਾ ਦੇ ਸਰੂਪ ਬਾਰੇ ਥੋੜ੍ਹੇ ਫ਼ਰਕ ਹਨ। ਮਿਸਾਲ ਦੇ ਤੌਰ ਤੇ ਕੁੱਝ ਧਰਮਾਂ ਵਿਚ ਕੇਵਲ ਇਸ ਸੰਸਾਰ ਨੂੰ ਭੁਲੇਖਾ ਜਾਂ ਛਲਾਵਾ ਹੀ ਸਮਝਿਆ ਗਿਆ ਹੈ ਤੇ ਕੇਵਲ ਰੱਬ ਜਾਂ ਪਰਮਾਤਮਾ ਨੂੰ ਹੀ ਅਸਲੀ ਤੇ ਅੰਤਿਮ ਸੱਚਾਈ ਕਿਹਾ ਗਿਆ ਹੈ। ਕੁੱਝ ਧਰਮ ਇਸ ਸੰਸਾਰ ਨੂੰ ਪੂਰਣ ਜਾਂ ਨੀਮ ਅਸਲੀਅਤ ਦੱਸਦੇ ਹਨ, ਕਿਉਂਕਿ ਉਹ ਪਰਮਾਤਮਾ ਦਾ ਸਾਜਿਆ ਹੋਇਆ ਹੈ। ਇਸੇ ਤਰ੍ਹਾਂ ਕਈ ਧਰਮਾਂ ਵਿਚ ਪਰਮਾਤਮਾ ਨੂੰ ਉੱਚਤਮ ਪੁਰਖ ਕਰਕੇ ਜਾਣਿਆ ਜਾਂਦਾ ਹੈ ਤੇ ਉਸ ਦੀ ਉਪਾਸ਼ਨਾ ਮਨੁੱਖੀ ਸਰੂਪ ਵਿਚ ਕੀਤੀ ਜਾਂਦੀ ਹੈ। ਰੱਬ ਦੀਆਂ ਮੂਰਤੀਆਂ ਤੇ ਬੁੱਤਾਂ ਨੂੰ ਰੱਬ ਦਾ ਨਿਸ਼ਾਨ ਜਾਂ ਸਰੂਪ ਸਮਝਿਆ ਜਾਂਦਾ ਹੈ। ਕੁੱਝ ਧਰਮਾਂ ਵਿਚ ਇਹ ਦੱਸਿਆ ਗਿਆ ਹੈ ਕਿ ਪਰਮਾਤਮਾ ਦਾ ਕੋਈ ਸਥੂਲ ਸਰੀਰ ਜਾਂ ਰੂਪ ਨਹੀਂ ਹੈ। ਇਸ ਲਈ ਉਸ ਦੀਆਂ ਮੂਰਤੀਆਂ ਦੀ ਪੂਜਾ ਦੀ ਆਗਿਆ ਨਹੀਂ ਹੈ। ਧਾਰਮਿਕ ਪੁਰਸ਼ਾਂ ਵਿਚ ਪਰਮਾਤਮਾ ਅੱਗੇ ਪ੍ਰਾਰਥਨਾ ਕਰਨ ਤੇ ਉਸ ਦੇ ਗੁਣ ਗਾਉਣ ਦਾ ਆਮ ਰਿਵਾਜ ਹੈ।

ਸਾਰੇ ਧਰਮ ਕੁੱਝ ਅਜਿਹੇ ਨੇਮ ਤੇ ਅਸੂਲ ਦੱਸਦੇ ਹਨ ਜਿਨ੍ਹਾਂ ਦਾ ਪਾਲਣ ਨਿੱਜੀ ਤੇ ਸਮਾਜਕ ਜੀਵਨ ਵਿਚ ਕਰਨਾ ਬਹੁਤ ਜ਼ਰੂਰੀ ਹੈ। ਇਹ ਅਸੂਲ ਤੇ ਸਦਾਚਾਰ ਦੇ ਨਿਯਮ ਜਾਂ ਤਾਂ ਰੱਬ ਵੱਲੋਂ ਦੱਸੇ ਗਏ ਮੰਨੇ ਜਾਂਦੇ ਹਨ ਜਾਂ ਰਿਸ਼ੀਆਂ ਮੁਨੀਆਂ ਤੇ ਗਿਆਨੀਆਂ ਦੇ ਬਣਾਏ ਹੋਏ ਹਨ। ਮਨੁੱਖ ਸੁਭਾਵਕ ਤੌਰ ਤੇ ਇਕ ਸਮਾਜਕ ਜੀਵ ਹੈ ਤੇ ਧਾਰਮਿਕ ਰੁਚੀਆਂ ਦਾ ਮਾਲਕ ਹੈ। ਇਸ ਲਈ ਹਰ ਇਕ ਧਰਮ ਦੇ ਸ਼ਖ਼ਸੀ

ਤੇ ਸਮਾਜਕ ਪੱਖ ਹਨ। ਰੱਬ ਨੂੰ ਮੰਨਣ ਵਾਲੇ ਧਰਮਾਂ ਵਿਚ ਮਨੁੱਖ ਦੇ ਆਪਣੇ ਸਾਥੀ ਮਨੁੱਖਾਂ ਨਾਲ ਸੰਬੰਧ ਉਸ ਦੇ ਆਪਣੇ ਪਰਮਾਤਮਾ ਨਾਲ ਸੰਬੰਧਾਂ ਦੇ ਅਨੁਸਾਰ ਹੋਣੇ ਚਾਹੀਦੇ ਹਨ। ਜਿਸ ਤਰ੍ਹਾਂ ਕੋਈ ਮਨੁੱਖ ਆਪਣੇ ਰੱਬ ਜਾਂ ਪਰਮਾਤਮਾ ਵੱਲ ਆਪਣੀ ਭਾਵਨਾ ਰੱਖਦਾ ਹੈ ਉਹੀ ਭਾਵਨਾ ਉਸ ਦੀ ਆਪਣੇ ਸਾਥੀ ਮਨੁੱਖਾਂ ਵੱਲ ਹੋਣੀ ਚਾਹੀਦੀ ਹੈ। ਹਰ ਮਨੁੱਖ ਦੇ ਸਾਰੇ ਕਰਮ ਜਾਂ ਅਮਲ ਅਜਿਹੇ ਹੋਣੇ ਚਾਹੀਦੇ ਹਨ ਕਿ ਉਹ ਉਸ ਦੀ ਨੇਕੀ ਦੇ ਰਸਤੇ ਤੇ ਉੱਨਤੀ ਵਿਚ ਸਹਾਈ ਹੋਣ ਅਤੇ ਸਮਾਜ ਵਿਚ ਅਮਨ, ਸ਼ਾਂਤੀ ਤੇ ਇਕਸੁਰਤਾ ਪੈਦਾ ਕਰਦੇ ਹੋਏ ਉਸ ਮਨੁੱਖ ਨੂੰ ਪਰਮਾਤਮਾ ਵੱਲ ਆਪਣੀ ਸ਼ਰਧਾ ਤੇ ਪਿਆਰ ਦੀ ਪੂਰਤੀ ਵਿਚ ਸਹਾਇਤਾ ਕਰ ਸਕਣ।

ਹੁਣ ਤਕ ਅਸਾਂ ਧਰਮ ਦੇ ਅੰਗ੍ਰੇਜ਼ੀ ਸ਼ਬਦ 'ਰਿਲੀਜਨ' ਦੇ ਅਰਥਾਂ ਅਨੁਸਾਰ ਵਿਚਾਰ ਕੀਤੀ ਹੈ ਤੇ ਪਰਮਾਤਮਾ ਦੀ ਹੋਂਦ ਨੂੰ ਮੰਨਣ ਵਾਲੇ ਸੰਸਾਰ ਦੇ ਵੱਖ ਵੱਖ ਧਰਮਾਂ ਵਿਚਕਾਰ ਕੁੱਝ ਸਾਂਝੀਆਂ ਗੱਲਾਂ ਨੂੰ ਵਿਚਾਰਿਆ ਹੈ। ਅਸੀਂ ਹੁਣ 'ਧਰਮ' ਸ਼ਬਦ ਜਿਸ ਤਰ੍ਹਾਂ ਕਿ ਇਹ ਹਿੰਦੁਸਤਾਨ ਵਿਚ ਵਰਤਿਆ ਜਾਂਦਾ ਹੈ, ਤੇ ਵਿਚਾਰ ਕਰਦੇ ਹਾਂ।

II

ਅਸੀਂ ਆਪਣੀ ਸਾਧਾਰਣ ਗੱਲਬਾਤ ਵਿਚ ਅੰਗ੍ਰੇਜ਼ੀ ਦੇ ਸ਼ਬਦ 'ਰਿਲੀਜਨ' ਤੇ ਆਪਣੀ ਬੋਲੀ ਦੇ ਸ਼ਬਦ 'ਧਰਮ' ਦਾ ਇਕ ਹੀ ਅਰਥ ਸਮਝਦੇ ਹਾਂ। ਜਿਹਾ ਕਿ ਈਸਾਈ ਧਰਮ, ਬੁੱਧ ਧਰਮ ਆਦਿ ਤੇ ਫਿਰ 'ਧਰਮ' ਦਾ ਅੰਗ੍ਰੇਜ਼ੀ ਅਰਥ ਵੀ 'ਰਿਲੀਜਨ' ਹੀ ਕਰ ਦਿੰਦੇ ਹਾਂ। ਸਾਧਾਰਣ ਲੋਕਾਂ ਦੇ ਦ੍ਰਿਸ਼ਟੀਕੋਣ ਤੋਂ ਇਨ੍ਹਾਂ ਦੋਹਾਂ ਸ਼ਬਦਾਂ ਵਿਚ ਕੋਈ ਫ਼ਰਕ ਨਹੀਂ ਹੈ, ਪਰੰਤੂ ਧਾਰਮਿਕ ਮਤਾਂ ਦੇ ਇਤਿਹਾਸਕਾਰ ਤੇ ਮੁੱਖ ਏਸ਼ੀਆਈ ਧਾਰਮਿਕ ਮਤਾਂ ਦੇ ਵਿਦਵਾਨ, ਇਨ੍ਹਾਂ ਦੋ ਸ਼ਬਦਾਂ ਦੇ ਵੱਖ ਵੱਖ ਅਰਥ ਕੱਢਦੇ ਹਨ। ਅਸੀਂ ਸੰਖੇਪ ਤੌਰ ਤੇ ਇਨ੍ਹਾਂ ਸ਼ਬਦਾਂ ਦੇ ਵੱਖ ਵੱਖ ਅਰਥ ਸਮਝਣ ਦੀ ਕੋਸ਼ਿਸ਼ ਕਰਦੇ ਹਾਂ।

ਸ਼ਬਦ 'ਧਰਮ' ਦਾ ਅਸਲੀ ਅਰਥ ਹੈ ਕਿਸੇ ਨੂੰ ਆਸਰਾ ਦੇਣਾ, ਸਹਾਰਾ ਦੇਣਾ। ਇਹ 'ਧਰਮ' ਉਹ ਹੈ ਜਿਹੜਾ ਕਿਸੇ ਚੀਜ਼ (ਅਸੂਲ) ਨੂੰ ਥੰਮਦਾ, ਬਣਾਈ ਰੱਖਦਾ ਜਾਂ ਕਾਇਮ ਰੱਖਦਾ ਹੈ। ਮਹਾਭਾਰਤ ਵਿਚ ਦੱਸਿਆ ਗਿਆ ਹੈ ਕਿ ਸੰਸਾਰ ਧਰਮ ਦੇ ਆਸਰੇ ਕਾਇਮ ਹੈ। ਵੇਦਾਂ ਵਿਚ ਧਰਮ ਦਾ ਅਰਥ ਸੰਸਾਰਕ ਵਿਧੀ ਜਾਂ ਰਹੁ-ਰੀਤੀ ਕੀਤਾ ਗਿਆ ਹੈ। ਇਸ ਦੇ ਨਾਲ ਧਰਮ ਦਾ ਅਰਥ ਇਸ ਸੰਸਾਰ ਦੀ ਸਦਾਚਾਰਕ ਮਰਯਾਦਾ ਕੀਤਾ ਗਿਆ ਹੈ। ਇਸ ਤਰ੍ਹਾਂ ਧਰਮ ਦਾ ਮਤਲਬ ਆਮ ਕਰਕੇ ਰੀਤ ਵੀ ਲਿਆ ਜਾਂਦਾ ਹੈ। ਬਾਅਦ ਵਿਚ ਲਿਖੇ ਗਏ ਸੰਸਕ੍ਰਿਤ ਸਾਹਿਤ

ਵਿਚ ਇਨ੍ਹਾਂ ਦੋਹਾਂ ਸ਼ਬਦਾਂ ਦੇ ਅਰਥਾਂ ਦਾ ਹੋਰ ਵਿਸਤਾਰ ਹੋਇਆ। ਮਹਾਂਭਾਰਤ ਵਿਚ, 'ਰਿਤ' ਸ਼ਬਦ ਦੇ ਅਰਥ ਹਨ ਸੱਚ ਤੇ 'ਅਨਰਿਤ' ਦੇ ਅਰਥ ਹਨ ਕੁਸੱਤ ਜਾਂ ਝੂਠ। ਮਹਾਂਭਾਰਤ, ਗੀਤਾ, ਧਰਮ-ਸ਼ਾਸਤਰਾਂ ਤੇ ਪੁਰਾਣਾਂ ਵਿਚ 'ਧਰਮ' ਦੇ ਅਰਥ ਹਨ ਕਾਨੂੰਨ, ਕਰਤੱਵ, ਸੱਚਾਈ, ਹੱਕ, ਚੰਗੇ ਗੁਣ, ਕਿਸੇ ਵੱਲ ਸਾਡੇ ਫ਼ਰਜ਼, ਵਿਸ਼ੇਸ਼ ਅਧਿਕਾਰ ਤੇ ਰਹੁ-ਰੀਤੀ ਇਤਿਆਦਿ। ਹਿੰਦੂ ਮਤ ਵਿਚ 'ਧਰਮ' ਦੇ ਆਮ ਅਰਥ ਹਨ ਕਿਸੇ ਖ਼ਾਸ ਸ਼੍ਰੇਣੀ, ਜਾਤ ਵਰਣ ਜਾਂ ਆਸ਼ਰਮ ਨਾਲ ਸੰਬੰਧ ਰੱਖਣ ਵਾਲੇ ਪੁਰਸ਼ ਦੇ ਖ਼ਾਸ ਅਧਿਕਾਰ ਤੇ ਫ਼ਰਜ਼। ਧਰਮ ਸ਼ਾਸਤਰਾਂ ਵਿਚ ਸਮਾਜਕ ਤੇ ਧਾਰਮਿਕ ਕਾਨੂੰਨਾਂ ਦਾ ਵਿਸਤਾਰ ਸਹਿਤ ਵਰਣਨ ਕੀਤਾ ਗਿਆ ਹੈ। ਇਨ੍ਹਾਂ ਅਨੁਸਾਰ 'ਧਰਮ' ਦਾ ਅਰਥ ਹੈ ਧਾਰਮਿਕ ਫ਼ਰਜ਼, ਹੁਕਮ ਤੇ ਸਮਾਜ ਕਾਨੂੰਨ। ਇਸ ਤਰ੍ਹਾਂ ਇਹ ਸਪੱਸ਼ਟ ਹੈ ਕਿ ਪੁਰਾਤਨ ਹਿੰਦੂ ਮਤ ਦੇ ਸੰਸਕ੍ਰਿਤ ਸਾਹਿਤ ਅਨੁਸਾਰ 'ਧਰਮ' ਸ਼ਬਦ ਦੇ ਸਾਧਾਰਣ ਅਰਥ ਅੱਜ ਕੱਲ੍ਹ ਦੇ ਅਰਥਾਂ ਨਾਲੋਂ ਵੱਖਰੇ ਹਨ। ਵਰਤਮਾਨ ਕਾਲ ਵਿਚ ਪੁਰਾਣੇ ਅਰਥਾਂ ਤੋਂ ਵੀ ਲੋਕ ਚੰਗੀ ਤਰ੍ਹਾਂ ਜਾਣੂ ਹਨ, ਪਰੰਤੂ ਹੁਣ ਇਸ ਸ਼ਬਦ ਨੇ ਨਵੇਂ ਅਰਥ ਗ੍ਰਹਿਣ ਕਰ ਲਏ ਹਨ ਜਿਸ ਅਨੁਸਾਰ ਧਰਮ ਸਬਦ ਨੂੰ 'ਰਿਲੀਜਨ' ਜਾਂ ਧਾਰਮਿਕ ਮਤ ਨਾਲ ਤੁਲਨਾ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਹਿੰਦੂ ਧਰਮ ਦਾ ਅਰਥ ਉਹ ਅਕੀਦੇ, ਵਿਸ਼ਵਾਸ, ਰਹੁ-ਰੀਤੀਆਂ, ਰਸਮਾਂ, ਆਦਰਸ਼, ਦੇਵੀ ਦੇਵਤਿਆਂ ਬਾਰੇ ਕਲਪਿਤ ਕਹਾਣੀਆਂ, ਵੱਖ ਵੱਖ ਜਾਤਾਂ ਤੇ ਸਮਾਜਕ ਸ਼੍ਰੇਣੀਆਂ ਦੇ ਫ਼ਰਜ਼ ਤੇ ਅਧਿਕਾਰ ਹਨ ਜਿਨ੍ਹਾਂ ਦਾ ਵਰਣਨ ਵੇਦਾਂ, ਮਹਾਂਭਾਰਤ, ਪੁਰਾਣਾਂ ਤੇ ਧਰਮ ਸ਼ਾਸਤਰਾਂ ਵਿਚ ਕੀਤਾ ਗਿਆ ਹੈ। ਹਿੰਦੂ ਮਤ ਦੇ ਧਰਮ ਗ੍ਰੰਥਾਂ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਸ਼ਬਦ ਧਰਮ ਦੇ ਅਰਥਾਂ ਵਿਚ ਮਜ਼ਹਬ ਜਾਂ ਧਾਰਮਿਕ ਮਤ ਦੇ ਸਾਰੇ ਅਰਥ ਸ਼ਾਮਲ ਹਨ, ਪਰੰਤੂ ਇਸ ਦੇ ਅਰਥਾਂ ਵਿਚ ਇਸ ਤੋਂ ਵਧੀਕ ਹੋਰ ਵੀ ਬਹੁਤ ਕੁੱਝ ਹੈ। ਕਿਸੇ ਪੁਰਸ਼ ਦੇ ਅਸੰਪ੍ਰਦਾਈ ਜਾਂ ਦੁਨਿਆਵੀ ਕਰਤੱਵ ਵੀ ਇਸੇ ਤਰ੍ਹਾਂ ਉਸ ਦਾ ਧਰਮ ਹਨ ਜਿਸ ਦੀਆਂ ਇਖ਼ਲਾਕੀ ਸਿਫ਼ਤਾਂ ਤੇ ਗੁਣ ਉਸ ਦਾ ਧਰਮ ਹਨ। ਪਰੰਤੂ ਵੱਖ ਵੱਖ ਲੋਕਾਂ ਦੇ ਕਰਤੱਵ ਉਨ੍ਹਾਂ ਦੇ ਪੇਸ਼ਿਆਂ ਤੇ ਥਾਵਾਂ ਅਨੁਸਾਰ ਭਿੰਨ ਭਿੰਨ ਹੁੰਦੇ ਹਨ। ਇਸ ਤਰ੍ਹਾਂ ਉਨ੍ਹਾਂ ਦੇ ਧਰਮ ਦੇ ਵੀ ਵੱਖ ਵੱਖ ਦਰਜੇ ਤੇ ਪ੍ਰਕਾਰ ਹਨ। ਇਨ੍ਹਾਂ ਸਾਰੀਆਂ ਵੈਦਿਕ ਲਿਖਤਾਂ (ਅਰਥਾਤ ਚਾਰ ਵੇਦ, ਬ੍ਰਾਹਮਣ, ਆਰਣਿਕ ਤੇ ਉਪਨਿਸ਼ਦ) ਨੂੰ ਸ਼ਰੁਤੀ ਕਹਿੰਦੇ ਹਨ। ਇਹ ਹਿੰਦੂ ਧਰਮ ਦੇ ਇਲਹਾਮੀ ਗ੍ਰੰਥ ਕਹੇ ਜਾਂਦੇ ਹਨ। ਇਹ ਸਾਰੇ ਗ੍ਰੰਥ ਧਰਮ ਦੇ ਵੀ ਸੋਮੇ ਹਨ। ਅੱਜ ਕੱਲ੍ਹ ਦਾ ਹਿੰਦੂ ਧਰਮ ਬਹੁਤ ਕਰਕੇ ਧਰਮ ਸ਼ਾਸਤਰਾਂ, ਮਹਾਂਭਾਰਤ, ਪੁਰਾਣਾਂ ਤੇ ਤੰਤ੍ਰਾਂ ਤੇ ਆਧਾਰਤ ਹੈ। ਸਵਾਮੀ ਵਿਵੇਕਾਨੰਦ, ਮਹਾਤਮਾ ਗਾਂਧੀ,

ਰਾਬਿੰਦਰ ਨਾਥ ਟੈਗੋਰ ਤੇ ਰਾਧਾ ਕ੍ਰਿਸ਼ਨਨ ਵਰਗੇ ਲਿਖਾਰੀਆਂ ਨੇ ਇਕ ਨਵੇਂ, ਸੁੱਘੜ ਤੇ ਸਰਬ ਵਿਆਪੀ ਹਿੰਦੂ ਧਰਮ ਨੂੰ ਆਪਣੀਆਂ ਲਿਖਤਾਂ ਵਿਚ ਪ੍ਰਗਟ ਕੀਤਾ ਹੈ।

III

ਇਥੇ ਹੁਣ ਅਸੀਂ ਸ਼ਬਦ 'ਹਿੰਦੂ' ਦੇ ਵਿਕਾਸ ਬਾਰੇ ਕੁੱਝ ਦੱਸਣਾ ਯੋਗ ਸਮਝਦੇ ਹਾਂ। ਸ਼ਬਦ ਹਿੰਦੂ 'ਸਿੰਧੂ' ਦਾ ਵਿਗੜਿਆ ਹੋਇਆ ਰੂਪ ਹੈ। ਸਿੰਧ ਇਕ ਦਰਿਆ ਦਾ ਨਾਂ ਹੈ, ਜਿਹੜਾ ਹੁਣ ਪਾਕਿਸਤਾਨ ਵਿਚ ਹੈ। ਇਸ ਨੂੰ ਪੁਰਾਤਨ ਈਰਾਨੀ ਲੋਕ ਹਿੰਦੂ ਜਾਂ ਹਿੰਦ ਕਹਿੰਦੇ ਸਨ। ਇਸ ਸ਼ਬਦ ਦਾ ਅਰਥ ਸੀ ਸਿੰਧ ਦਰਿਆ ਤੇ ਇਸ ਦੇ ਦੁਆਲੇ ਦਾ ਇਲਾਕਾ। ਵੇਦਾਂ ਵਿਚ ਦਰਿਆ ਸਿੰਧੂ ਦਾ ਜ਼ਿਕਰ ਆਉਂਦਾ ਹੈ। ਯੂਨਾਨੀ, ਜਿਨ੍ਹਾਂ ਨੇ ਈਰਾਨੀਆਂ ਮਗਰੋਂ ਭਾਰਤ ਤੇ ਉੱਤਰ ਪੱਛਮੀ ਭਾਗ ਤੇ ਆਕਰਮਣ ਕੀਤਾ ਸੀ, ਇਸ ਸ਼ਬਦ ਨੂੰ ਹੋਰ ਵਿਗਾੜ ਕੇ 'ਸਿੰਧੋਸ' ਤੇ 'ਇੰਦੋਸ਼' ਕਹਿਣ ਲੱਗ ਪਏ ਤੇ ਇਸ ਤਰ੍ਹਾਂ ਉਨ੍ਹਾਂ ਨੇ ਸਾਡੇ ਦੇਸ਼ ਦਾ ਨਾਂ ਵੀ ਇਸੇ ਤਰ੍ਹਾਂ ਲੈਣਾ ਸ਼ੁਰੂ ਕਰ ਦਿੱਤਾ। ਅਰਬੀਆਂ ਤੁਰਕਾਂ ਨੇ ਭਾਰਤ ਨੂੰ ਹਿੰਦੂ ਦਾ ਨਾਂ ਦੇ ਦਿੱਤਾ ਜਿਸ ਤੋਂ 'ਹਿੰਦੁਸਤਾਨ' ਸ਼ਬਦ ਬਣਿਆ। ਇਸ ਤਰ੍ਹਾਂ 'ਹਿੰਦੂ' ਸ਼ਬਦ ਤਾਂ ਇਕ ਭੂਗੋਲਿਕ ਸੰਕੇਤ ਜਾਂ ਬੋਲ ਹੈ। ਈਰਾਨੀਆਂ ਤੇ ਯੂਨਾਨੀਆਂ ਨੇ ਭਾਰਤ ਦੇ ਉੱਤਰ ਪੱਛਮੀ ਹਿੱਸੇ ਦਾ, ਜਿਹੜਾ ਸਿੰਧ ਦਰਿਆ ਨਾਲ ਲੱਗਦਾ ਹੈ, ਇਹ ਨਾਂ ਰੱਖ ਦਿੱਤਾ। ਮੱਧ ਕਾਲੀਨ ਸਮੇਂ ਵਿਚ ਮੁਸਲਮਾਨ ਲਿਖਾਰੀਆਂ ਨੇ ਇਸ ਦੇਸ਼ ਨੂੰ, ਜਿਸ ਨੂੰ ਯੂਨਾਨੀ 'ਇੰਡੀਆ' ਕਹਿੰਦੇ ਸਨ, ਹਿੰਦ ਜਾਂ ਹਿੰਦੁਸਤਾਨ ਕਹਿਣਾ ਸ਼ੁਰੂ ਕਰ ਦਿੱਤਾ। ਉਹ ਇਸ ਦੇ ਵਸਨੀਕਾਂ ਨੂੰ 'ਹਿੰਦੂ' ਨਾਂ ਨਾਲ ਜਾਣਦੇ ਸਨ। ਸੋ 'ਹਿੰਦੂ' ਕਿਸੇ ਮਨੁੱਖ ਜਾਂ ਦੇਵਤੇ, ਕਿਸੇ ਧਾਰਮਿਕ ਗ੍ਰੰਥ, ਨਸਲ ਜਾਂ ਕਿਸੇ ਧਰਮ ਦੇ ਬਾਨੀ ਦਾ ਨਾਂ ਨਹੀਂ। ਉਨ੍ਹਾਂ ਭਾਰਤੀ ਵਸਨੀਕਾਂ ਦੇ ਧਰਮ ਨੂੰ, ਜਿਹੜੇ ਵੇਦਾਂ, ਪੁਰਾਣਾਂ, ਉਪਨਿਸ਼ਦਾਂ, ਮਹਾਭਾਰਤ ਤੇ ਗੀਤਾ ਆਦਿ ਗ੍ਰੰਥਾਂ ਵਿਚ ਵਿਸ਼ਵਾਸ ਰੱਖਦੇ ਹਨ, ਬ੍ਰਾਹਮਣ ਮਤ ਕਹਿਣਾ ਯੋਗ ਹੋਵੇਗਾ। ਇਨ੍ਹਾਂ ਬ੍ਰਾਹਮਣ ਧਰਮ ਗ੍ਰੰਥਾਂ ਵਿਚ ਇਸ ਮਤ ਨੂੰ ਕਿਧਰੇ ਵੀ ਹਿੰਦੂ ਮਤ ਦਾ ਨਾਂ ਨਹੀਂ ਦਿੱਤਾ ਗਿਆ। ਪਰੰਤੂ ਮੱਧ ਕਾਲੀਨ ਭਾਰਤ ਵਿਚ ਬ੍ਰਾਹਮਣੀ ਮਤ ਵਾਲਿਆਂ ਨੂੰ ਮੁਸਲਮਾਨਾਂ ਤੋਂ ਨਿਖੇੜ ਕੇ ਦੱਸਣ ਲਈ ਹਿੰਦੂ ਕਿਹਾ ਜਾਣ ਲੱਗਾ। ਜਿਵੇਂ ਜਿਵੇਂ ਮੁਸਲਮਾਨਾਂ ਤੇ ਹਿੰਦੂਆਂ ਵਿਚਕਾਰ ਧਾਰਮਿਕ ਵਾਦ-ਵਿਵਾਦ ਤੇ ਖਿੱਚੋ-ਤਾਣ ਵਧੀ ਤਾਂ ਇਸ ਸ਼ਬਦ ਦੇ ਭੂਗੋਲਿਕ ਅਰਥ ਭੁੱਲ ਗਏ ਤੇ ਲੋਕਾਂ ਨੇ ਹਿੰਦੂ ਸ਼ਬਦ ਦੇ ਸੰਪਰਦਾਇਕ ਜਾਂ ਫਿਰਕੂ ਅਰਥਾਂ ਨੂੰ ਹੀ ਗ੍ਰਹਿਣ ਕਰ ਲਿਆ ਹੈ। ਇਹ ਮੱਧ ਕਾਲ ਸ਼ਤਾਬਦੀਆਂ ਦੀ ਗੱਲ ਹੈ। ਵਰਤਮਾਨ ਕਾਲ

ਵਿਚ ਖ਼ਾਸ ਤੌਰ ਤੇ ਉਨ੍ਹੀਵੀਂ ਸ਼ਤਾਬਦੀ ਦੇ ਦੂਸਰੇ ਅੱਧ ਵਿਚ ਬਹੁਤ ਸਾਰੇ ਯੂਰਪੀ ਤੇ ਭਾਰਤੀ ਵਿਦਵਾਨਾ ਨੇ 'ਹਿੰਦੂ' ਸ਼ਬਦ ਨੂੰ ਫ਼ਿਰਕੂ ਪੱਖ ਤੋਂ ਵਧੇਰੇ ਪ੍ਰਚਲਿਤ ਕਰ ਦਿੱਤਾ ਹੈ। ਅਜਿਹਾ ਕਰਦਿਆਂ ਉਨ੍ਹਾਂ ਨੇ ਸਾਡੇ ਮੱਧ ਕਾਲ ਦੇ ਵਡੇਰਿਆਂ ਦੀ ਗ਼ਲਤੀ ਨੂੰ ਹੀ ਦੁਹਰਾਇਆ। ਭੂਗੋਲਿਕ ਅਰਥਾਂ ਵਾਲੇ ਨਾਂ, ਜਿਹਾ ਕਿ ਹਿੰਦੂ ਤੇ ਹਿੰਦੁਸਤਾਨ, ਤੇ ਯੂਨਾਨੀਆਂ ਦੇ ਵਿਗਾੜੇ ਹੋਏ ਸ਼ਬਦ ਜਿਹਾ ਕਿ 'ਹਿੰਡਸ' ਤੇ 'ਇੰਡੀਆ' ਕਈ ਸ਼ਤਾਬਦੀਆਂ ਤੋਂ ਆਮ ਵਰਤੋਂ ਵਿਚ ਆਉਣ ਲੱਗ ਪਏ ਸਨ ਤੇ ਉਨ੍ਹਾਂ ਨੂੰ ਸਮਝਣ ਵਿਚ ਕੋਈ ਮੁਸ਼ਕਿਲ ਪੇਸ਼ ਨਹੀਂ ਸੀ ਆਉਂਦੀ। ਪਰੰਤੂ 'ਹਿੰਦੂ' 'ਸਿੰਧੂ' ਸ਼ਬਦ ਨੂੰ ਬ੍ਰਾਹਮਣੀ ਮਤ ਦੇ ਅਨੁਯਾਈਆਂ ਲਈ ਵਰਤਣਾ ਕੁੱਝ ਮੁਸ਼ਕਿਲਾਂ ਤੇ ਭੁਲੇਖਿਆਂ ਦਾ ਕਾਰਣ ਬਣ ਗਿਆ ਹੈ ਭਾਵੇਂ ਇਸ ਦੀ ਅਜਿਹੀ ਵਰਤੋਂ ਵੀ ਬੜੀ ਪੁਰਾਣੀ ਹੈ।

ਪਰ 'ਹਿੰਦੂ' ਸ਼ਬਦ ਨੂੰ ਬ੍ਰਾਹਮਣ ਮਤ ਲੋਕਾਂ ਲਈ ਵਰਤਣਾ ਇਤਿਹਾਸਕ ਦ੍ਰਿਸ਼ਟੀ ਤੋਂ ਠੀਕ ਨਹੀਂ। ਉਸ ਅਰਥ ਅਨੁਸਾਰ ਹਿੰਦੂ ਉਹ ਹੈ ਜਿਹੜਾ 'ਹਿੰਦੂ' ਜਾਂ ਇੰਡੀਆ (ਭਾਰਤ) ਵਿਚ ਰਹਿੰਦਾ ਹੈ। ਪਰੰਤੂ 'ਹਿੰਦੂ' ਵਿਚ ਬ੍ਰਾਹਮਣ ਮਤ ਦੇ ਅਨੁਯਾਈਆਂ ਦੇ ਜੈਨ, ਬੋਧ, ਜ਼ੋਰਾਸਟਰੀਅਨ, ਈਸਾਈ, ਯਹੂਦੀ, ਮੁਸਲਮਾਨ ਤੇ ਸਿੱਖ ਵੀ ਵਸਦੇ ਹਨ। ਬ੍ਰਾਹਮਣ ਮਤ ਵਿਚ ਬ੍ਰਹਮਾ ਨੂੰ ਸਭ ਤੋਂ ਪ੍ਰਾਚੀਨ ਦੇਵਤਿਆਂ ਵਿਚੋਂ ਸਮਝਿਆ ਜਾਂਦਾ ਹੈ। ਇਹ ਦੇਵਤਾ ਸ੍ਰਿਸ਼ਟੀ ਨੂੰ ਸਿਰਜਨ ਵਾਲਾ, ਜਗਤ ਪਿਤਾ ਹੈ। ਉਪਨਿਸ਼ਦਾਂ ਵਿਚ ਬ੍ਰਹਮਾ ਉਸ ਅੰਤਿਮ ਅਸਲੀਅਤ (ਹਕੀਕਤ) ਦਾ ਨਾਂ ਹੈ ਜਿਹੜੀ 'ਆਤਮਾ' ਜਾਂ ਉੱਚਤਮ ਆਪਾ ਕਰਕੇ ਜਾਣੀ ਜਾਂਦੀ ਹੈ। ਇਹ ਵੀ ਕਹਿਣਾ ਯੋਗ ਹੋਵੇਗਾ ਕਿ ਬ੍ਰਹਮਾ ਦਾ ਮੇਲ ਬ੍ਰਾਹਮਣੀ ਧਰਮ ਦਾ ਅੰਤਿਮ ਨਿਸ਼ਾਨਾ ਹੈ। ਬ੍ਰਹਮਚਰੀਆ ਦਾ ਅਰਥ ਹੈ ਧਾਰਮਿਕ ਤੇ ਪਵਿੱਤਰ ਜੀਵਨ। ਕਾਮ ਵਾਸ਼ਨਾ ਦਾ ਤਿਆਗ ਉਸ ਪਵਿੱਤਰ ਜੀਵਨ ਦਾ ਕੇਵਲ ਇਕ ਅੰਗ ਹੈ। ਬ੍ਰਾਹਮਣ ਮਤ ਦੇ ਰਿਸ਼ੀਆਂ ਮੁਨੀਆਂ ਨੂੰ ਬ੍ਰਹਮਚਾਰੀ ਕਿਹਾ ਜਾਂਦਾ ਹੈ। ਬ੍ਰਾਹਮਣ ਮਤ ਦੇ ਧਾਰਮਿਕ ਆਗੂ ਵਿਸ਼ੇਸ਼ ਕਰਕੇ ਬ੍ਰਾਹਮਣ ਹੀ ਹੋਏ ਹਨ। ਉਨ੍ਹਾਂ ਨੇ ਬ੍ਰਾਹਮਣ ਮਤ ਦੇ ਧਰਮ ਗ੍ਰੰਥ ਰਚੇ। ਉਹ ਸਮਾਜ ਜਿਸ ਵਿਚ ਬ੍ਰਾਹਮਣ ਮਤ ਦਾ ਵਧੇਰੇ ਪਸਾਰ ਰਿਹਾ ਹੈ, ਉਸ ਦੀ ਅਗਵਾਈ ਬ੍ਰਾਹਮਣਾਂ ਨੇ ਕੀਤੀ ਹੈ, ਇਸ ਲਈ ਇਸ ਧਰਮ ਨੂੰ ਬ੍ਰਾਹਮਣੀ ਮਤ ਕਹਿੰਦੇ ਹਨ।

IV

ਅੰਗ੍ਰੇਜ਼ੀ ਭਾਸ਼ਾ ਵਿਚ ਜਿਸ ਨੂੰ 'ਬੁੱਧ ਮਤ' ਕਿਹਾ ਜਾਂਦਾ ਹੈ ਉਸ ਨੂੰ ਮਹਾਤਮਾ ਬੁੱਧ ਦੇ ਬੋਧੀ 'ਧਰਮ' ਕਹਿੰਦੇ ਹਨ। ਮਹਾਤਮਾ ਬੁੱਧ ਦੀ ਸਿੱਖਿਆ, ਰਹੁਰੀਤੀਆਂ ਦੇ ਸਿਧਾਂਤਾਂ ਨੂੰ 'ਧਰਮ' ਦਾ ਨਾਂ ਦਿੱਤਾ ਜਾਂਦਾ ਹੈ। ਇਹ ਧਰਮ ਪਰਮਾਤਮਾ ਦੀ

ਹੋਂਦ ਨੂੰ ਨਹੀਂ ਮੰਨਦਾ। ਜੈਨ ਮਤ ਇਕ ਹੋਰ ਅਜਿਹਾ ਮਤ ਹੈ ਜਿਹੜਾ ਪਰਮਾਤਮਾ ਦੀ ਹਸਤੀ ਤੋਂ ਮੁਨਕਰ ਹੈ। ਬੋਧੀ ਤੇ ਜੈਨੀ ਦੋਵੇਂ ਹੀ ਮਤ ਵੇਦਾਂ ਤੇ ਬ੍ਰਾਹਮਣ ਮਤ ਨਾਲ ਕੋਈ ਵਾਸਤਾ ਨਹੀਂ ਰੱਖਦੇ। ਇਨ੍ਹਾਂ ਦੋਹਾਂ ਮਤਾਂ ਨੇ ਵੇਦਾਂ ਦਾ ਖੰਡਨ ਕਰਦਿਆਂ, ਜਾਤ ਪਾਤ ਤੇ ਛੂਤ-ਛਾਤ ਨੂੰ ਵੀ ਰੱਦ ਕੀਤਾ ਹੈ। ਇਨ੍ਹਾਂ ਮਤਾਂ ਨੇ ਬ੍ਰਾਹਮਣਾਂ ਨੂੰ ਉੱਚਾ ਦਰਜਾ ਦੇਣ ਤੋਂ ਇਨਕਾਰ ਕੀਤਾ ਹੈ ਤੇ ਦੇਵੀ ਦੇਵਤਿਆਂ ਦੀ ਪੂਜਾ ਨੂੰ ਵਿਅਰਥ ਕਿਹਾ ਹੈ। ਬੁੱਧ ਮਤ ਦੇ ਬਾਨੀ ਗੌਤਮ ਬੁੱਧ ਨੂੰ ਸਾਕੀਆ ਮੁਨੀ ਤੇ ਮਹਾ-ਸਰਮਨਾ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਮੁਨੀ ਦਾ ਅਰਥ ਹੈ ਉਹ ਸੂਝਵਾਨ ਜਿਹੜਾ ਭਗਤੀ ਕਰਦਾ ਹੈ, 'ਸਰਮਨਾ' ਦਾ ਵੀ ਇਹੋ ਮਤਲਬ ਹੈ।

ਜੈਨ ਮਤ ਬੁੱਧ ਮਤ ਤੋਂ ਵੀ ਪੁਰਾਣਾ ਹੈ। ਪਰਸਵਾ ਨਾਥ (ਈਸਵੀ ਸੰਨ ਤੋਂ 750 ਵਰ੍ਹੇ ਪਹਿਲਾਂ) ਇਕ ਇਤਿਹਾਸਕ ਵਿਅਕਤੀ ਤੇ ਸੂਝਵਾਨ ਜੈਨ ਮਤ ਦਾ ਤੇਈਵਾਂ ਤੀਰਥਾਂਕਰ ਸੀ। ਵਰਤਮਾਨ ਕਾਲ ਦੀ ਖੋਜ ਇਸ ਸਿੱਟੇ ਤੇ ਪੁੱਜੀ ਹੈ ਕਿ ਪੂਰਵ ਇਤਿਹਾਸਕ ਭਾਰਤ ਵਿਚ ਸਭਿਆਚਾਰ ਦੀਆਂ ਦੋ ਮੁੱਖ ਧਾਰਾਵਾਂ ਸਨ। ਇਕ ਵੈਦਿਕ ਜਾਂ ਬ੍ਰਾਹਮਣੀ ਸਭਿਆਚਾਰ ਧਾਰਾ ਸੀ ਤੇ ਦੂਸਰੀ ਵੇਦਾਂ ਦੇ ਸਮੇਂ ਤੋਂ ਪਹਿਲਾਂ ਦੀ ਗ਼ੈਰ-ਬ੍ਰਾਹਮਣੀ ਸਭਿਆਚਾਰ ਧਾਰਾ ਸੀ। ਵੈਦਿਕ ਸਭਿਆਚਾਰ ਧਾਰਾ ਦੇ ਆਗੂ ਬ੍ਰਾਹਮਣ ਸਨ ਤੇ ਦੂਸਰੀ ਦੇ ਆਗੂ ਸਨ ਸਰਮਨਾ, ਮੁਨੀ ਤੇ ਯਾਤੀ। ਬ੍ਰਾਹਮਣ ਸੂਝਵਾਨ ਤਾਂ ਗ੍ਰਿਹਸਥੀ ਹੁੰਦੇ ਸਨ ਪਰੰਤੂ ਮੁਨੀ ਤੇ ਸਰਮਨਾ ਰਮਤੇ ਮਹਾਤਮਾ ਹੁੰਦੇ ਸਨ ਜਿਹੜੇ ਗ੍ਰਿਹਸਥ ਗ੍ਰਹਿਣ ਨਹੀਂ ਕਰਦੇ ਸਨ ਤੇ ਬ੍ਰਾਹਮਣਚਰਜ ਧਾਰਣ ਕਰਦੇ ਸਨ। ਪੁਰਾਤਨ ਭਾਰਤੀ ਇਤਿਹਾਸ ਦੇ ਖੋਜੀਆਂ ਦੀ ਇਹ ਰਾਏ ਹੈ ਕਿ ਸਰਮਨਾ, ਮੁਨੀਆਂ ਤੇ ਯਾਤੀਆਂ ਦੇ ਅਸੂਲ ਤੇ ਕਿਰਿਆ-ਕਰਮ, ਆਰੀਆ ਜਾਤੀ ਨਾਲ ਅਸੰਬੰਧਿਤ ਹਨ ਤੇ ਪੂਰਵ ਵੈਦਿਕ ਸਮੇ ਪੈਦਾ ਹੋਏ ਤੇ ਸ਼ਾਇਦ ਉਨ੍ਹਾਂ ਦਾ ਸੰਬੰਧ ਮੁਹਿੰਜੋਦੜੋ ਤੇ ਹੜੱਪਾ ਦੀ ਸਭਿਅਤਾ ਨਾਲ ਸੀ।

ਬੁੱਧ ਮਤ (ਵਿਚਾਰਧਾਰਾ) ਦੇ ਬੁਨਿਆਦੀ ਅਸੂਲ ਅਨੁਸਾਰ ਸੰਸਾਰ ਦੇ ਸਾਰੇ ਜੀਵਾਂ ਦੀਆਂ ਇਹ ਤਿੰਨ ਵਿਸ਼ੇਸ਼ਤਾਵਾਂ ਜਾਂ ਖ਼ਾਸ ਲੱਛਣ ਹਨ : (1) ਦੁੱਖ; (2) ਨਾਸ਼ਮਾਨਤਾ; ਅਤੇ (3) ਅਨਾਤਮ ਨਿਰਵਾਣ ਦੀ ਅਸਲੀ ਤੇ ਅੰਤਿਮ ਸੱਚਾਈ। ਇਸ ਦਾ ਵਰਣਨ ਕਰਨਾ ਬਹੁਤ ਕਠਿਨ ਹੈ ਪਰੰਤੂ ਆਮ ਤੌਰ ਤੇ ਨਿਰਵਾਣ ਨੂੰ ਸਦੀਵੀ ਸ਼ਾਂਤੀ ਤੇ ਅਨੰਦ ਦੀ ਦਸ਼ਾ ਕਿਹਾ ਜਾਂਦਾ ਹੈ। ਨਿਰਵਾਣ ਦੀ ਪ੍ਰਾਪਤੀ ਮਹਾਤਮਾ ਬੁੱਧ ਦੇ ਉਪਦੇਸ਼ਾਂ ਰਾਹੀਂ ਹੋ ਸਕਦੀ ਹੈ। ਉਹ ਉਪਦੇਸ਼ ਹਨ : ਸਦਾਚਾਰ, ਭਗਤੀ ਤੇ ਸਿਆਣਪ। ਇਸ ਮਾਰਗ ਨੂੰ ਧਰਮ ਕਹਿੰਦੇ ਹਨ। ਇਸ ਲਈ ਕਿ ਇਹ ਸੰਸਾਰ ਵਿਚ ਹੋਂਦ ਨੂੰ ਨਹੀਂ ਮੰਨਦਾ। ਇਹ ਜਨਮ ਮਰਨ ਨੂੰ ਨਹੀਂ ਮੰਨਦਾ। ਕਰਮ

ਦਾ ਸਦਾਚਾਰਕ ਕਾਨੂੰਨ ਸਾਰੀ ਸ੍ਰਿਸ਼ਟੀ ਤੇ ਲਾਗੂ ਹੁੰਦਾ ਹੈ। ਕਿਸੇ ਜੀਵ ਦੀ ਚੇਤੰਨਤਾ ਉੱਤੇ ਉਸ ਦੇ ਕਰਮਾਂ ਦਾ ਅਸਰ ਹੁੰਦਾ ਹੈ ਤੇ ਇਸ ਕਾਰਣ ਉਸ ਦਾ ਜਨਮ ਮਰਨ ਜਾਂ ਆਵਾਗਵਣ ਹੁੰਦਾ ਹੈ। ਸਵਰਗ ਵਿਚ ਚੰਗਾ ਜਨਮ ਭਲੇ ਕਰਮ ਨਾਲ ਹੋ ਸਕਦਾ ਹੈ। ਪਰੰਤੂ ਸਵਰਗ ਵੀ ਨਿਰਵਾਣ ਤੋਂ ਘੱਟ ਦਰਜਾ ਰੱਖਦਾ ਹੈ ਤੇ ਸਵਰਗ ਦੇ ਦੇਵੀ ਦੇਵਤੇ ਜਨਮ ਮਰਨ ਤੋਂ ਰਹਿਤ ਨਹੀਂ। ਇਸ ਸੰਸਾਰ ਦਾ ਸਾਜਨਹਾਰ ਕੋਈ ਪਰਮਾਤਮਾ ਨਹੀਂ ਹੈ। ਇਸ ਸੰਸਾਰ ਦੇ ਜੀਵ ਆਪਣੇ ਚੰਗੇ ਤੇ ਮਾੜੇ ਕਰਮਾਂ ਲਈ ਆਪ ਹੀ ਜ਼ਿੰਮੇਵਾਰ ਹਨ। ਜੀਵ ਜੰਤੂ ਪੈਦਾ ਹੁੰਦੇ ਹਨ, ਮਰਦੇ ਹਨ ਤੇ ਫਿਰ ਆਪਣੀ ਅਗਿਆਨਤਾ ਤੇ ਤ੍ਰਿਸ਼ਨਾ ਕਾਰਣ ਜਨਮ ਲੈਂਦੇ ਹਨ। ਹਰ ਮਨੁੱਖ ਨੂੰ ਜਨਮ ਮਰਨ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਬੜੀ ਮਿਹਨਤ ਨਾਲ ਉਪਾ ਕਰਨਾ ਚਾਹੀਦਾ ਹੈ, ਬੁੱਧ ਧਰਮ ਵਿਚ ਜਿਨ੍ਹਾਂ ਸਦਾਚਾਰਕ ਤੇ ਅਧਿਆਤਮਕ ਗੱਲਾਂ ਦੀ ਮਹਾਨਤਾ ਹੈ ਉਹ ਹਨ : ਮਨ, ਬਚਨ, ਕਰਮ ਕਰ ਕੇ ਆਪਣੇ ਆਪ ਤੇ ਕਾਬੂ ਰੱਖਣਾ, ਅਹਿੰਸਾ, ਸੱਚਾਈ, ਦਇਆ, ਦਾਨ, ਪੁੰਨ, ਪਵਿੱਤਰਤਾ, ਮਿੱਤਰ ਭਾਵਨਾ, ਸਿਆਣਪ, ਆਪਣੇ ਹਿਰਦੇ ਦੀ ਸ਼ੁੱਧੀ ਲਈ ਸਿਮਰਨ ਤੇ ਸਮਾਧੀ। ਪਰੰਤੂ ਇਹ ਸੋਚਣਾ ਇਕ ਬੜੀ ਵੱਡੀ ਭੁੱਲ ਹੋਵੇਗੀ ਕਿ ਬੁੱਧ ਮਤ ਕੇਵਲ ਸਦਾਚਾਰਕ ਸਿਧਾਂਤ ਹੈ।

ਬੁੱਧ ਮਤ ਇਕ ਜੀਵਨ ਜਾਚ ਹੈ ਤੇ ਇਸ ਦੇ ਸੰਘ ਵਿਚ, ਜਿਸ ਨੂੰ ਬੋਧ ਭਾਈਚਾਰਾ ਜਾਂ ਬਿਰਾਦਰੀ ਕਹਿੰਦੇ ਹਾਂ, ਜਾਤ-ਪਾਤ, ਦੇਸ਼, ਕੌਮ ਦੇ ਵਿਤਕਰੇ ਤੋਂ ਰਹਿਤ ਹੋ ਕੇ ਸਾਰੇ ਬੋਧ ਨਰ, ਨਾਰੀ, ਭਿਕਸ਼ੂ ਤੇ ਭਿਕਸ਼ਣੀਆਂ ਸ਼ਾਮਲ ਸਨ। ਬੁੱਧ ਮਤ ਅਨੁਸਾਰ ਧਰਮ ਸ਼ਬਦ ਦੇ ਕਈ ਅਰਥ ਹਨ ਜਿਹਾ ਕਿ (1) ਨਿਰਵਾਣ ਜਾਂ ਅੰਤਿਮ ਸੱਚਾਈ ਅਥਵਾ ਪਰਮਾਰਥ; (2) ਇਸ ਸੰਸਾਰ ਦਾ ਸਦਾਚਾਰਕ ਕਾਨੂੰਨ; (3) ਮਹਾਤਮਾ ਬੁੱਧ ਦੇ ਉਪਦੇਸ਼; (4) ਕਰਤੱਵ, ਸ਼ੁਭ ਗੁਣ ਜਾਂ ਧਾਰਮਿਕ ਰਹੁ-ਰੀਤੀ; (5) ਕਿਸੇ ਵਸਤੂ ਦੇ ਗੁਣ; (6) ਸੂਖਮ ਜਾਂ ਸਥੂਲ ਚੀਜ਼, ਤੱਤ ਜਾਂ ਉਸ ਦੀ ਜਾਤ ਤਥਾ ਹੋਂਦ। ਬੁੱਧ ਸਾਹਿਤ ਵਿਚ 'ਧਰਮ' ਸ਼ਬਦ ਦੇ ਕਈ ਹੋਰ ਅਰਥ ਵੀ ਹਨ, ਪਰੰਤੂ ਅਸੀਂ ਉਨ੍ਹਾਂ ਦਾ ਇਥੇ ਵਰਣਨ ਨਹੀਂ ਕਰਾਂਗੇ।

V

ਸਾਨੂੰ ਆਪਣੇ ਧਰਮ ਦੇ ਇਲਾਵਾ ਹੋਰ ਮਤਾਂ ਦਾ ਅਧਿਐਨ ਕਿਉਂ ਕਰਨਾ ਚਾਹੀਦਾ ਹੈ? ਧਰਮ ਬਾਰੇ ਕੁੱਝ ਪੜ੍ਹਨ ਦੀ ਲੋੜ ਵੀ ਕੀ ਹੈ? ਇਹ ਬੜੇ ਸੰਬੰਧਿਤ ਤੇ ਕੁਦਰਤੀ ਪ੍ਰਸ਼ਨ ਹਨ। ਅਸੀਂ ਇਨ੍ਹਾਂ ਸਵਾਲਾਂ ਦਾ ਸੰਖੇਪ ਰੂਪ ਵਿਚ ਜਵਾਬ ਦੇਣ ਦੀ ਕੋਸ਼ਿਸ਼ ਕਰਾਂਗੇ।

ਮਨੁੱਖ ਹਮੇਸ਼ਾਂ ਇਕ ਧਾਰਮਿਕ ਜੀਵ ਰਿਹਾ ਹੈ। ਮਨੁੱਖ ਦਾ ਇਤਿਹਾਸ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਧਰਮੱਗਤਾ ਮਨੁੱਖੀ ਸਭਿਆਚਾਰ ਦੇ ਆਰੰਭ ਤੋਂ ਹੀ ਮਨੁੱਖ ਦਾ ਇਕ ਵਿਸ਼ੇਸ਼ ਗੁਣ ਰਿਹਾ ਹੈ। ਮਨੁੱਖ ਦੇ ਇਤਿਹਾਸ ਦਾ ਸੰਬੰਧ ਧਰਮ ਦੇ ਇਤਿਹਾਸ ਨਾਲ ਬੜਾ ਗੂੜ੍ਹਾ ਤੇ ਨਿਰੰਤਰ ਚਲਿਆ ਆਉਂਦਾ ਹੈ। ਇਹ ਅਸੀਂ ਸਾਰੇ ਜਾਣਦੇ ਹਾਂ ਕਿ ਆਦਿ ਕਾਲ ਤੋਂ ਬਹੁਤ ਸਾਰੇ ਧਰਮ ਪ੍ਰਚਲਿਤ ਰਹੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਧਾਰਮਿਕ ਹੋਣਾ ਵੀ ਮਾਨਵਤਾ ਹੈ ਤੇ ਮਾਨਵਤਾ ਹੀ ਧਰਮ ਦਾ ਦੂਜਾ ਨਾਂ ਹੈ। ਧਰਮੀ ਮਨੁੱਖ ਦਾ ਧਰਮ ਨਾਲ ਬੜਾ ਡੂੰਘਾ ਸੰਬੰਧ ਹੈ। ਜੇ ਧਰਮ ਦਾ ਮਤਲਬ ਨਿਸ਼ਚਾ ਜਾਂ ਅਕੀਦਾ ਹੈ ਤਾਂ ਸਾਨੂੰ ਇਹ ਮੰਨਣਾ ਹੀ ਪਏਗਾ ਕਿ ਮਨੁੱਖੀ ਜੀਵਨ ਦੀ ਮੁੱਖ ਲੋੜ ਹੀ ਆਸ ਤੇ ਅਕੀਦਾ ਹੈ। ਧਰਮੱਗਤਾ ਦਾ ਮੁੱਖ ਆਧਾਰ ਹੀ ਨਿਸ਼ਚਾ ਹੈ ਤੇ ਨਿਸ਼ਚਾ ਉਹ ਮਨੁੱਖੀ ਗੁਣ ਹੈ ਜਿਹੜਾ ਮਨੁੱਖੀ ਜੀਵਨ ਨੂੰ ਠੀਕ ਦਿਸ਼ਾ ਦਿੰਦਾ ਹੈ। ਨਿਸ਼ਚਾ ਮਨੁੱਖ ਦੇ ਆਚਾਰ ਤੇ ਵਿਚਾਰ ਦਾ ਧੁਰਾ ਬਣਦਾ ਹੈ। ਨਿਸ਼ਚਾ ਹੀ ਮਨੁੱਖ ਦੀਆਂ ਆਸਾਂ, ਉਮੀਦਾਂ, ਵਿਚਾਰਾਂ, ਅਸੂਲਾਂ ਤੇ ਕਰਮਾਂ ਨੂੰ ਪ੍ਰੇਰਦਾ ਹੈ। ਧਰਮ ਦੇ ਇਸ ਨਿਸ਼ਚੇ ਨੂੰ ਮਨੁੱਖੀ ਜੀਵਨ ਦਾ ਇਕ ਸਾਧਾਰਣ ਅੰਗ ਨਹੀਂ ਕਿਹਾ ਜਾ ਸਕਦਾ। ਜੀਵਨ ਦੇ ਸਮਾਜਕ, ਆਰਥਿਕ, ਸਿਆਸੀ ਤੇ ਕਲਾਤਮਿਕ ਪੱਖ ਸਾਰੇ ਧਾਰਮਿਕ ਨਿਸ਼ਚੇ ਤੋਂ ਪ੍ਰਭਾਵਤ ਹੁੰਦੇ ਹਨ।

ਸਾਡੀ ਦਸਤਕਾਰੀ, ਵਪਾਰ, ਸਮਾਜਕ ਤੇ ਮੌਸਮੀ ਮੇਲਿਆਂ ਦੇ ਕੇਂਦਰ ਸਾਡੇ ਧਰਮ ਸਥਾਨ ਹੀ ਚਲੇ ਆਏ ਹਨ। ਇਨ੍ਹਾਂ ਧਰਮ ਸਥਾਨਾਂ ਦੀ ਰੱਖਿਆ ਕਾਰਣ ਲੜਾਈਆਂ ਹੋਈਆਂ ਤੇ ਧਰਮੀ ਲੋਕਾਂ ਨੇ ਇਨ੍ਹਾਂ ਲਈ ਬੜੀ ਬਹਾਦਰੀ ਦੇ ਕਾਰਨਾਮੇ ਕੀਤੇ। ਸਾਡੇ ਧਾਰਮਿਕ ਅਕੀਦੇ ਹੀ ਸਾਡੇ ਪੇਸ਼ਿਆਂ ਤੇ ਦੁਨਿਆਵੀ ਕੰਮ-ਕਾਜ ਦਾ ਆਧਾਰ ਬਣਦੇ ਆਏ ਹਨ। ਮਿਸਾਲ ਦੇ ਤੌਰ ਤੇ ਜੈਨ ਮਤ ਦੇ ਲੋਕਾਂ ਨੇ ਖੇਤੀ ਬਾੜੀ ਨਾਲੋਂ ਹਮੇਸ਼ਾਂ ਵਣਜ-ਵਪਾਰ ਨੂੰ ਚੰਗਾ ਜਾਣਿਆ ਹੈ, ਕਿਉਂਕਿ ਉਹ ਖੇਤੀ ਦਾ ਕੰਮ ਕਰਦਿਆਂ ਜਾਨਵਰਾਂ ਨੂੰ ਮਾਰਨ ਕੱਟਣ ਤੇ ਮਜਬੂਰ ਹੋ ਜਾਂਦੇ ਹਨ। ਪੁਰਾਤਨ ਭਾਰਤ ਵਿਚ ਹਿੰਦੂ ਮਤ ਨੇ ਚਾਰ ਵਰਣਾਂ (ਜ਼ਾਤਾਂ) ਦੇ ਲੋਕਾਂ ਦੇ ਸਾਰੇ ਕੰਮਾਂ ਤੇ ਪੇਸ਼ਿਆਂ ਨੂੰ ਨਿਯਮਬੱਧ ਕਰਨ ਦੀ ਕੋਸ਼ਿਸ਼ ਕੀਤੀ। ਪੁਰਾਤਨ ਤੇ ਮੱਧ ਕਾਲੀਨ ਯੁੱਗ ਵਿਚ ਬ੍ਰਾਹਮਣ ਮਤ (ਹਿੰਦੂ) ਵਿਚ ਧਰਮ ਤੇ ਸਮਾਜਕ ਜੀਵਨ ਦਾ ਡੂੰਘਾ ਸੰਬੰਧ ਦੱਸਿਆ ਗਿਆ ਹੈ।

ਧਾਰਮਿਕ ਜਜ਼ਬਿਆਂ ਨੇ ਹਮੇਸ਼ਾਂ ਮਨੁੱਖ ਨੂੰ ਸਾਹਿਤਕ ਤੇ ਕਲਾਤਮਿਕ ਪ੍ਰੇਰਣਾ ਦਿੱਤੀ ਹੈ। ਬਹੁਤ ਸਾਰਾ ਪੁਰਾਤਨ ਤੇ ਮੱਧ ਕਾਲੀਨ ਸਾਹਿਤ ਧਾਰਮਿਕ ਸਾਹਿਤ ਹੀ ਹੈ, ਤੇ ਇਸੇ ਤਰ੍ਹਾਂ ਬਹੁਤ ਸਾਰੀ ਪੁਰਾਤਨ ਭਾਰਤੀ ਚਿੱਤਰਕਾਰੀ, ਮੂਰਤੀ ਕਲਾ ਤੇ

ਇਮਾਰਤ ਉਸਾਰੀ ਦੇ ਪਿੱਛੇ ਧਾਰਮਿਕ ਪ੍ਰੇਰਣਾ ਹੀ ਹੈ।

ਸਿਆਸਤ ਦਾ ਵੀ ਧਰਮ ਨਾਲ ਬੜਾ ਡੂੰਘਾ ਸੰਬੰਧ ਰਿਹਾ ਹੈ। ਰਾਜਿਆਂ, ਮਹਾਰਾਜਿਆਂ ਤੇ ਉਨ੍ਹਾਂ ਦੇ ਵਜ਼ੀਰਾਂ ਨੇ ਵੀ ਅਕਸਰ ਆਪੋ ਆਪਣੇ ਧਰਮ ਦਾ ਪ੍ਰਚਾਰ ਕੀਤਾ ਹੈ। ਧਰਮ ਦੇ ਪ੍ਰਚਾਰ ਜਾਂ ਰੱਖਿਆ ਦੀ ਖ਼ਾਤਰ ਵੀ ਬੜੀਆਂ ਖ਼ੂਨੀ ਲੜਾਈਆਂ ਹੁੰਦੀਆਂ ਆਈਆਂ ਹਨ। ਧਾਰਮਿਕ ਆਗੂਆਂ ਤੇ ਧਾਰਮਿਕ ਫ਼ਿਰਕਿਆਂ ਨੇ ਹਾਕਮਾਂ ਤੇ ਉਨ੍ਹਾਂ ਦੀਆਂ ਸਰਕਾਰਾਂ ਤੇ ਬੜਾ ਡੂੰਘਾ ਅਸਰ ਪਾਇਆ ਹੈ। ਅੱਜ ਦੇ ਸੰਸਾਰ ਵਿਚ ਸਾਡੀ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਜ਼ਿੰਦਗੀ, ਧਾਰਮਿਕ ਤੇ ਸਿਆਸੀ ਸੂਝਵਾਨਾਂ ਦੇ ਅਸਰ ਥੱਲੇ ਚੱਲਦੀ ਹੈ। ਧਾਰਮਿਕ ਖ਼ਿਆਲਾਂ ਨੇ ਰਾਸ਼ਟਰੀ ਭਾਵਨਾ ਪੈਦਾ ਕੀਤੀ ਹੈ ਤੇ ਸ਼ਹੀਦੀ ਪ੍ਰਾਪਤ ਕਰਨ ਲਈ ਮਨੁੱਖਾਂ ਨੂੰ ਪ੍ਰੇਰਿਆ ਹੈ। ਇਤਿਹਾਸ ਵਿਚ ਅਨੇਕਾਂ ਅਜਿਹੇ ਲੋਕਾਂ ਦੀਆਂ ਮਿਸਾਲਾਂ ਹਨ ਜਿਨ੍ਹਾਂ ਨੇ ਆਪਣੇ ਧਰਮ ਖ਼ਾਤਰ ਸਭ ਤੋਂ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ।

ਧਰਮ ਨੇ ਬੜੀ ਸਿਰਜਣਾਤਮਿਕ ਤੇ ਸਭਿਅਤਾ ਦਾ ਪ੍ਰਚਾਰ ਕਰਨ ਵਾਲੀ ਸ਼ਕਤੀ ਦਾ ਕੰਮ ਕੀਤਾ ਹੈ। ਏਸ਼ੀਆ ਵਿਚ ਬੁੱਧ ਧਰਮ ਦੇ ਪ੍ਰਚਾਰ ਨੂੰ ਹੀ ਲੈ ਲਉ। ਮਹਾਤਮਾ ਬੁੱਧ ਦਾ ਉਪਦੇਸ਼ ਸਾਰੇ ਏਸ਼ੀਆ ਵਿਚ ਸ਼ਾਂਤੀ ਪੂਰਬਕ ਪੁਚਾ ਦਿੱਤਾ ਗਿਆ। ਇਸ ਧਰਮ ਰਾਹੀਂ ਮੱਧ ਏਸ਼ੀਆ ਦੇ ਜੰਗਲੀ ਤੇ ਵਹਿਸ਼ੀ ਕਬੀਲਿਆਂ ਦੇ ਇਲਾਕਿਆਂ ਵਿਚ ਸਰਾਵਾਂ, ਹਸਪਤਾਲ ਤੇ ਲੰਗਰ ਖੋਲ੍ਹੇ ਗਏ। ਇਨ੍ਹਾਂ ਅਸਭਯ ਤੇ ਜੰਗਲੀ ਲੋਕਾਂ ਵਿਚ ਬੁੱਧ ਧਰਮ ਦੇ ਪ੍ਰਚਾਰ ਰਾਹੀਂ ਕਲਾ ਦਾ ਪ੍ਰਚਾਰ ਕੀਤਾ ਗਿਆ ਤੇ ਥਾਂ ਥਾਂ ਸਕੂਲ ਤੇ ਪੁਸਤਕਾਲੇ ਕਾਇਮ ਕੀਤੇ ਗਏ। ਇਸ ਤਰ੍ਹਾਂ ਕੋਲੰਬੋ ਤੋਂ ਲੈ ਕੇ ਟੋਕਿਓ ਤਕ ਮਹਾਤਮਾ ਬੁੱਧ ਦਾ ਉਪਦੇਸ਼ ਅਮਨ ਤੇ ਸ਼ਾਂਤੀ ਦਾ ਸੁਨੇਹਾ ਬਣ ਗਿਆ। ਇਹ ਕਿਹਾ ਗਿਆ ਹੈ ਕਿ ਏਸ਼ੀਆ ਦੀ ਪੁਰਾਣੀ ਸਭਿਅਤਾ ਬੁੱਧ ਧਰਮ ਦੇ ਪ੍ਰਚਾਰ ਦੀ ਦੇਣ ਸੀ। ਇਸ ਤਰ੍ਹਾਂ ਧਰਮ ਇਕ ਧੁਰਾ ਹੈ ਜਿਸ ਦੇ ਦੁਆਲੇ ਮਨੁੱਖੀ ਸਭਿਅਤਾ ਪ੍ਰਫੁਲਿਤ ਹੋਈ ਹੈ ਤੇ ਇਨਸਾਨੀ ਫ਼ਿਰਕਿਆਂ ਦਾ ਜਨਮ ਹੋਇਆ ਹੈ।

ਧਰਮ ਦਾ ਅਧਿਐਨ ਕਰਨਾ ਮਨੁੱਖ ਦਾ ਸਮੁੱਚਾ ਅਧਿਐਨ ਹੈ। ਮਨੁੱਖ ਦੇ ਧਰਮਾਂ ਦਾ ਅਧਿਐਨ ਕਰਨ ਨਾਲ ਸੰਸਾਰ ਦੇ ਮਨੁੱਖਾਂ ਬਾਰੇ ਵਾਕਫ਼ੀ ਤੇ ਸਮਝ ਸੂਝ ਵਿਚ ਵਾਧਾ ਹੁੰਦਾ ਹੈ। ਤੁਸੀਂ ਇਕ ਜਪਾਨੀ ਦੀਆਂ ਧਾਰਮਿਕ ਰਹੁ-ਰੀਤਾਂ ਤੇ ਵਿਚਾਰਾਂ ਨੂੰ ਸਮਝੇ ਬਿਨਾਂ ਉਸ ਬਾਰੇ ਕੀ ਸੋਝੀ ਪ੍ਰਾਪਤ ਕਰ ਸਕੋਗੇ? ਤੁਹਾਨੂੰ ਉਸ ਨੂੰ ਜਾਣਨ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ 'ਮਹਾਯਾਨ' ਧਰਮ ਬਾਰੇ ਵਾਕਫ਼ੀ ਪ੍ਰਾਪਤ ਕਰਨੀ ਪਵੇਗੀ। ਮੇਰਾ ਮੁਸਲਮਾਨ ਮਿੱਤਰ ਮੇਰੇ ਧਾਰਮਿਕ ਜੀਵਨ ਵਿਚ ਕੋਈ ਦਿਲਚਸਪੀ ਨਹੀਂ ਲਏਗਾ ਜੇਕਰ ਮੈਂ ਉਸ ਦੇ ਧਾਰਮਿਕ ਵਿਵਹਾਰ ਵੱਲ ਕੋਈ

ਧਿਆਨ ਨਾ ਦਿਆਂਗਾ। ਅੱਜ ਦੀ ਦੁਨੀਆਂ ਵਿਚ ਕੋਈ ਮਨੁੱਖ, ਫ਼ਿਰਕਾ ਜਾਂ ਕੌਮ ਦੂਜਿਆਂ ਤੋਂ ਵੱਖ ਹੋ ਕੇ ਨਹੀਂ ਰਹਿ ਸਕਦੇ। ਵੱਖ ਵੱਖ ਧਰਮਾਂ ਦੇ ਲੋਕਾਂ ਦਾ ਇਕੱਠਾ ਮਿਲ ਕੇ ਰਹਿਣਾ ਅੱਜ ਦੇ ਸੰਸਾਰ ਦੀ ਇਕ ਲੋੜ ਬਣ ਗਈ ਹੈ। ਭਾਰਤ ਇਕ ਅਜਿਹਾ ਦੇਸ਼ ਹੈ ਜਿੱਥੇ ਕਈ ਧਰਮਾਂ ਦੇ ਅਨੁਯਾਈ ਇਕੱਠੇ ਰਹਿੰਦੇ ਹਨ ਤੇ ਉਹ ਸਾਰੇ ਭਾਰਤ ਦੇ ਨਾਗਰਿਕ ਅਖਵਾਂਦੇ ਹਨ। ਉਹ ਆਪਣੇ ਲਿਬਾਸ, ਬੋਲੀ, ਖਾਣ ਪੀਣ ਅਤੇ ਧਾਰਮਿਕ ਰਹੁ-ਰੀਤੀਆਂ ਵਿਚ ਇਕ ਦੂਜੇ ਤੋਂ ਵੱਖਰੇ ਹਨ, ਪਰੰਤੂ ਉਹ ਸਾਰੇ ਹੀ ਭਾਰਤ ਦੇ ਵਸਨੀਕ ਹਨ। ਉਨ੍ਹਾਂ ਦੀਆਂ ਕਈ ਚੀਜ਼ਾਂ ਸਾਂਝੀਆਂ ਹਨ ਜਿਹਾ ਕਿ ਕੌਮੀ ਸਰਕਾਰ, ਕੌਮੀ ਨੀਤੀਆਂ ਪ੍ਰੋਗਰਾਮ ਤੇ ਕੌਮੀ ਸਮੱਸਿਆਵਾਂ, ਸਭਿਆਚਾਰ, ਕੌਮੀ ਲਾਭ ਤੇ ਹਾਣ, ਉੱਨਤੀ ਤੇ ਮੁਸੀਬਤਾਂ, ਸ਼ਾਂਤੀ ਤੇ ਅਸ਼ਾਂਤੀ।

ਸਾਰੇ ਧਰਮ ਮਨੁੱਖੀ ਜੀਵਨ ਨੂੰ ਚੰਗੇਰਾ ਬਣਾਉਣਾ ਚਾਹੁੰਦੇ ਹਨ। ਸਾਰੇ ਧਰਮ ਸ਼ਾਂਤੀ ਤੇ ਇਕਸੁਰਤਾ ਦਾ ਪ੍ਰਚਾਰ ਕਰਦੇ ਹਨ। ਪਿਆਰ, ਦਇਆ, ਸਦਭਾਵਨਾ, ਮਿੱਤਰਤਾ, ਪਵਿੱਤਰਤਾ ਤੇ ਇਨਸਾਫ਼ ਵੀ ਸਾਰੇ ਧਰਮਾਂ ਦੇ ਸਾਂਝੇ ਗੁਣ ਹਨ। ਸਾਰੇ ਧਰਮ ਇਸ ਸੰਸਾਰ ਦੇ ਦੁੱਖ ਤੋਂ ਮੁਕਤੀ ਚਾਹੁੰਦੇ ਹਨ। ਕੁੱਝ ਧਰਮ ਗ੍ਰੰਥਾਂ ਵਿਚ ਇਸ ਉੱਚਤਮ ਨਿਸ਼ਾਨੇ ਨੂੰ ਰੱਬ ਦਾ ਨਾਂ ਦਿੱਤਾ ਗਿਆ ਹੈ ਤੇ ਕਈਆਂ ਨੇ ਇਸ ਨੂੰ 'ਸ਼ਾਂਤੀ' ਕਿਹਾ ਹੈ। ਸਾਰੇ ਧਰਮ ਇਹ ਮੰਨਦੇ ਹਨ ਕਿ ਉੱਚਤਮ ਅਸਲੀਅਤ ਕੇਵਲ ਇਕ ਹੈ ਤੇ ਉਹ ਅਕੱਥ ਹੈ। ਰੱਬ ਦੀ ਹੋਂਦ ਤੇ ਅਣਹੋਂਦ, ਇਹ ਮਨੁੱਖੀ ਸੰਕਲਪ ਹਨ, ਪਰੰਤੂ ਅੰਤਿਮ ਸਚਿਆਈ ਬਾਰੇ ਕੋਈ ਵੱਖਰੇ ਕਿਆਸ ਨਹੀਂ ਹਨ।

ਇਸ ਉੱਚਤਮ ਤੇ ਮਹਾਨ ਨਿਸ਼ਾਨੇ ਤੇ ਪਹੁੰਚਣ ਵਾਸਤੇ ਕਈ ਰਸਤੇ ਹਨ। ਇਹ ਬੜੀ ਸਾਧਾਰਣ ਗੱਲ ਹੈ। ਮਨੁੱਖਾਂ ਵਿਚ ਦਿਮਾਗੀ ਤੇ ਸਰੀਰਕ ਤੌਰ ਤੇ ਬੜਾ ਫ਼ਰਕ ਹੁੰਦਾ ਹੈ। ਉਨ੍ਹਾਂ ਨੂੰ ਆਪਣੀਆਂ ਵਿਸ਼ੇਸ਼ ਆਦਤਾਂ ਤੇ ਤਬੀਅਤਾਂ ਅਨੁਸਾਰ ਸਾਧਨਾਂ ਦੀ ਲੋੜ ਹੁੰਦੀ ਹੈ। ਇਕ ਡਾਕਟਰ ਵਾਸਤੇ ਇਹ ਜ਼ਰੂਰੀ ਨਹੀਂ ਕਿ ਉਹ ਸਭ ਕਿਸਮ ਦੇ ਰੋਗੀਆਂ ਵਾਸਤੇ ਇਕ ਦੁਆਈ ਹੀ ਦੱਸੇ। ਦਿੱਲੀ ਤੋਂ ਬਹੁਤ ਲੋਕ ਬੰਬਈ ਜਾਂਦੇ ਹਨ ਪਰੰਤੂ ਉਹ ਵੱਖ ਵੱਖ ਰਸਤਿਆਂ ਰਾਹੀਂ ਸਫ਼ਰ ਕਰਦੇ ਹਨ ਤੇ ਸਫ਼ਰ ਦੇ ਵੱਖ ਵੱਖ ਸਾਧਨ ਵੀ ਵਰਤਦੇ ਹਨ। ਕੁੱਝ ਹਵਾਈ ਜਹਾਜ਼ ਰਾਹੀਂ ਜਾਂਦੇ ਹਨ ਪਰੰਤੂ ਬਹੁਤੇ ਰੇਲ ਗੱਡੀ ਜਾਂ ਮੋਟਰ-ਕਾਰ ਦੀ ਵਰਤੋਂ ਕਰਦੇ ਹਨ। ਕੁੱਝ ਅਜਿਹੇ ਵੀ ਹੋ ਸਕਦੇ ਹਨ ਜਿਨ੍ਹਾਂ ਪਾਸ ਪੈਸਾ ਨਾ ਹੋਵੇ ਤੇ ਉਹ ਬੰਬਈ ਵੱਲ ਪੈਦਲ ਹੀ ਚਲ ਪੈਣ ਤੇ ਆਪਣਾ ਸਫ਼ਰ ਕਈ ਮਹੀਨਿਆਂ ਵਿਚ ਮੁਕਾਣ। ਪਰੰਤੂ ਅਸੀਂ ਇਹ ਨਹੀਂ ਕਹਿੰਦੇ ਕਿ ਸਾਰੇ ਲੋਕ ਕੇਵਲ ਬੰਬਈ ਵੱਲ ਹੀ ਜਾ ਰਹੇ ਹਨ। ਅਸੀਂ ਇਹ ਵੀ ਨਹੀਂ ਕਹਿੰਦੇ ਕਿ ਸਾਰੇ ਲੋਕ ਇਕ ਦਸ਼ਾ ਨੂੰ ਹੀ ਪ੍ਰਾਪਤ ਹੁੰਦੇ ਹਨ। ਪਰ

ਇਹ ਠੀਕ ਹੈ ਕਿ ਸਾਰੇ ਧਰਮ ਇਹ ਸਿੱਖਿਆ ਦਿੰਦੇ ਹਨ ਕਿ ਸਾਨੂੰ ਸਦੀਵੀ ਅਨੰਦ ਤੇ ਸ਼ਾਂਤੀ (ਮੁਕਤੀ) ਲਈ ਯਤਨ ਕਰਨਾ ਚਾਹੀਦਾ ਹੈ। ਇਹ ਵੀ ਇਕ ਅਸਲੀਅਤ ਹੈ ਕਿ ਉਹ ਜਿਹੜਾ ਅਪਹੁੰਚ ਪਰਮਾਤਮਾ ਹੈ ਉਸ ਬਾਰੇ ਵੱਖ ਵੱਖ ਧਰਮਾਂ ਨੇ ਵੱਖੋ ਵੱਖਰੇ ਵਿਚਾਰ ਪ੍ਰਗਟ ਕੀਤੇ ਹਨ। ਧਾਰਮਿਕ ਮਤਾਂ ਦੀ ਘੋਖ ਕਰਨ ਵਾਲੇ ਲਈ ਇਹ ਜ਼ਰੂਰੀ ਹੈ ਕਿ ਉਹ ਸੰਸਾਰ ਦੇ ਦੂਸਰੇ ਮਤਾਂ ਦਾ ਅਧਿਐਨ ਵੀ ਬੜੇ ਸਤਿਕਾਰ ਤੇ ਹਮਦਰਦੀ ਨਾਲ ਕਰੇ। ਇਸ ਤਰ੍ਹਾਂ ਉਹ ਦੂਜੇ ਮਨੁੱਖਾਂ ਦੇ ਵਿਚਾਰ, ਹਾਵ-ਭਾਵ, ਡਰ ਤੌਖਲੇ, ਆਸਾਂ ਤੇ ਨਿਸ਼ਾਨਿਆਂ ਨੂੰ ਸਮਝ ਸਕੇਗਾ। ਉਸ ਨੂੰ ਇਹ ਵੀ ਅਨੁਭਵ ਹੋਵੇਗਾ ਕਿ ਬਹੁਤ ਸਾਰੇ ਧਰਮਾਂ ਵਿਚ ਕਈ ਅਸੂਲ ਸਾਂਝੇ ਹਨ ਤੇ ਕਈਆਂ ਵਿਚ ਬਹੁਤ ਘੱਟ ਸਾਂਝੇ ਵਿਚਾਰ ਹਨ। ਇਨ੍ਹਾਂ ਮਤ-ਭੇਦਾਂ ਦਾ ਵੀ ਸਤਿਕਾਰ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਦੂਜੇ ਮਨੁੱਖਾਂ ਦੇ ਧਰਮ ਦਾ ਅਧਿਐਨ ਕਰ ਕੇ ਆਪਣੇ ਧਰਮ ਦੀ ਵੀ ਸਮਝ ਵਧੇਰੇ ਆਉਂਦੀ ਹੈ ਤੇ ਦੂਜੇ ਮਨੁੱਖਾਂ ਦੇ ਧਾਰਮਿਕ ਪਿਛੋਕੜ ਨੂੰ ਸਮਝਣ ਨਾਲ ਉਨ੍ਹਾਂ ਨਾਲ ਵਧੇਰੀ ਨੇੜ ਅਨੁਭਵ ਹੁੰਦੀ ਹੈ। ਬ੍ਰਾਹਮਣ ਮਤ ਦੇ ਅਨੁਯਾਈ ਮੁਸਲਮਾਨਾਂ ਦੀਆਂ ਧਰਮ ਪੁਸਤਕਾਂ ਤੇ ਉਨ੍ਹਾਂ ਦਾ ਧਾਰਮਿਕ ਇਤਿਹਾਸ ਪੜ੍ਹ ਕੇ ਉਸ ਧਰਮ ਦੇ ਲੋਕਾਂ ਨਾਲ ਵਧੇਰੇ ਉਨਸ ਤੇ ਪਿਆਰ ਪੈਦਾ ਕਰ ਸਕਣਗੇ ਤੇ ਇਸੇ ਤਰ੍ਹਾਂ ਮੁਸਲਮਾਨਾਂ ਨੂੰ ਬ੍ਰਾਹਮਣ ਮਤ ਦਾ ਗਿਆਨ ਪ੍ਰਾਪਤ ਕਰਨ ਨਾਲ ਇਸ ਧਰਮ ਦੇ ਲੋਕਾਂ ਨਾਲ ਨੇੜ ਅਨੁਭਵ ਹੋਵੇਗੀ।

ਜੋ ਕੁੱਝ ਅਸੀਂ ਭਾਰਤ ਵਿਚ ਵਸਦੇ ਧਾਰਮਿਕ ਫਿਰਕਿਆਂ ਬਾਰੇ ਵੇਖਦੇ ਹਾਂ ਉਸ ਸਾਰੇ ਸੰਸਾਰ ਦੀਆਂ ਧਾਰਮਿਕ ਸੰਪਰਦਾਵਾਂ ਬਾਰੇ ਵੀ ਕਿਹਾ ਜਾ ਸਕਦਾ ਹੈ। ਵਿਗਿਆਨਕ ਤੇ ਤਕਨੀਕੀ ਉੱਨਤੀ ਨੇ ਅੱਜ ਕੱਲ੍ਹ ਦੇ ਸੰਸਾਰ ਵਿਚ ਬੜੀ ਵੱਡੀ ਤਬਦੀਲੀ ਲੈ ਆਂਦੀ ਹੈ। ਵੱਖ ਵੱਖ ਦੇਸ਼ਾਂ ਵਿਚਕਾਰ ਫਾਸਲਾ ਘੱਟ ਗਿਆ ਹੈ ਤੇ ਲੋਕਾਂ ਦਾ ਆਪਸ ਵਿਚ ਮਿਲਣਾ ਗਿਲਣਾ ਬਹੁਤ ਵੱਧ ਤੇ ਸੌਖਾ ਹੋ ਗਿਆ ਹੈ। ਭਿੰਨ ਭਿੰਨ ਨਸਲਾਂ, ਜਾਤੀਆਂ ਤੇ ਬੋਲੀਆਂ ਦੇ ਲੋਕਾਂ ਨੂੰ ਹੁਣ ਇਕੱਠੇ ਬੈਠਣ, ਸਫ਼ਰ ਕਰਨ ਤੇ ਖਾਣ ਪੀਣ ਦਾ ਅਵਸਰ ਮਿਲਦਾ ਹੈ। ਸਾਡੇ ਜੀਵਨ ਢੰਗ ਤੇ ਕੰਮ-ਕਾਜ ਕਰਨ ਦੇ ਤਰੀਕਿਆਂ ਵਿਚ ਇਤਨੀ ਤਬਦੀਲੀ ਆ ਗਈ ਹੈ ਕਿ ਇਕੱਲ ਵਿਚ ਰਹਿਣਾ ਅਸੰਭਵ ਹੈ। ਜੇਕਰ ਕੋਈ ਮਹੱਤਵਪੂਰਣ ਘਟਨਾ ਸੰਸਾਰ ਦੇ ਇਕ ਭਾਗ ਵਿਚ ਹੁੰਦੀ ਹੈ ਤਾਂ ਉਸ ਦਾ ਅਸਰ ਸੰਸਾਰ ਦੇ ਕਈ ਹੋਰ ਭਾਗਾਂ ਤੇ ਹੁੰਦਾ ਹੈ। ਅਸਲ ਵਿਚ ਸੰਸਾਰ ਹੁਣ ਇਕਾਈ ਪ੍ਰਤੀਤ ਹੋਣ ਲੱਗਾ ਹੈ। ਪੁਰਾਤਨ ਸਮੇਂ ਦੇ ਲੋਕਾਂ ਨੂੰ ਤਾਂ ਸੰਯੁਕਤ ਰਾਸ਼ਟਰ, ਸੰਸਾਰਕ ਅਮਲ ਜਾਂ ਸਾਰੇ ਸੰਸਾਰ ਦੀ ਸਾਂਝੀ ਸਰਕਾਰ ਦੀ ਚੇਤਨਾ ਵੀ ਨਹੀਂ ਸੀ। ਅੱਜ ਕੱਲ੍ਹ ਦੀ ਦੁਨੀਆਂ ਦੇ ਲੋਕਾਂ ਨੂੰ ਆਪਣੀ ਕੌਮ,

ਨਸਲ, ਰੰਗ, ਰਸਮ ਰਿਵਾਜ ਤੇ ਧਰਮ ਦੇ ਵਿਤਕਰਿਆਂ ਨੂੰ ਮਿਟਾ ਕੇ ਆਪਸੀ ਪਿਆਰ ਨਾਲ ਇਕੱਠੇ ਰਹਿਣਾ ਸਿੱਖਣਾ ਚਾਹੀਦਾ ਹੈ, ਨਹੀਂ ਤਾਂ ਇਹ ਸਭਿਅਤਾ ਆਪਸੀ ਟੱਕਰਾਂ ਤੇ ਲੜਾਈਆਂ ਨਾਲ ਬਰਬਾਦ ਹੋ ਜਾਵੇਗੀ। ਲੋਕਾਂ ਨੂੰ ਆਪਸੀ ਮਤ-ਭੇਦ ਮਿਟਾ ਕੇ ਅਮਨ ਤੇ ਸ਼ਾਂਤੀ ਲਈ ਕੰਮ ਕਰਨਾ ਚਾਹੀਦਾ ਹੈ। ਸੰਸਾਰ ਦੇ ਧਰਮਾਂ ਦਾ ਅਧਿਐਨ ਕਰਨ ਵਾਲਿਆਂ ਦੀ ਇਸ ਸੰਬੰਧ ਵਿਚ ਬੜੀ ਵੱਡੀ ਜ਼ਿੰਮੇਵਾਰੀ ਹੈ। ਇਹ ਕੰਮ ਸਾਰਿਆਂ ਨੂੰ ਮਿਲ ਕੇ ਕਰਨਾ ਚਾਹੀਦਾ ਹੈ। ਪਰੰਤੂ ਦੂਜੇ ਧਰਮਾਂ ਦਾ ਅਧਿਐਨ ਕਰਨ ਤੋਂ ਪਹਿਲਾਂ ਆਪਣੇ ਧਰਮ ਬਾਰੇ ਪੂਰੀ ਵਾਕਫ਼ੀ ਹੋਣੀ ਬਹੁਤ ਜ਼ਰੂਰੀ ਹੈ। ਦੂਜੇ ਮਤਾਂ ਨੂੰ ਜਾਨਣ ਲਈ ਅਸੀਂ ਉਨ੍ਹਾਂ ਧਰਮਾਂ ਬਾਰੇ ਵਖਿਆਨ ਸੁਣ ਸਕਦੇ ਹਾਂ। ਉਨ੍ਹਾਂ ਦੀਆ ਧਾਰਮਿਕ ਰਹੁ-ਰੀਤੀਆਂ ਵਿਚ ਸ਼ਾਮਲ ਹੋ ਸਕਦੇ ਹਾਂ। ਇਸ ਤਰ੍ਹਾਂ ਸਾਡੇ ਕਈ ਭਰਮ ਭੁਲੇਖੇ ਦੂਰ ਹੋਣਗੇ। ਦੂਜੇ ਮਤਾਂ ਬਾਰੇ ਨਾਵਾਕਫ਼ੀ ਸਾਡੀ ਮਿੱਤਰਤਾ ਦੀ ਭਾਵਨਾ ਤੇ ਖ਼ੁਸ਼ੀ ਤੇ ਸ਼ਾਂਤੀ ਦੀ ਭਾਲ ਵਿਚ ਇਕ ਵੱਡੀ ਰੁਕਾਵਟ ਹੈ। ਦੂਸਰੇ ਮਤਾਂ ਨੂੰ ਸਮਝਣ ਲਈ ਉਨ੍ਹਾਂ ਬਾਰੇ ਮਨ ਵਿਚ ਸਤਿਕਾਰ ਹੋਣਾ ਜ਼ਰੂਰੀ ਹੈ। ਆਪਣੇ ਧਰਮ ਦੀਆਂ ਸਿਫ਼ਤਾਂ ਕਰਨਾ ਤੇ ਦੂਸਰੇ ਧਰਮਾਂ ਦੀ ਨਿਖੇਧੀ ਕਰਨਾ ਇਹ ਅਧਰਮ ਹੈ। ਅੱਜ ਤੋਂ ਤੇਈ ਸੌ ਸਾਲ ਪਹਿਲਾਂ ਮਹਾਰਾਜਾ ਅਸ਼ੋਕ ਨੇ ਇਸ ਗੱਲ ਤੇ ਜ਼ੋਰ ਦਿੱਤਾ ਸੀ ਕਿ ਸਾਨੂੰ ਦੂਜੇ ਲੋਕਾਂ ਦੇ ਧਾਰਮਿਕ ਵਿਚਾਰਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਤੇ ਸਾਰੇ ਮਤਾਂ ਦੇ ਲੋਕਾਂ ਨੂੰ ਅਮਨ, ਸ਼ਾਂਤੀ ਤੇ ਇਕਸੁਰਤਾ ਵਿਚ ਰਹਿਣਾ ਚਾਹੀਦਾ ਹੈ। ਪੁਰਾਤਨ ਭਾਰਤ ਦੀਆਂ ਰਵਾਇਤਾਂ ਧਾਰਮਿਕ ਰਵਾਦਾਰੀ ਤੇ ਸ਼ਾਂਤੀ ਦੀ ਭਾਵਨਾ ਨਾਲ ਭਰਪੂਰ ਹਨ। ਵਰਤਮਾਨ ਕਾਲ ਦੇ ਭਾਰਤ ਵਿਚ ਸਰਕਾਰ ਵੱਲੋਂ ਸਾਰੇ ਧਰਮਾਂ ਨੂੰ ਮਾਨਤਾ ਪ੍ਰਾਪਤ ਹੈ ਤੇ ਭਾਰਤ ਸਰਕਾਰ ਨਾ ਕਿਸੇ ਧਰਮ ਦਾ ਪ੍ਰਚਾਰ ਕਰਦੀ ਹੈ ਤੇ ਨਾ ਕਿਸੇ ਨੂੰ ਤੰਗ ਕਰਦੀ ਹੈ। ਇਸ ਤਰ੍ਹਾਂ ਧਾਰਮਿਕ ਆਜ਼ਾਦੀ ਹਰ ਇਕ ਸ਼ਹਿਰੀ ਦਾ ਮੁੱਢਲਾ ਹੱਕ ਹੈ, ਧਰਮ ਦੇ ਨਾਂ ਤੇ ਕਿਸੇ ਭਾਰਤੀ ਨਾਗਰਿਕ ਨਾਲ ਵਿਤਕਰਾ ਨਹੀਂ ਹੁੰਦਾ। ਜਿਹੜੇ ਸ਼ਹਿਰੀ ਦਿਆਨਤਦਾਰ, ਸਚਿਆਰੇ ਤੇ ਮਿਹਨਤੀ ਹਨ ਉਹ ਬਿਨਾਂ ਲਿਹਾਜ਼ ਮਜ਼ਹਬ ਦੂਜਿਆਂ ਤੋਂ ਅੱਗੇ ਵਧਣਗੇ। ਕਿਸੇ ਵਿਅਕਤੀ ਦੀ ਅਸਲੀ ਲਿਆਕਤ ਉਸ ਦੇ ਆਚਾਰ, ਵਿਹਾਰ ਤੇ ਸਿਆਣਪ ਵਿਚ ਹੈ ਨਾ ਕਿ ਉਸ ਦੇ ਧਾਰਮਿਕ ਨਿਸ਼ਚਿਆਂ ਵਿਚ। ਉਸ ਦਾ ਬੋਧ, ਸਿੱਖ ਜਾਂ ਈਸਾਈ ਹੋਣਾ ਇਸ ਸੰਬੰਧ ਵਿਚ ਕੋਈ ਮਹੱਤਤਾ ਨਹੀਂ ਰੱਖਦਾ।

ਜਦੋਂ ਅਸੀਂ ਧਾਰਮਿਕ ਇਤਿਹਾਸ ਪੜ੍ਹਦੇ ਹਾਂ ਤਾਂ ਸਾਨੂੰ ਪੁਰਾਣੇ ਸਮੇਂ ਦੇ ਮਨੁੱਖਾਂ ਤੋਂ ਬਹੁਤ ਸਿੱਖਿਆ ਮਿਲਦੀ ਹੈ। ਇਤਿਹਾਸ ਦੇ ਸਬਕ ਸਾਡੇ ਆਪਣੇ ਭਵਿੱਖ ਲਈ ਚਾਨਣ ਮੁਨਾਰੇ ਹਨ। ਮਨੁੱਖ ਦਾ ਧਾਰਮਿਕ ਤਜਰਬਾ ਇਹ ਦੱਸਦਾ ਹੈ ਕਿ ਸ਼ਾਂਤੀ ਤੇ

ਉੱਨਤੀ ਦਾ ਮਨੁੱਖੀ ਕਾਰ-ਵਿਹਾਰ ਦੇ ਸਦਾਚਾਰਕ ਅਸੂਲਾਂ ਨਾਲ ਬੜਾ ਡੂੰਘਾ ਸੰਬੰਧ ਹੈ। ਇਹ ਸਦਾਚਾਰਕ ਅਸੂਲ ਸਾਰੇ ਧਰਮਾਂ ਵਿਚ ਕਿਸੇ ਨਾ ਕਿਸੇ ਸ਼ਕਲ ਵਿਚ ਮਿਲਦੇ ਹਨ ਪਰੰਤੂ ਇਖ਼ਲਾਕ ਜਾਂ ਸਦਾਚਾਰ ਦਾ ਅਧਿਐਨ ਕਰਨ ਨਾਲ ਸਾਡੀ ਧਾਰਮਿਕ ਖੋਜ ਦੀ ਲੋੜ ਪੂਰੀ ਨਹੀਂ ਹੋ ਜਾਂਦੀ। ਧਰਮ ਕੇਵਲ ਇਖ਼ਲਾਕ ਜਾਂ ਸਦਾਚਾਰ ਦਾ ਨਾਂ ਹੀ ਨਹੀਂ। ਧਰਮ ਦੀ ਸਾਰੀ ਸਾਧਨਾ ਦਾ ਉੱਦੇਸ਼ ਉਸ ਪਵਿੱਤਰ (ਪਰਮਾਤਮਾ) ਦੀ ਪ੍ਰਾਪਤੀ ਹੈ। ਚੰਗਾ ਇਖ਼ਲਾਕ ਸਾਡੇ ਵਿਚ ਧਾਰਮਿਕ ਜੀਵਨ ਨੂੰ ਪ੍ਰਫੁਲਿਤ ਕਰਨ ਵਿਚ ਸਹਾਈ ਹੁੰਦਾ ਹੈ। ਨਿਸ਼ਚਾ ਧਾਰਮਿਕ ਸਭਿਆਚਾਰ ਦੀ ਬੁਨਿਆਦ ਹੈ ਤੇ ਧਾਰਮਿਕ ਸਭਿਆਚਾਰ ਮਾਨਵ ਸਭਿਆਚਾਰ ਦੀ ਜਿੰਦ-ਜਾਨ ਹੈ। ਮਨੁੱਖ ਤੇ ਉਸ ਦੇ ਸਭਿਆਚਾਰ ਨੂੰ ਜਾਣਨ ਲਈ ਸਾਨੂੰ ਉਸ ਦਾ ਨਿਸ਼ਚਾ (ਧਰਮ) ਚੰਗੀ ਤਰ੍ਹਾਂ ਜਾਣਨਾ ਚਾਹੀਦਾ ਹੈ।

ਹਿੰਦੂ ਧਰਮ

ਬ੍ਰਾਹਮਣ ਧਰਮ ਜਾਂ ਹਿੰਦੂ ਧਰਮ ਜੋ ਅੱਜ ਦੇ ਸਮੇਂ ਵਿਚ ਪ੍ਰਸਿੱਧ ਹੈ, ਉਹ ਇਕ ਤਰ੍ਹਾਂ ਸਭ ਤੋਂ ਵੱਧ ਪੁਰਾਤਨ ਧਰਮਾਂ ਵਿਚੋਂ ਹੈ। ਇਸ ਦੇ ਕੁੱਝ ਤੱਤ ਹੜੱਪਾ ਸੰਸਕ੍ਰਿਤੀ (2500-1500 ਪੂ. ਈ.) ਵਿਚ ਦੇਖੇ ਜਾ ਸਕਦੇ ਹਨ। ਇਸ ਧਰਮ ਦਾ ਆਰੰਭ ਵੇਦਾਂ ਤੋਂ ਮੰਨਿਆ ਜਾਂਦਾ ਹੈ, ਜਿਹੜਾ ਕਿ ਸਭ ਤੋਂ ਪੁਰਾਣਾ ਸਾਹਿਤ ਹੈ ਤੇ ਜਿਨ੍ਹਾਂ ਦੀ ਰਚਨਾ ਵੈਦਿਕ ਸਮੇਂ ਵਿਚ ਰਿਸ਼ੀਆਂ ਦੁਆਰਾ ਕੀਤੀ ਗਈ ਸੀ। ਵੈਦਿਕ ਸਾਹਿਤ ਤੇ ਵਿਚਾਰਧਾਰਾ ਨਾਲ ਸੰਬੰਧਿਤ ਧਰਮ ਤੇ ਧਾਰਮਿਕ ਸਾਹਿਤ ਦਾ ਵਿਕਾਸ ਮਾਧਮਿਕ ਸਮੇਂ ਤਕ ਜਾਰੀ ਰਿਹਾ। ਵੈਦਿਕ ਗ੍ਰੰਥਾਂ—ਰਿਗਵੇਦ, ਯਜੁਰਵੇਦ, ਸਾਮਵੇਦ, ਅਥਰਵਵੇਦ, ਬ੍ਰਾਹਮਣ ਗ੍ਰੰਥ (ਸ਼ਤਪਥ ਆਈਤੇਰਯ, ਤੈਤਰੀਯ, ਪੰਚਵਿਨਸ਼, ਸਡਵਿਨਸ਼, ਸੌਪੱਥ ਆਦਿ); ਆਰਣਿਕ (ਤੈਤਰੀਯ, ਆਈਤੇਰਯ), ਉਪਨਿਸ਼ਦ (ਛਾਂਦੋਗਯ, ਬਰਿਹਦ ਆਰਣਿਕ, ਕਠ, ਤੈਤਰੀਯ ਆਦਿ) ਤੋਂ ਇਲਾਵਾ ਸਮ੍ਰਿਤੀਆਂ ਪੁਰਾਣ, ਮਹਾਭਾਰਤ, ਰਾਮਾਇਣ ਤੰਤ੍ਰ ਤੇ ਸ਼ਤੋਤਰ ਆਦਿ ਇਸੇ ਪਰੰਪਰਾ ਵਿਚ ਮੰਨੇ ਹੋਏ ਧਾਰਮਿਕ ਗ੍ਰੰਥ ਹਨ। ਇਸ ਪੁਸਤਕ ਵਿਚ ਕੇਵਲ ਹੇਠ ਲਿਖੇ ਗ੍ਰੰਥਾਂ ਤੋਂ ਹੀ ਛਾਂਟ ਕੀਤੀ ਗਈ ਹੈ। ਤੈਤਰੀਯ ਆਰਣਿਕ (ਲਗਭਗ 600 ਪੂ. ਈ.), ਬਹਿਰਦਾਰਣਿਕ ਉਪਨਿਸ਼ਦ ਤੇ ਛਾਂਦੋਗਯ ਉਪਨਿਸ਼ਦ (600-500 ਪੂ. ਈ.) ਤੈਤਰੀਯ, ਕੇਨ, ਕਠ (400-300 ਪੂ. ਈ.), ਮਹਾਭਾਰਤ (400 ਪੂ. ਈ.—400 ਈਸਵੀ), ਭਗਵਦ ਗੀਤਾ (200 ਪੂ. ਈ.—200 ਈਸਵੀ), ਵਿਸ਼ਨੂਸਮ੍ਰਿਤੀ (200 ਈਸਵੀ) ਮਹਾਂ ਨਿਰਵਾਣਤੰਤ੍ਰ (ਮੱਧ ਕਾਲੀਨ)। ਇਨ੍ਹਾਂ ਧਾਰਮਿਕ ਪੁਸਤਕਾਂ ਨੂੰ ਮੰਨਣ ਵਾਲਿਆਂ ਦੀਆਂ ਸਾਖ਼ਾਂ ਹਨ ਜਿਵੇਂ ਸ਼ੈਵ, ਸ਼ਾਕਤ, ਵੈਸ਼ਨਵ ਆਦਿ। ਆਰੀਆ ਸਮਾਜ ਇਨ੍ਹਾਂ ਵਿਚੋਂ ਕਈ ਗ੍ਰੰਥਾਂ ਨੂੰ ਨਹੀਂ ਮੰਨਦਾ। ਉਹ ਕੇਵਲ ਵੈਦਿਕ ਗ੍ਰੰਥਾਂ ਉੱਪਰ ਹੀ ਜ਼ੋਰ ਦਿੰਦਾ ਹੈ। ਪਰੰਤੂ ਅਧਿਕ ਲੋਕ ਜੋ ਆਪਣੇ ਆਪ ਨੂੰ ਹਿੰਦੂ ਅਖਵਾਉਂਦੇ ਹਨ, ਸਨਾਤਨ ਧਰਮ ਨੂੰ ਮੰਨਦੇ ਹਨ ਜਿਹੜਾ ਕਿ ਧਰਮ-ਸ਼ਾਸਤਰਾਂ ਤੇ ਪੁਰਾਣਾਂ ਨੂੰ ਮਹੱਤਵ ਦਿੰਦਾ ਹੈ। ਅਸੀਂ ਉਪਨਿਸ਼ਦਾਂ, ਭਗਵਦ ਗੀਤਾ ਤੇ ਮਹਾਭਾਰਤ ਦੇ ਸ਼ਾਂਤੀਪਰਵ ਤੋਂ ਵੀ ਜ਼ਿਆਦਾ ਹਿੱਸੇ ਕਰ ਲਏ ਹਨ ਜਿਹੜੇ ਕਿ ਲੋਕਾਂ

ਦੇ ਸਾਂਝੇ ਗ੍ਰੰਥ ਹਨ।

ਤੈਤਰੀਜ ਆਰਣਿਕ

1 ਧਰਮ — ਸਾਰਾ ਬ੍ਰਹਿਮੰਡ ਧਰਮ ਦੀ ਬੁਨਿਆਦ ਤੇ ਕਾਇਮ ਹੈ। ਇਸ ਸੰਸਾਰ ਵਿਚ ਲੋਕ ਉਸ ਪੁਰਸ਼ ਪਾਸ ਸਿੱਖ ਮਤ ਲਈ ਜਾਂਦੇ ਹਨ ਜੋ ਧਰਮ ਵਿਚ ਪ੍ਰਵੀਨ ਹੈ। ਆਦਮੀ ਧਰਮ ਦੀ ਸ਼ਕਤੀ ਨਾਲ ਬਦੀ (ਬੁਰਾਈ) ਨੂੰ ਦੂਰ ਭਜਾ ਦਿੰਦਾ ਹੈ। ਸਾਰਾ ਕੁੱਝ ਧਰਮ ਤੇ ਆਧਾਰਿਤ ਹੈ। ਇਸ ਲਈ ਧਰਮ ਨੂੰ ਹੀ ਸਭ ਤੋਂ ਉੱਤਮ ਪਦਾਰਥ ਕਿਹਾ ਜਾਂਦਾ ਹੈ।

(ਤੈਤਰੀਜ ਆਰਣਿਕ X, 9)

ਮਹਾਭਾਰਤ

2 ਧਰਮ — ਮਨੁੱਖਾਂ ਨੂੰ ਬਲ ਦੇਣ ਲਈ ਧਰਮ ਦਾ ਪ੍ਰਸਾਰ ਕੀਤਾ ਗਿਆ, ਉਹ ਜਿਸ ਨਾਲ ਜੀਵਾਂ ਨੂੰ ਤਾਕਤ ਮਿਲਦੀ ਹੈ, ਧਰਮ ਹੈ; ਇਹ ਮੰਨੀ ਪ੍ਰਮੰਨੀ ਰਾਏ ਹੈ। ਇਸ ਨੂੰ ਧਰਮ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਸੰਸਾਰ ਨੂੰ ਸਹਾਰਾ ਦਿੰਦਾ ਤੇ ਇਸ ਨੂੰ ਕਾਇਮ ਰੱਖਦਾ ਹੈ; ਲੋਕ ਧਰਮ ਦੇ ਆਸਰੇ ਕਾਇਮ ਰਹਿੰਦੇ ਹਨ। ਉਹ ਚੀਜ਼ ਜਿਸ ਵਿਚ ਸਹਾਰਾ ਦੇਣ ਜਾਂ ਕਾਇਮ ਰੱਖਣ ਦੀ ਸ਼ਕਤੀ ਹੈ, ਧਰਮ ਅਖਵਾਉਂਦੀ ਹੈ। ਇਹ ਸਰਬ ਪ੍ਰਵਾਨ ਵਿਚਾਰ ਹੈ। ਧਰਮ ਦਾ ਪ੍ਰਸਾਰ ਜਾਂ ਉਸ ਦੀ ਪ੍ਰਤਿਗਿਆ ਇਸ ਲਈ ਕੀਤੀ ਜਾਂਦੀ ਹੈ ਤਾਂ ਜੋ ਜੀਵਾਂ ਤੇ ਕੋਈ ਹਿੰਸਾ ਨਾ ਕਰੇ, ਉਹ (ਕੰਮ) ਜਿਹੜਾ ਅਹਿੰਸਾ ਤੇ ਆਧਾਰਿਤ ਹੈ, ਧਰਮ ਅਖਵਾਉਂਦਾ ਹੈ। ਇਹ ਸਰਬ ਪ੍ਰਵਾਨ ਵਿਚਾਰ ਹੈ। *(ਸ਼ਾਂਤੀਪਰਵ ਕਾਂਡ 109, ਪਦ 10, 12)*

3 ਕਰਮ-ਫਲ — ਆਪਣੇ ਪੂਰਬਲੇ ਜਨਮ ਵਿਚ ਕੀਤੇ ਕਰਮਾਂ ਦਾ ਫਲ, ਸਿਆਣੇ ਤੇ ਮੂਰਖ, ਬਹਾਦਰ ਤੇ ਬੁਜ਼ਦਿਲ, ਸਭ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਇਸੇ ਕਾਰਣ ਮਨੁੱਖਾਂ ਦੇ ਜੀਵਨ ਵਿਚ ਲਗਾਤਾਰ ਹਰਖ ਤੇ ਸੋਗ, ਸੁਖਾਵੀਆਂ ਤੇ ਅਣਸੁਖਾਵੀਆਂ ਘਟਨਾਵਾਂ ਦਾ ਚੱਕਰ ਚਲਦਾ ਰਹਿੰਦਾ ਹੈ। *(ਸ਼ਾਂਤੀਪਰਵ ਕਾਂਡ 174, ਪਦ 47, 48)*

4 ਕਰਮ-ਫਲ — ਉਹ ਲੋਕ ਜਿਹੜੇ ਧਰਮ ਤੇ ਨਹੀਂ ਚਲਦੇ, ਮਨੁੱਖ ਜਾਤੀ ਵਿਚ ਇਤਨੇ ਹੀ ਮਾੜੇ ਹਨ ਜਿਤਨੇ ਖੇਤ ਵਿਚ ਉਹ ਬੂਟੇ ਜਿਨ੍ਹਾਂ ਨੂੰ ਦਾਣੇ ਨਹੀਂ ਪੈਂਦੇ ਜਾਂ ਜਿਵੇਂ ਪੰਖੇਰੂਆਂ ਵਿਚ ਮੱਛਰ। ਜਿਵੇਂ ਇਕ ਬੱਛੜਾ ਇਕ ਹਜ਼ਾਰ ਗਊਆਂ ਦੇ ਵੱਗ ਵਿਚ ਵੀ ਆਪਣੀ ਮਾਂ ਨੂੰ ਪਛਾਣ ਕੇ

ਉਸ ਪਾਸ ਚਲਾ ਜਾਂਦਾ ਹੈ, ਇਸੇ ਤਰ੍ਹਾਂ ਸਾਡੇ ਪੂਰਬਲੇ ਜੀਵਨ ਦੇ ਕਰਮ ਸਾਡੇ ਨਵੇਂ ਜੀਵਨ ਵਿਚ ਸਾਨੂੰ ਪਛਾਣ ਲੈਂਦੇ ਹਨ ਤੇ ਉਨ੍ਹਾਂ ਦਾ ਫਲ ਸਾਨੂੰ ਭੁਗਤਣਾ ਪੈਂਦਾ ਹੈ। *(ਸ਼ਾਂਤੀਪਰਵ ਕਾਂਡ 175, ਪਦ 35)*

5
ਸੱਚਾਈ

ਭਲੇ (ਚੰਗੇ) ਮਨੁੱਖਾਂ ਲਈ ਸੱਚਾਈ ਇਕ ਕਰਤੱਵ ਹੈ। ਅਸਲ ਵਿਚ ਸੱਚਾਈ ਇਕ ਸਦੀਵੀ ਕਰਤੱਵ ਹੈ। ਸਾਨੂੰ ਸੱਚ ਨੂੰ ਪ੍ਰਣਾਮ ਕਰਨਾ ਚਾਹੀਦਾ ਹੈ। ਸੱਚ ਹੀ ਸਭ ਦਾ ਉੱਚਤਮ ਆਸਰਾ ਹੈ।

ਸੱਚ ਹੀ ਧਰਮ ਹੈ, ਸੱਚ ਹੀ ਤੱਪ ਤੇ ਯੋਗ ਹੈ, ਸੱਚ ਹੀ ਕਾਲ ਰਹਿਤ ਬ੍ਰਾਹਮਣ ਹੈ। ਸੱਚ ਨੂੰ ਸਭ ਤੋ ਵੱਡਾ ਯੋਗ ਕਿਹਾ ਗਿਆ ਹੈ। ਸਭ ਕੁੱਝ ਸੱਚ ਦੇ ਆਸਰੇ ਕਾਇਮ ਹੈ। ਸੱਚ ਦੇ ਤੇਰ੍ਹਾਂ ਪ੍ਰਕਾਰ (ਕਿਸਮ) ਹਨ। ਸੱਚ (ਸਤ) ਜਿਹੜੇ ਰੂਪ ਧਾਰਦਾ ਹੈ ਉਹ ਹਨ : ਨਿਰਪੱਖਤਾ, ਸ੍ਵੈਕਾਬੂ ਨਿਰਮਾਣਤਾ, ਬਖ਼ਸ਼ ਦੇਣਾ ਜਾਂ ਮਾਫ਼ ਕਰਨਾ, ਹੰਕਾਰ ਨਾ ਕਰਨਾ। ਨੇਕੀ, ਤਿਆਗ, ਇਕਾਗਰਤਾ, ਤਰਸ, ਅਹਿੰਸਾ, ਸਹਿਣ-ਸ਼ਕਤੀ, ਭਾਣਾ ਮੰਨਣਾ ਤੇ ਸ੍ਵੈਗੌਰਵ।

ਹੇ ਮਹਾਰਾਜ, ਇਹ ਸੱਚ ਦੇ ਤੇਰ੍ਹਾਂ ਰੂਪ ਹਨ। ਸੱਚ ਸਦੀਵੀ ਹੈ, ਤਬਦੀਲ ਨਹੀਂ ਹੁੰਦਾ ਤੇ ਸਥਿਰ ਹੈ। ਸੱਚ ਦੀ ਪ੍ਰਾਪਤੀ ਉਨ੍ਹਾਂ ਕਰਮਾਂ ਨਾਲ ਹੋ ਸਕਦੀ ਹੈ ਜਿਹੜੇ ਹੋਰ ਚੰਗੇ ਗੁਣ ਦਾ ਉਲੰਘਣ ਨਹੀਂ ਕਰਦੇ। *(ਸ਼ਾਂਤੀਪਰਵ ਕਾਂਡ 162, ਪਦ 4, 5, 8, 10)*

6
ਸਿੱਖਿਆ

ਕੋਈ ਨੇਤ੍ਰ, ਗਿਆਨ ਦੇ ਨੇਤ੍ਰ ਦੇ ਤੁਲ ਨਹੀਂ। ਕੋਈ ਤਪ, ਵਰਤ, ਸੱਚੇ ਕਰਮਾਂ ਦੇ ਸਮਾਨ ਨਹੀਂ। ਕੋਈ ਦੁੱਖ ਸੋਗ, ਕਾਮ ਵਾਸਨਾ ਦੇ ਬਰਾਬਰ ਨਹੀਂ। ਕੋਈ ਸੁੱਖ ਉਸ ਸੁੱਖ ਦਾ ਮੁਕਾਬਲਾ ਨਹੀਂ ਕਰ ਸਕਦਾ ਜਿਹੜਾ ਤਿਆਗ ਹੋ ਉਪਜਦਾ ਹੈ।

(ਸ਼ਾਂਤੀਪਰਵ ਕਾਂਡ 175, ਪਦ 35)

7
ਪਰਮਾਤਮਾ

ਧਰਤੀ, ਹਵਾ, ਪਾਣੀ, ਰੋਸ਼ਨੀ ਤੇ ਪੁਲਾੜ (ਆਕਾਸ਼) ਇਹ ਪੰਜ ਵੱਡੇ ਤੱਤ (ਮਹਾਭੂਤ) ਹਨ। ਇਹ ਹੀ ਸਾਰੀ ਸ੍ਰਿਸ਼ਟੀ ਦੇ ਜੀਵਾਂ ਦੀ ਹੋਂਦ ਦਾ ਤੇ ਵਿਨਾਸ਼ ਦਾ ਸੋਮਾ ਹਨ। ਜਿਵੇਂ ਸਾਗਰ ਵਿਚੋਂ ਪੈਦਾ ਹੁੰਦੀਆਂ ਲਹਿਰਾਂ ਉਸੇ ਸਾਗਰ ਵਿਚ ਸਮਾ ਜਾਂਦੀਆਂ ਹਨ, ਇਸੇ ਤਰ੍ਹਾਂ ਇਹ ਮਹਾਨ ਤੱਤ ਤੇ ਉਨ੍ਹਾਂ ਵਿਚੋਂ ਉਪਜੇ ਜੀਵ, ਇਸ ਅੰਤਿਮ ਸੋਮੇ ਵਿਚੋਂ ਹੀ ਉਪਜਦੇ ਤੇ ਉਸੇ ਵਿਚ ਮੁੜ ਜਾ ਕੇ ਸਮਾ ਜਾਂਦੇ ਹਨ। ਜਿਸ ਤਰ੍ਹਾਂ ਇਕ ਕਛੂਆ ਆਪਣੇ ਸਰੀਰ ਦੇ ਅੰਗ ਬਾਹਰ ਕੱਢਦਾ

ਹੈ ਤੇ ਫਿਰ ਉਨ੍ਹਾਂ ਨੂੰ ਅੰਦਰ ਕਰ ਲੈਂਦਾ ਹੈ। ਇਸੇ ਤਰ੍ਹਾਂ ਭੂ-ਆਤਮਾ ਸਾਰੇ ਜੀਵਾਂ ਨੂੰ ਪੈਦਾ ਕਰਦੀ ਹੈ ਤੇ ਫਿਰ ਉਨ੍ਹਾਂ ਨੂੰ ਆਪਣੇ ਵਿਚ ਸਮੋ ਲੈਂਦੀ ਹੈ। *(ਸ਼ਾਂਤੀਪਰਵ ਕਾਂਡ 194, ਪਦ 57)*

8 ਪਾਰਬ੍ਰਹਮ

ਮੈਂ ਉਸ (ਪ੍ਰਭੂ) ਨੂੰ, ਜਿਸ ਵਿਚੋਂ ਇਸ ਸਾਰੀ ਸ੍ਰਿਸ਼ਟੀ ਦਾ ਜਨਮ ਹੋਇਆ ਹੈ; ਉਸ ਨੂੰ ਜਿਸ ਨੂੰ ਜਾਣ ਕੇ ਆਤਮ ਸੰਜਮੀ ਪੁਰਸ਼ ਇਸ ਸੰਸਾਰ ਤੋਂ ਪਾਰ ਹੁੰਦੇ ਹਨ; ਉਸ ਨੂੰ ਜਿਸ ਨੂੰ ਵੇਦ ਮੰਤਰਾਂ ਤੇ ਸ਼ਬਦਾਂ ਵਿਚ ਸਪੱਸ਼ਟ ਤੌਰ ਤੇ ਬਿਆਨ ਨਹੀਂ ਕੀਤਾ ਗਿਆ, ਵੱਲ ਸੰਕੇਤ ਕਰਾਂਗਾ। ਉਹ ਸ਼ਕਤੀ (ਪ੍ਰਭੂ) ਸੁਆਦ, ਵਾਸਨਾ, ਆਵਾਜ਼, ਛੋਹ ਤੇ ਰੂਪ ਦੇ ਕਈ ਪ੍ਰਕਾਰ ਤੋਂ ਮੁਕਤ ਹੈ; ਉਹ ਜਿਹੜਾ ਰੂਪ ਤੇ ਸ਼ਕਲ ਤੇ ਰੰਗ ਤੋਂ ਬਿਨਾਂ ਹੈ ਤੇ ਜਿਸ ਵਰਗਾ ਹੋਰ ਕੋਈ ਨਹੀਂ, ਸਾਡੇ ਇੰਦ੍ਰਿਆਂ ਦੀ ਪਕੜ ਤੋਂ ਬਾਹਰ ਹੈ। ਉਸ (ਪ੍ਰਭੂ) ਨੇ ਇਹ ਪੰਜੇ ਇੰਦ੍ਰੇ ਪੈਦਾ ਕੀਤੇ ਹਨ। ਨਾ ਉਹ ਮਰਦ ਹੈ ਨਾ ਇਸਤ੍ਰੀ ਤੇ ਨਾ ਹੀ ਨਿਪੁੰਸਕ। ਉਹ ਨਾ 'ਹੋਂਦ' ਹੈ ਤੇ ਨਾ 'ਅਣਹੋਂਦ' ਨਾ ਹੀ 'ਹੋਂਦ-ਅਣਹੋਂਦ'।

ਉਹ (ਪ੍ਰਭੂ) ਅਕਾਲ ਪੁਰਖ ਅੱਖਰ ਹੈ ਜਿਸ ਨੂੰ ਬ੍ਰਹਮ ਦੇ ਪਾਰਖੂ ਹੀ ਅਨੁਭਵ ਕਰ ਸਕਦੇ ਹਨ ਤੇ ਉਨ੍ਹਾਂ ਨੂੰ ਹੀ ਇਹ ਗਿਆਨ ਹੈ ਕਿ ਪਰਮਾਤਮਾ ਅਬਿਨਾਸੀ ਹੈ।

(ਸ਼ਾਂਤੀਪਰਵ ਕਾਂਡ 201, ਪਦ 25, 27)

ਮਨੂੰ ਸਿਮ੍ਰਤੀ

9 ਧਰਮ

ਜਦ ਧਰਮ ਦਾ ਉਲੰਘਣ (ਬੇਅਦਬੀ) ਹੁੰਦਾ ਹੈ ਤਾਂ ਤਬਾਹੀ ਹੁੰਦੀ ਹੈ। ਜਦ ਧਰਮ ਦਾ ਪਾਲਣ ਹੁੰਦਾ ਹੈ ਤਾਂ ਸੰਸਾਰ ਦਾ ਪਾਲਣ ਹੁੰਦਾ ਹੈ। ਇਸ ਲਈ ਧਰਮ ਦਾ ਉਲੰਘਣ ਨਹੀਂ ਕਰਨਾ ਚਾਹੀਦਾ ਤਾਂ ਜੋ ਅਜਿਹਾ ਨਾ ਹੋਵੇ ਕਿ ਧਰਮ ਦੀ ਇਹ ਉਲੰਘਣਾ ਸਾਨੂੰ ਨਸ਼ਟ ਹੀ ਕਰ ਦੇਵੇ। *(VIII, 15)*

10 ਕੁੱਝ ਲੋਕ ਕਹਿੰਦੇ ਹਨ ਕਿ ਧਰਮ ਦੇ ਅਰਥ ਕਲਿਆਣਕਾਰੀ ਹਨ; ਕੁੱਝ (ਲੋਕ) ਇਹ ਆਖਦੇ ਹਨ ਕਿ ਕਾਮ ਤੇ ਅਰਥ ਕਲਿਆਣਕਾਰੀ ਹਨ ਤੇ ਕੁੱਝ ਲੋਕ ਇਹ ਵੀ ਕਹਿੰਦੇ ਹਨ ਨਿਰਾ ਧਰਮ ਹੀ ਚੰਗਾ ਹੈ ਜਾਂ ਨਿਰਾ ਭੋਗ ਹੀ ਚਾਹੁੰਣ ਯੋਗ ਚੀਜ਼ ਹੈ। ਪਰੰਤੂ ਦਰੁਸਤ ਖ਼ਿਆਲ ਇਹ ਹੈ ਇਹ ਤਿੰਨੇ ਇਕਸੁਰ ਹੋ ਕੇ ਇਕੱਠੇ ਰਹਿਣੇ ਚਾਹੀਦੇ

ਹਨ। *(II, 224)*

11 ਸੁੱਖ-ਦੁੱਖ (ਸਾਡੇ ਨਾਲ ਸੰਬੰਧ ਰੱਖਣ ਵਾਲੀ) ਹਰ ਉਹ ਚੀਜ਼ ਜਿਹੜੀ ਦੂਜਿਆਂ ਤੇ ਨਿਰਭਰ ਹੈ (ਸਾਡੇ ਲਈ) ਦੁੱਖਦਾਇਕ ਹੈ; ਤੇ ਹਰ ਉਹ ਚੀਜ਼, ਜਿਹੜੀ ਸਾਡੇ ਆਪਣੇ ਤੇ ਨਿਰਭਰ ਹੈ, ਸੁਖਦਾਇਕ ਹੈ। (ਤੁਸੀਂ) ਇਹ ਜਾਣ ਲਉ ਕਿ ਸੁੱਖ ਤੇ ਦੁੱਖ ਦੀ ਇਹ ਹੀ ਸੰਖੇਪ ਤਾਰੀਫ਼ ਹੈ (ਲੱਛਣ ਹਨ)। ਜਦੋਂ ਕਿਸੇ ਕੰਮ ਦੇ ਕਰਨ ਨਾਲ ਕਿਸੇ ਮਨੁੱਖ ਦਾ ਚਿੱਤ ਪ੍ਰਸੰਨ ਹੁੰਦਾ ਹੈ ਤਾਂ ਉਹ ਉਸ ਕੰਮ ਨੂੰ ਬੜੀ ਮਿਹਨਤ ਨਾਲ ਕਰੇ; ਪਰ ਜੇ ਉਸ ਦੇ ਉਲਟ ਹੋਵੇ ਤਾਂ ਉਸ ਤੇ ਬਚੇ।

(IV, 160-61)

12 ਸੁੱਖ ਦਾ ਉਪਾ ਵੇਦਾਂ ਦਾ ਅਧਿਐਨ, ਤਪੱਸਿਆ, ਗਿਆਨ ਦੀ ਪ੍ਰਾਪਤੀ, ਆਪਣੇ ਇੰਦ੍ਰਿਆਂ ਦਾ ਵਸੀਕਰਨ, ਹਿੰਸਾ ਤੋਂ ਬਚਣਾ ਤੇ ਗੁਰੂ ਦੀ ਸੇਵਾ ਕਰਨਾ ਪਰਮ ਅਨੰਦ ਦੀ ਪ੍ਰਾਪਤੀ ਦੇ ਸਭ ਤੋਂ ਚੰਗੇ ਸਾਧਨ ਹਨ।

(XII, 83)

ਵਿਸ਼ਨੂੰ ਸਿਮ੍ਰਤੀ

13 ਵਿਦਿਆਰਥੀ ਦੇ ਕਰਤੱਵ ਕਿਸੇ ਸ਼ਿਸ਼ (ਵਿਦਿਆਰਥੀ) ਨੂੰ ਭੈੜੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ, ਉਸ ਨੂੰ ਝੂਠ ਨਹੀਂ ਬੋਲਣਾ ਚਾਹੀਦਾ; ਉਸ ਨੂੰ ਦੁੱਖਾਵੇਂ ਬਚਨ ਨਹੀਂ ਬੋਲਣੇ ਚਾਹੀਦੇ; ਉਸ ਨੂੰ ਕਿਸੇ ਦੇ ਸਰੀਰ ਦੇ ਨਾਜ਼ਕ ਤੇ ਮਰ੍ਹਮੀ ਅੰਗ ਤੇ ਸੱਟ ਨਹੀਂ ਮਾਰਨੀ ਚਾਹੀਦੀ; ਜੇਕਰ ਉਹ ਚਿਰੰਜੀਵ ਜੀਵਨ ਮਾਣਨਾ ਚਾਹੁੰਦਾ ਹੈ ਤਾਂ ਉਸ ਨੂੰ ਆਪਣੇ ਆਪ ਤੋਂ ਘਿਰਣਾ ਨਹੀਂ ਕਰਨੀ ਚਾਹੀਦੀ। *(LXXI, 72-76)*

14 ਆਤਮ-ਸੰਜਮ ਕਿਸੇ ਬ੍ਰਹਮ ਵਿਦਿਆ ਦੇ ਵਿਦਿਆਰਥੀ ਨੂੰ ਆਪਣਾ ਮਨ ਤੇ ਇੰਦ੍ਰੇ ਆਪਣੇ ਕਾਬੂ ਵਿਚ ਰੱਖਣ ਦਾ ਯਤਨ ਕਰਨਾ ਚਾਹੀਦਾ ਹੈ। ਮਨ ਤੇ ਕਾਬੂ ਰੱਖਣ ਦਾ ਮਤਲਬ ਹੀ ਆਪਣੀਆਂ ਇੰਦ੍ਰੀਆਂ (ਅਨੁਭਵ ਸ਼ਕਤੀ) ਤੇ ਕਾਬੂ ਰੱਖਣਾ ਚਾਹੀਦਾ ਹੈ। ਜਿਸ ਨੇ ਆਪਣੇ ਆਪ ਨੂੰ ਪੂਰਨ ਤੌਰ ਤੇ ਵਸ ਵਿਚ ਕਰ ਲਿਆ ਹੈ, ਉਹ ਲੋਕ ਪ੍ਰਲੋਕ ਦੋਵੇਂ ਸਵਾਰ ਲੈਂਦਾ ਹੈ। ਜਿਸ ਦਾ ਮਨ ਆਪਣੇ ਕਾਬੂ ਵਿਚ ਨਹੀਂ ਉਸ ਦਾ ਕੋਈ ਕਰਮ (ਆਰਥਿਕ ਜਾਂ ਆਤਮਿਕ) ਫਲੀਭੂਤ ਨਹੀਂ ਹੁੰਦਾ। ਆਪਣੇ ਆਪ ਨੂੰ ਸ਼ੁੱਧ ਜਾਂ ਪਵਿੱਤਰ ਕਰਨ ਦਾ ਸਭ ਤੋਂ ਚੰਗਾ ਸਾਧਨ ਸ੍ਵੈਕਾਬੂ ਹੀ ਹੈ। ਸ੍ਰੇਸ਼ਟ ਪਦਾਰਥਾਂ ਵਿਚੋਂ ਸ੍ਵੈਕਾਬੂ ਸਰਬ ਸ੍ਰੇਸ਼ਟ ਹੈ।

ਅਜਿਹਾ ਕਰਨ ਨਾਲ (ਸ੍ਵੈਕਾਬੂ) ਉਹ ਸੰਸਾਰ ਦੀ ਕਿਸੇ ਚੀਜ਼ ਨੂੰ ਆਪਣੇ ਮਨ ਦੀ ਇੱਛਾ ਅਨੁਸਾਰ ਪ੍ਰਾਪਤ ਕਰ ਸਕਦਾ ਹੈ।

(LXXII, 1-5)

ਭਗਵਦ ਗੀਤਾ

15 *ਗਿਆਨ ਮਾਰਗ* ਕੇਵਲ ਨਿਸ਼ਚੇ ਤੇ ਸ਼ਰਧਾ ਵਾਲਾ ਪੁਰਸ਼ ਹੀ ਤੱਤ (ਗਿਆਨ) ਪ੍ਰਾਪਤ ਕਰ ਸਕਦਾ ਹੈ। ਉਹ ਪੁਰਸ਼ ਜਿਹੜਾ ਇਸ ਨੂੰ ਪ੍ਰਾਪਤ ਕਰਨ ਤੇ ਤੁਲਿਆ ਹੋਇਆ ਹੈ ਤੇ ਜਿਸ ਨੂੰ ਆਪਣੇ ਇੰਦ੍ਰਿਆਂ ਤੇ ਕਾਬੂ ਹੈ, ਗਿਆਨ ਦੀ ਪ੍ਰਾਪਤੀ ਕਰਨ ਮਗਰੋਂ ਉਹ ਛੇਤੀ ਹੀ ਪੂਰਨ ਸ਼ਾਂਤੀ ਨੂੰ ਪ੍ਰਾਪਤ ਕਰ ਲੈਂਦਾ ਹੈ। *(IV, 39)*

16 *ਸੱਚਾ ਯੋਗੀ* ਆਤਮਾ ਨਾਲ ਹੀ ਆਤਮਾ ਨੂੰ ਉੱਚਾ ਲੈ ਜਾਣਾ ਉਚਿਤ ਹੈ, ਆਤਮਾ ਨੂੰ ਪਿੱਛੇ ਨਾ ਸੁੱਟੇ। ਆਤਮਾ ਹੀ ਆਤਮਾ ਦਾ ਸਰਬ ਸ੍ਰੇਸ਼ਟ ਮਿੱਤਰ ਹੈ ਤੇ ਆਤਮਾ ਹੀ ਆਤਮਾ ਦਾ ਵੱਡਾ ਵੈਰੀ ਹੈ। ਜਿਸ ਨੇ ਆਪਣੇ ਆਪੇ (ਖ਼ੁਦੀ) ਨੂੰ ਆਪ ਜਿੱਤ ਲਿਆ ਹੈ ਉਸ ਦਾ ਆਪਾ ਉਸ ਦਾ ਮਿੱਤਰ ਹੈ ਪ੍ਰੰਤੂ ਜਿਸ ਨੇ ਇਸ ਨੂੰ ਨਹੀਂ ਜਿੱਤਿਆ ਤੇ ਇਸ ਤਰ੍ਹਾਂ ਆਪਣਾ ਆਪ ਹੀ ਵੈਰੀ ਹੈ, ਤਾਂ ਉਸ ਦਾ ਆਪਾ (ਖ਼ੁਦੀ) ਵੀ ਉਸ ਨਾਲ ਵੈਰੀਆਂ ਵਾਲਾ ਵਰਤਾ ਕਰੇਗਾ। ਆਪਣੇ ਆਪੇ ਨੂੰ ਜਿੱਤ ਚੁੱਕੇ ਤੇ ਸ਼ਾਂਤ ਚਿੱਤ ਮਨੁੱਖ ਦਾ ਪਰਮ ਮਨ ਗਰਮੀ, ਸਰਦੀ, ਸੁੱਖ ਜਾਂ ਦੁੱਖ, ਮਾਨ, ਅਪਮਾਨ ਸਭ ਹਾਲਤਾਂ ਵਿਚ ਸਮਾਧੀ ਸਥਿਤ ਰਹਿੰਦਾ ਹੈ। ਉਸ ਦਾ ਮਨ (ਆਪਾ) ਸਿਆਣਪ, ਸੰਤੋਖ ਤੇ ਬਿਬੇਕ ਨਾਲ ਭਰਪੂਰ ਹੋ ਕੇ ਅਡੋਲ ਹੋ ਜਾਂਦਾ ਹੈ। ਇਸ ਤਰ੍ਹਾਂ ਆਪਣੇ ਇੰਦ੍ਰਿਆਂ ਨੂੰ ਕਾਬੂ ਕਰਕੇ ਯੋਗ ਕਰਨ ਵਾਲਾ ਯੋਗੀ ਅਖਵਾਂਦਾ ਹੈ ਤੇ ਉਸ ਲਈ ਮਿੱਟੀ ਦੇ ਢੇਲੇ, ਪੱਥਰ ਤੇ ਸੋਨਾ ਸਭ ਇਕ ਸਮਾਨ ਹੁੰਦੇ ਹਨ। ਉਹ ਪੁਰਸ਼ ਉੱਤਮ ਹੈ ਜਿਸ ਦਾ ਵਤੀਰਾ ਮਿੱਤਰ, ਸਾਥੀ, ਵੈਰੀ, ਨਿਰਪੱਖੀ ਤਤਸਥ ਵੈਰ ਭਾਵ ਵਾਲੇ, ਸੰਬੰਧੀ ਚੰਗੇ ਤੇ ਮਾੜੇ ਵੱਲ ਇਕ ਸਮਾਨ ਹੈ। *(VI, 5, 9)*

(ਸ੍ਰੀ ਕ੍ਰਿਸ਼ਨ ਜੀ) ਨੇ ਕਿਹਾ :

17 *ਕਰਮ ਯੋਗ* ਵੇਦ ਤ੍ਰੈਗੁਣੀ ਸੰਸਾਰ ਦਾ ਵਿਚਾਰ ਦਿੰਦੇ ਹਨ; ਹੇ ਅਰਜਨ! ਤੂੰ ਆਪਣੇ ਆਪ ਨੂੰ ਇਨ੍ਹਾਂ ਤਿੰਨਾਂ (ਅਵਸਥਾਵਾਂ) ਤੋਂ ਮੁਕਤ ਕਰ। ਤੂੰ ਆਪਣੇ ਆਪ ਨੂੰ ਹਮੇਸ਼ਾਂ ਸਤਸ (ਸੱਚਾਈ) ਵਿਚ ਲੀਨ ਕਰ ਕੇ

ਦੁਬਿਧਾ ਦੀ ਭਾਵਨਾ ਤੋਂ ਸੁਤੰਤਰ ਕਰ। ਲਾਭ ਦੇ ਕਬਜ਼ੇ ਦੀ ਚਾਹ ਤੋਂ ਆਪਣੇ ਆਪ ਨੂੰ ਮੁਕਤ ਕਰਕੇ ਆਪਣਾ ਮਾਲਕ ਬਣ ਜਾ। ਇਕ ਬ੍ਰਹਮ-ਗਿਆਨੀ ਲਈ ਵੇਦਾਂ ਦਾ ਉਤਨਾ ਹੀ ਲਾਭ ਹੈ ਜਿਤਨਾ ਇਕ ਪਾਣੀ ਨਾਲ ਭਰਪੂਰ ਤਾਲਾਬ ਦਾ ਹੁੰਦਾ ਹੈ ਜਦੋਂ ਕਿ ਗਿਰਦ ਚਾਰੇ ਪਾਸੇ ਪਾਣੀ ਦਾ ਹੜ੍ਹ ਆਇਆ ਹੋਇਆ ਹੋਵੇ। ਤੂੰ ਆਪਣੀ ਸਾਰੀ ਦਿਲਚਸਪੀ ਆਪਣੇ ਕਰਮ ਵਿਚ ਰੱਖ, ਨਾ ਕਿ ਇਸ ਦੇ ਫਲ ਵਿਚ। ਕਰਮ ਦਾ ਫਲ ਤੇਰਾ ਮੰਤਵ ਨਹੀਂ ਹੋਣਾ ਚਾਹੀਦਾ, ਤੇ ਨਾ ਹੀ ਤੈਨੂੰ ਕਰਮ ਦਾ ਤਿਆਗ ਕਰ ਕੇ ਆਲਸੀ ਹੋਣਾ ਚਾਹੀਦਾ ਹੈ। ਹੇ ਧਨੰਜਯ! ਤੂੰ ਨਿਸ਼ਕਾਮ ਹੋ ਕੇ ਕਰਮ ਕਰ, ਯੋਗ ਵਿਚ ਦ੍ਰਿੜ੍ਹ ਰਹਿ, ਸਫ਼ਲਤਾ ਜਾਂ ਅਸਫ਼ਲਤਾ ਦੀ ਪਰਵਾਹ ਨਾ ਕਰ। ਯੋਗ ਦਾ ਅਰਥ ਹੈ ਸਮਚਿਤ ਹੋਣਾ। ਹੇ ਧਨੰਜਯ! ਸਾਕਾਮ ਕਰਮ ਨਿਸ਼ਕਾਮ ਕਰਮ ਤੋਂ ਬਹੁਤ ਘਟੀਆ ਹੈ, ਤੂੰ ਨਿਸ਼ਕਾਮਤਾ ਦੀ ਸ਼ਰਨ ਲੈ ਜਿਹੜੇ ਕਰਮ ਦੇ ਫਲ ਨੂੰ ਆਪਣਾ ਮੰਤਵ ਬਣਾਉਂਦੇ ਹਨ, ਬੜੇ ਮੰਦਭਾਗੇ ਤੇ ਦੁੱਖੀ ਹਨ। ਨਿਸ਼ਕਾਮ ਦ੍ਰਿਸ਼ਟੀਕੋਣ ਨਾਲ ਜੀਵ ਸੰਸਾਰ ਵਿਚ ਪਾਪ ਪੁੰਨ ਤੋਂ ਬਚ ਜਾਂਦਾ ਹੈ। ਇਸ ਲਈ ਇਸ ਯੋਗ ਲਈ ਯਤਨ ਕਰ। ਯੋਗ ਦਾ ਅਰਥ ਹੈ ਕਰਮ ਵਿਚ ਕੁਸ਼ਲ ਹੋਣਾ।

(II, 45, 50)

ਅਰਜੁਨ ਨੇ ਕਿਹਾ :

18 ਹੇ ਕੇਸ਼ਵ, ਉਸ ਪੁਰਸ਼ ਦੇ ਕੀ ਲੱਛਣ ਹਨ ਜਿਸ ਨੂੰ ਸਹਿਜ ਗਿਆਨ ਪ੍ਰਾਪਤ ਹੋਇਆ ਹੈ ਅਤੇ ਜਿਸ ਦਾ ਮਨ ਸਮਾਧੀ ਸਥਿਤ ਹੈ? ਸਹਿਜ ਸਮਾਧੀ ਵਾਲਾ ਮਨੁੱਖ ਕਿਵੇਂ ਬੈਠਦਾ, ਚਲਦਾ ਤੇ ਗੱਲਬਾਤ ਕਰਦਾ ਹੈ?

ਤਤ੍ਵ ਗਿਆਨੀ

ਭਗਵਾਨ (ਸ੍ਰੀ ਕ੍ਰਿਸ਼ਨ) ਨੇ ਕਿਹਾ :

ਹੇ ਪਾਰਥ, ਜਦੋਂ ਕੋਈ ਮਨੁੱਖ ਆਪਣੀ ਸਾਰੀ ਮਨ ਦੀ ਤ੍ਰਿਸ਼ਨਾ ਛੱਡ ਕੇ ਆਪਣੀ ਆਤਮਾ ਵਿਚੋਂ ਆਨੰਦ ਪ੍ਰਾਪਤ ਕਰਦਾ ਹੈ ਤਾਂ ਉਸ ਨੂੰ ਪੱਕੀ ਸਮਝ (ਗਿਆਨ) ਵਾਲਾ ਪੁਰਸ਼ ਕਿਹਾ ਜਾਂਦਾ ਹੈ। ਜਿਸ ਦਾ ਮਨ ਸੋਗ ਵਿਚ ਸਥਿਰ ਰਹਿੰਦਾ ਹੈ ਤੇ ਜਿਸ ਨੂੰ ਹਰਖ ਦੀ ਇੱਛਾ ਨਹੀਂ ਹੈ, ਜੋ ਕਾਮ, ਭੈ, ਕ੍ਰੋਧ ਤੋਂ ਮੁਕਤ ਹੈ, ਉਸ ਪੁਰਸ਼ ਨੂੰ 'ਮੁਨੀ' ਕਿਹਾ ਜਾਂਦਾ ਹੈ, ਅਥਵਾ ਪਾਇਦਾਰ ਸੂਝਵਾਨ। ਜਿਸ ਨੂੰ ਕਿਸੇ

ਵਸਤੂ ਦੀ ਇੱਛਾ ਨਹੀਂ, ਜੋ ਨਾ ਇਸ ਨਾ ਉਸ ਚੰਗੀ ਵਸਤੂ ਨੂੰ ਪ੍ਰਾਪਤ ਕਰਕੇ ਹਰਖ ਮੰਨਦਾ ਹੈ ਨਾ ਮਾੜੀ ਨੂੰ ਪ੍ਰਾਪਤ ਹੋਣ ਤੇ ਸੋਗ ਮੰਨਦਾ ਹੈ, ਉਹ ਹੀ ਪੱਕਾ ਗਿਆਨੀ ਹੈ। ਜਦੋਂ ਇਕ ਪੁਰਸ਼ ਇਕ ਕਛੂਏ ਵਾਂਗ ਜਿਹੜਾ ਆਪਣੇ ਸਰੀਰ ਦਾ ਹਿੱਸਾ ਬਾਹਰ ਕੱਢ ਕੇ ਮੁੜ ਆਪਣੇ ਅੰਦਰ ਸਮੇਟ ਲੈਂਦਾ ਹੈ, ਉਹ ਸੂਝਵਾਨ ਪੁਰਸ਼ ਆਪਣੀਆਂ ਮਨੋ-ਬਿਰਤੀਆਂ ਬਾਹਰਲੇ ਪਦਾਰਥਾਂ ਤੋਂ ਮੋੜ ਕੇ ਅੰਤਰ ਧਿਆਨ ਹੋ ਜਾਂਦਾ ਹੈ ਤਾਂ ਅਜਿਹੇ ਮਨੁੱਖ ਦੀ ਸੂਝ ਪਾਇਦਾਰ ਤੇ ਮੁਸਤਕਿਲ ਹੁੰਦੀ ਹੈ। *(XI, 54, 58)*

(ਸ੍ਰੀ ਕ੍ਰਿਸ਼ਨ) ਮਹਾਰਾਜ ਨੇ ਕਿਹਾ :

19

ਰੱਬੀ ਤੇ ਅਸੁਰੀ ਮਨੁੱਖ ਦੇ ਲੱਛਣ

ਨਿਰਭੈਤਾ, ਚਿਤਸ਼ੁੱਧੀ, ਯੋਗ ਵਿਚ ਦ੍ਰਿੜ੍ਹਤਾ ਤੇ ਇਕਾਗਰਤਾ, ਦਾਨ, ਸ੍ਵੈ-ਕਾਬੂ, ਯਗ, ਧਰਮ ਗ੍ਰੰਥਾਂ ਦਾ ਅਧਿਐਨ, ਤਪ, ਸਰਲਤਾ, ਅਹਿੰਸਾ, ਸੱਚਾਈ, ਕ੍ਰੋਧ ਦੀ ਅਣਹੋਂਦ, ਸ਼ਾਂਤੀ, ਨਿੰਦਾ, ਚੁਗਲੀ ਨਾ ਕਰਨਾ, ਜੀਵਾਂ ਤੇ ਤਰਸ ਕਰਨਾ, ਲਾਲਚ ਤੋਂ ਮੁਕਤੀ, ਸੁਭਾਅ ਦੀ ਨਰਮੀ, ਸ਼ਰਮਸਾਰੀ, ਮਾਫ਼ ਕਰ ਦੇਣਾ, ਸਹਿ ਜਾਣਾ, ਹੰਕਾਰ ਤੇ ਕੀਨੇ ਤੋਂ ਖ਼ਾਲੀ ਹੋਣਾ, ਹੇ ਭਾਰਤ! ਇਹ ਉਸ ਸੁਰੀ ਪੁਰਸ਼ ਦੇ ਗੁਣ ਹਨ ਜਿਹੜਾ ਰੱਬੀ ਬਖ਼ਸ਼ਿਸ਼ਾਂ (ਵਿਰਸਾ) ਲੈ ਕੇ ਆਇਆ ਹੈ।

ਜ਼ਾਹਰਦਾਰੀ ਜਾਂ ਪਖੰਡ, ਹੰਕਾਰ, ਹਊਮੈ, ਕ੍ਰੋਧ, ਭੱਦਾਪਨ, ਅਗਿਆਨਤਾ, ਇਹ ਲੱਛਣ ਉਸ ਅਸੁਰੀ ਮਨੁੱਖ ਦੇ ਹਨ ਜਿਹੜਾ ਸ਼ੈਤਾਨੀ ਵਿਰਸਾ ਲੈ ਕੇ ਆਇਆ ਹੈ। ਕਾਮ, ਕ੍ਰੋਧ ਤੇ ਲੋਭ ਨਰਕ ਦੇ ਦਰਵਾਜ਼ੇ ਹਨ ਜਿਹੜੇ ਮਨੁੱਖ ਨੂੰ ਮੁਕੰਮਲ ਬਰਬਾਦੀ ਵੱਲ ਲੈ ਜਾਂਦੇ ਹਨ। ਇਸ ਲਈ ਇਨ੍ਹਾਂ ਤਿੰਨਾਂ ਤੋਂ ਬਚਣਾ ਚਾਹੀਦਾ ਹੈ।

(XVI, 1, 4, 21)

ਭਗਵਾਨ (ਸ੍ਰੀ ਕ੍ਰਿਸ਼ਨ ਜੀ) ਨੇ ਕਿਹਾ :

20

ਅਵਤਾਰ ਦਾ ਸਿਧਾਂਤ

ਭਾਵੇਂ ਮੈਂ ਜਨਮ ਤੇ ਮਰਨ ਤੋਂ ਰਹਿਤ ਹਾਂ, ਸਾਰੀ ਸ੍ਰਿਸ਼ਟੀ ਦਾ ਮਾਲਕ ਹਾਂ ਪ੍ਰੰਤੂ ਫਿਰ ਵੀ ਆਪਣੇ ਆਪ ਤੇ ਨਿਯੰਤ੍ਰਣ (ਕਾਬੂ) ਕਰ ਕੇ ਮੈਂ ਬੜੇ ਭੇਤ ਭਰੇ ਢੰਗ ਨਾਲ ਹੋਂਦ ਵਿਚ ਆਉਂਦਾ ਹਾਂ। ਜਦ ਕਦੇ ਧਰਮ ਦਾ ਅਭਾਵ ਹੁੰਦਾ ਹੈ ਤੇ ਅਧਰਮ ਫੈਲਦਾ ਹੈ, ਮੈਂ ਜਨਮ ਧਾਰਦਾ ਹਾਂ। ਧਰਮ ਤੇ ਚੰਗਿਆਈ ਨੂੰ ਬਚਾਣ ਲਈ, ਬਦੀ ਨੂੰ ਮਿਟਾਣ ਲਈ ਤੇ ਧਰਮ ਨੂੰ ਫਿਰ ਕਾਇਮ ਕਰਨ ਲਈ ਮੈਂ ਵਾਰ

ਵਾਰ ਜਨਮ ਲੈਂਦਾ ਹਾਂ। ਹੇ ਅਰਜੁਨ! ਜਿਹੜਾ ਕੋਈ ਮੇਰੀ ਰੱਬੀ ਹਸਤੀ ਤੇ ਸ਼ਕਤੀ ਨੂੰ ਸੱਚੇ ਰੂਪ ਵਿਚ ਜਾਣ ਜਾਂਦਾ ਹੈ ਉਹ ਆਪਣਾ ਸਰੀਰ ਛੱਡਣ ਮਗਰੋਂ ਫਿਰ ਪੈਦਾ ਨਹੀਂ ਹੁੰਦਾ, ਉਹ ਮੇਰੇ ਵਿਚ ਸਮਾ ਜਾਂਦਾ ਹੈ। *(IV. 6, 9)*

ਅਰਜੁਨ ਨੇ ਕਿਹਾ :

21
ਭਗਤੀ ਯੋਗ

ਹੇ ਭਗਵਾਨ, ਉਹ ਜਿਹੜੇ ਮੁਤਵਾਤਰ ਪ੍ਰੇਮ ਨਾਲ ਤੇ ਬੜੇ ਕਰੜੇ ਨਿਯੰਤਰਣ (ਜ਼ਬਤ) ਵਿਚ ਤੁਹਾਡੀ ਪੂਜਾ ਡੂੰਘੀ ਭਾਵਨਾ ਤੇ ਸਿਦਕ ਨਾਲ ਕਰਦੇ ਹਨ ਤੇ ਦੂਸਰੇ ਉਹ ਜਿਹੜੇ ਅਕਾਲ ਤੇ ਅਪ੍ਰਤੱਖ ਦੀ ਉਪਾਸ਼ਨਾ ਕਰਦੇ ਤੇ ਉਸ ਨੂੰ ਸਤਿਕਾਰਦੇ ਹਨ ਇਨ੍ਹਾਂ ਵਿਚੋਂ ਕਿਹੜੇ ਪੁਰਸ਼ ਯੋਗ ਦੇ ਸ੍ਰੇਸ਼ਟ ਜਾਣੂ ਹਨ?

ਭਗਵਾਨ (ਸ੍ਰੀ ਕ੍ਰਿਸ਼ਨ ਜੀ) ਨੇ ਕਿਹਾ :

ਮੈਂ ਉਨ੍ਹਾਂ ਨੂੰ ਜਿਹੜੇ ਆਪਣਾ ਮਨ ਮੇਰੇ ਤੇ ਟਿਕਾ ਕੇ ਸਦਾ ਆਪਣੇ ਕਾਬੂ ਵਿਚ ਰਹਿ ਕੇ, ਮੇਰੀ ਪੂਜਾ ਸੱਚੇ ਪ੍ਰੇਮ ਨਾਲ ਕਰਦੇ ਹਨ, ਮੈਂ ਉਨ੍ਹਾਂ ਨੂੰ ਉੱਚਤਮ ਯੋਗੀ ਜਾਣਦਾ ਹਾਂ। ਪਰੰਤੂ ਜਿਹੜੇ ਉਸ ਦੀ ਪੂਜਾ ਕਰਦੇ ਹਨ ਜਿਹੜਾ ਨਾਸ਼ ਨਹੀਂ ਹੁੰਦਾ, ਜਿਸ ਦਾ ਵਰਣਨ ਨਹੀਂ ਕੀਤਾ ਜਾ ਸਕਦਾ, ਜਿਹੜਾ ਪ੍ਰਗਟ ਨਹੀਂ ਹੁੰਦਾ, ਸਰਬ-ਵਿਆਪੀ ਹੈ, ਸਾਰੀ ਸੋਚ ਤੋਂ ਬਾਹਰ ਹੈ, ਅਹਿਲ ਹੈ ਅਤੇ ਸਦਾ ਇਕ ਸਰੂਪ ਹੈ ਤੇ ਇਕ ਥਾਂ ਤੇ ਕਾਇਮ ਹੈ, ਤੇ ਅਜਿਹਾ ਕਰਦਿਆਂ ਆਪਣੀਆਂ ਸਰੀਰਕ ਵਾਸ਼ਨਾਵਾਂ ਨੂੰ ਕਾਬੂ ਵਿਚ ਰੱਖਦੇ, ਸਭ ਵੱਲ ਸਮਝ ਦ੍ਰਿਸ਼ਟੀ ਰੱਖਦੇ ਤੇ ਮਨੁੱਖਤਾ ਦੇ ਭਲੇ ਵਿਚ ਖ਼ੁਸ਼ੀ ਮਾਣਦੇ ਹਨ, ਉਹ ਵੀ ਮੈਨੂੰ ਪ੍ਰਾਪਤ ਕਰ ਲੈਂਦੇ ਹਨ। ਪਰੰਤੂ ਉਨ੍ਹਾਂ ਦੀ ਘਾਲ ਬੜੀ ਔਖੀ ਹੈ ਜਿਨ੍ਹਾਂ ਦੇ ਮਨ ਉਸ ਅਣਦਿਸਦੇ (ਸੂਖਮ) ਪਰਮਾਤਮਾ ਉੱਪਰ ਟਿਕੇ ਹੋਏ ਹਨ। ਸਰੀਰਾਂ ਵਿਚ ਪਸਰੀਆਂ ਆਤਮਾਵਾਂ (ਰੂਹਾਂ) ਲਈ ਉਸ ਅਪ੍ਰਗਟ ਦੇ ਨਿਸ਼ਾਨੇ ਤਕ ਠੀਕ ਪਹੁੰਚਣਾ ਕਠਿਨ ਹੈ। ਪਰੰਤੂ, ਹੇ ਪਾਰਥ, ਜਿਹੜੇ ਆਪਣੇ ਸਾਰੇ ਕਰਮ ਮੈਨੂੰ ਸੌਂਪ ਕੇ ਮੇਰੇ ਤੇ ਦ੍ਰਿੜ੍ਹ ਵਿਸ਼ਵਾਸ ਕਰਕੇ, ਮੇਰੀ ਅਰਾਧਨਾ ਕਰ ਕੇ, ਇਕ ਮਨ ਚਿੱਤ ਹੋ ਕੇ, ਮੇਰੀ ਪੂਜਾ ਕਰਦੇ ਹਨ ਮੈਂ ਉਨ੍ਹਾਂ ਦੀ ਰੱਖਿਆ ਤੇ ਮੁਕਤੀ ਕਰਦਾ ਹਾਂ। *(XII. 1, 7)*

22 ਉਹ ਦ੍ਰਿੜ੍ਹ ਵਿਸ਼ਵਾਸੀ ਤੇ ਭਰਮ ਰਹਿਤ ਲੋਕ ਹਨ, ਉਹ ਲੋਕ
ਪਰਮ ਪਦ ਜਿਨ੍ਹਾਂ ਵਿਚ ਹੰਕਾਰ ਤੇ ਭੁਲੇਖਾ ਨਹੀਂ, ਉਹ ਜਿਹੜੇ ਹਮੇਸ਼ਾਂ ਪਰਮਾਤਮਾ ਨਾਲ ਇਕਸੁਰ ਰਹਿੰਦੇ ਹਨ, ਉਹ ਜਿਨ੍ਹਾਂ ਨੇ ਆਪਣੀਆਂ ਖ਼ਾਹਸ਼ਾਂ ਨੂੰ ਖ਼ਤਮ ਕਰ ਦਿੱਤਾ ਹੈ, ਉਹ ਜਿਹੜੇ ਦੁੱਖ, ਸੁੱਖ ਦੇ ਦ੍ਵੰਦ ਤੋ ਮੁਕਤ ਹਨ, ਉਹ ਪਰਮ ਪਦਵੀ ਨੂੰ ਪ੍ਰਾਪਤ ਹੁੰਦੇ ਹਨ, ਜਿਹੜੀ ਅਟੱਲ ਤੇ ਸਦੀਵੀ ਹੈ। ਉਸ ਸੱਚੀ, ਸਦੀਵੀ ਦਰਗਾਹ ਤੇ ਸੂਰਜ ਨਹੀਂ ਚਮਕਦਾ, ਨਾ ਉੱਥੇ ਚੰਨ ਹੈ ਤੇ ਨਾ ਅਗਨੀ। ਜੋ ਉੱਥੇ ਜਾਂਦਾ ਹੈ ਮੁੜ ਪਰਤ ਕੇ ਨਹੀਂ ਆਉਂਦਾ, ਉਹ ਮੇਰੀ ਉੱਚਤਮ ਥਾਂ ਹੈ।

(XV, 5, 6)

ਬਰਿਹਦ ਆਰਣਿਕ ਉਪਨਿਸ਼ਦ

23 ਤੁਹਾਡਾ ਤੇ ਤੁਹਾਡੀ ਆਤਮਾ ਦਾ ਆਧਾਰ ਕੀ ਹੈ?
ਆਤਮਾ (ਬ੍ਰਹਮ) ਇਨ੍ਹਾਂ ਦਾ ਆਧਾਰ ਪ੍ਰਾਣ ਹੈ।
ਪ੍ਰਾਣ ਦਾ ਆਧਾਰ ਕੀ ਹੈ?
ਇਨ੍ਹਾਂ ਦਾ ਆਧਾਰ ਆਪਾਨ।
ਆਪਾਨ ਦਾ ਆਧਾਰ ਕੀ ਹੈ?
ਇਨ੍ਹਾਂ ਦਾ ਆਧਾਰ ਵਿਆਨ।
ਤੇ ਫਿਰ ਵਿਆਨ ਦਾ ਆਧਾਰ ਕੀ ਹੈ?
ਇਸ ਦਾ ਆਧਾਰ ਉਦਾਨ।
ਤੇ ਉਦਾਨ ਦਾ ਆਧਾਰ ਕੀ ਹੈ?
ਇਸ ਦਾ ਆਧਾਰ ਹੈ ਸਮਾਨ।

ਉਹ ਆਪਾ, ਉਹ ਆਤਮਾ ਇਹ ਨਹੀਂ, ਉਹ ਵੀ ਨਹੀਂ। (ਨੇਤੀ ਨੇਤੀ) ਇਸ ਨੂੰ ਕਾਬੂ (ਪਕੜਿਆ) ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਹ ਪਕੜੀ ਨਹੀਂ ਜਾਂਦੀ। ਇਹ ਅਬਿਨਾਸ਼ੀ ਹੈ, ਕਿਉਂਕਿ ਇਹ ਨਾਸ਼ ਨਹੀਂ ਹੁੰਦੀ। ਇਹ ਨਿਰਲੇਪ ਹੈ, ਕਿਉਂਕਿ ਇਹ ਕਿਸੇ ਨਾਲ ਲਿਪਤ ਨਹੀਂ ਹੁੰਦੀ। ਇਹ ਬੰਧਨ ਰਹਿਤ ਹੈ। ਇਹ ਨਿਰਭੈ ਹੈ। ਇਹ ਅਛੇਦ ਹੈ। *(CXI, 9, 26)*

ਛਾਂਦੋਗਯ ਉਪਨਿਸ਼ਦ

24 ਓਮ! ਇਕ ਸੀ ਸਵੇਤਕੇਤੂ ਅਰੁਨਿਆ। ਉਸ ਨੂੰ ਉਸ ਦੇ ਪਿਤਾ
ਬ੍ਰਹਮ-ਵਿਦਿਆ ਊਦਾਲਾਕਾ ਆਰੂਨੀ ਨੇ ਕਿਹਾ, "ਤੁਸੀ ਸ੍ਰੇਸ਼ਟ ਗਿਆਨ ਦੇ ਸ਼ਿਸ਼

ਦਾ ਜੀਵਨ ਜੀਉ। ਸੱਚ ਇਹ ਹੈ ਕਿ ਮੇਰੇ ਪਿਆਰੇ! ਸਾਡੀ ਕੁਲ ਵਿਚੋਂ ਕੋਈ ਵੀ (ਵੇਦ ਤੋਂ) ਅਗਿਆਤ ਨਹੀਂ ਹੈ ਅਤੇ ਇਸ ਲਈ ਨਿਰਾ ਜਨਮ ਜਾਂ ਜਾਤ ਤੋਂ ਬ੍ਰਾਹਮਣ ਨਹੀਂ, ਸਾਰੇ ਵੇਦਾਂ ਦੇ ਗਿਆਤਾ ਹਨ।"

ਤਦ ਉਹ ਬਾਰਾਂ ਸਾਲ ਦੀ ਉਮਰ ਵਿਚ ਸ਼ਿਸ਼ ਬਣ ਗਿਆ ਤੇ ਸਾਰੇ ਵੇਦਾਂ ਨੂੰ ਪੜ੍ਹ ਸਮਝ ਕੇ ਚਵ੍ਹੀ ਸਾਲ ਦੀ ਉਮਰ ਵਿਚ ਆਪਣੀ ਵਿਦਵਤਾ ਤੇ ਘੁਮੰਡ ਕਰਦਿਆਂ ਤੇ ਆਪਣੇ ਆਪ ਨੂੰ ਬੜਾ ਗਿਆਨੀ ਸਮਝਦਿਆਂ ਘਰ ਵਾਪਸ ਮੁੜਿਆ। ਤਦ ਉਸ ਦੇ ਪਿਤਾ ਨੇ ਉਸ ਨੂੰ ਕਿਹਾ, "ਸਵੇਤਕੇਤੂ, ਪਿਆਰੇ ਪੁੱਤਰ, ਹੁਣ ਜਦ ਤੂੰ ਵੇਦਾਂ ਦੇ ਗਿਆਨ ਨਾਲ ਭਰਪੂਰ ਹੈਂ ਤੇ ਤੈਨੂੰ ਆਪਣੀ ਵਿਦਵਤਾ ਦਾ ਘੁਮੰਡ ਹੈ, ਕੀ ਤੂੰ ਉਸ ਸਿੱਖਿਆ ਨੂੰ ਵੀ ਪ੍ਰਾਪਤ ਕਰਨ ਦੀ ਇੱਛਾ ਕੀਤੀ ਹੈ ਜਿਸ ਨਾਲ ਉਹ ਜੋ ਕੰਨਾ ਦਾ ਵਿਸ਼ਾ ਨਹੀਂ, ਸੁਣਾਈ ਦੇ ਸਕੇ, ਜੋ ਅਚਿੰਤਨੀਜ ਹੈ, ਉਹ ਚਿੰਤਨ ਵਿਚ ਆ ਸਕੇ, ਜੋ ਅਬੁਝ ਹੈ, ਉਸ ਨੂੰ ਬੁਝਿਆ ਜਾ ਸਕੇ।"

"ਪਿਤਾ ਜੀ, ਉਹ ਕਿਸ ਤਰ੍ਹਾਂ ਦੀ ਵਿਦਿਆ ਹੈ?" ਉਸ ਨੇ ਪੁੱਛਿਆ। ਪਿਤਾ ਨੇ ਕਿਹਾ, "ਜਿਸ ਤਰ੍ਹਾਂ ਮਿੱਟੀ ਦੇ ਇਕ ਟੁਕੜੇ ਨੂੰ ਵੇਖਣ ਨਾਲ ਮਿੱਟੀ ਦੀ ਹਰ ਇਕ ਚੀਜ਼ ਦੀ ਪਛਾਣ ਹੋ ਜਾਂਦੀ ਹੈ, ਫਰਕ ਕੇਵਲ ਉਸ ਦੇ ਨਾਂ ਦਾ ਹੀ ਹੁੰਦਾ ਹੈ, ਅਸਲੀ ਚੀਜ਼ ਕੇਵਲ ਮਿੱਟੀ ਦੀ ਹੀ ਹੁੰਦੀ ਹੈ। ਇਸ ਤਰ੍ਹਾਂ ਤਾਂਬੇ ਦੇ ਇਕ ਗਹਿਣੇ ਨੂੰ ਵੇਖਿਆਂ ਬਾਕੀ ਇਸ ਧਾਤ ਦੀਆਂ ਬਣੀਆਂ ਚੀਜ਼ਾਂ ਦੀ ਪਛਾਣ ਹੋ ਜਾਂਦੀ ਹੈ, ਫ਼ਰਕ ਕੇਵਲ ਨਾਂ ਦਾ ਹੀ ਹੁੰਦਾ ਹੈ। ਅਸਲੀਅਤ ਵਿਚ ਸਾਰਾ ਤਾਂਬਾ ਹੀ ਹੁੰਦਾ ਹੈ। ਇਸੇ ਤਰ੍ਹਾਂ ਮੇਰੇ ਪਿਆਰੇ ਜਿਵੇਂ ਨਹੁੰ ਕੱਟਣ ਵਾਲੀ ਇਕ ਕੈਂਚੀ ਤੋਂ, ਹਰ ਇਕ ਲੋਹੇ ਦੀ ਬਣੀ ਹੋਈ ਵਸਤੂ ਦੀ ਪਛਾਣ ਹੋ ਜਾਂਦੀ ਹੈ, ਫ਼ਰਕ ਕੇਵਲ ਉਸ ਵਸਤੂ ਦੇ ਨਾਮ ਦਾ ਹੁੰਦਾ ਹੈ ਤੇ ਅਸਲੀਅਤ ਲੋਹਾ ਹੁੰਦੀ ਹੈ। ਇਸੇ ਤਰ੍ਹਾਂ ਉਹ ਹੈ ਪੜ੍ਹਾਈ (ਸਿੱਖਿਆ) ਜਿਸ ਬਾਰੇ ਮੈਂ ਪੁੱਛਿਆ ਹੈ।"

"ਸੱਚ ਮੁੱਚ! ਪਿਤਾ ਜੀ, ਉਹ ਸਤਿਕਾਰ ਯੋਗ ਪੁਰਸ਼ (ਮੇਰੇ ਗੁਰੂ) ਇਹ ਵਿਦਿਆ ਨਹੀਂ ਜਾਣਦੇ ਸਨ। ਜੇਕਰ ਉਹ ਜਾਣਦੇ ਹੁੰਦੇ ਤਾਂ ਉਹ ਮੈਨੂੰ ਇਸ ਬਾਰੇ ਕਿਉਂ ਨਾ ਦੱਸਦੇ?"

ਤਦ ਸਵੇਤਕੇਤੂ ਨੇ ਕਿਹਾ, "ਪਿਤਾ ਜੀ ਕੀ ਤੁਸੀਂ ਉਹ ਸਿੱਖਿਆ ਜਾਣਦੇ ਹੋ, ਜੇ ਜਾਣਦੇ ਹੋ ਤਾਂ ਮੈਨੂੰ ਦੱਸੋ।"

ਉਸ ਦੇ ਪਿਤਾ ਉਦਾਲਾਕਾ ਨੇ ਕਿਹਾ, "ਚੰਗਾ ਮੇਰੇ ਪਿਆਰੇ ਪੁੱਤਰ, ਮੈਂ ਦੱਸਦਾ ਹਾਂ।"

"ਮੇਰੇ ਪਿਆਰੇ ਪੁੱਤਰ, ਆਰੰਭ ਵਿਚ ਇਹ ਸ੍ਰਿਸ਼ਟੀ ਕੇਵਲ ਇਕ ਸੀ, ਕੇਵਲ ਇਕ ਸਤਿ, ਦੂਜਾ ਹੋਰ ਕੋਈ ਨਹੀਂ ਸੀ। ਹਾਂ ਕੁੱਝ ਲੋਕ ਇਹ ਵੀ ਕਹਿੰਦੇ ਹਨ ਕਿ ਆਰੰਭ ਵਿਚ ਇਹ ਕੁੱਝ ਵੀ ਨਹੀਂ ਸੀ ਕੇਵਲ ਅਣਹੋਂਦ (ਸੁੰਨ) ਸੀ। ਹੋਰ ਕੁੱਝ ਕੇਵਲ ਇਕ ਦੂਸਰੀ ਤੋਂ ਬਿਨਾਂ 'ਉਹ ਅਸੱਤ ਤੋਂ ਹੋਂਦ' ਜਾਂ 'ਸੱਤ' ਉਤਪੰਨ ਹੋਇਆ। ਉਸ 'ਅਣਹੋਂਦ' ਤੋਂ 'ਹੋਂਦ' ਦੀ ਪੈਦਾਇਸ਼ ਹੋਈ।" ਪਰ ਮੇਰੇ ਪਿਆਰੇ! ਉਸ ਨੇ ਕਿਹਾ, "ਇਹ ਕਿੱਥੋਂ ਹੋ ਸਕਦਾ ਸੀ 'ਅਣਹੋਂਦ' ਤੇ 'ਹੋਂਦ' ਦਾ ਕਿਸ ਤਰ੍ਹਾਂ ਜਨਮ ਹੋ ਸਕਦਾ ਸੀ?" ਮੇਰੇ ਪਿਆਰੇ, ਇਸ ਦੇ ਉਲਟ, ਆਰੰਭ ਵਿਚ ਇਹ ਸ੍ਰਿਸ਼ਟੀ ਕੇਵਲ ਹੋਂਦ ਸੀ, ਕੇਵਲ ਇਕ ਤੇ ਦੂਜੀ ਤੋਂ ਬਿਨਾਂ। ਇਸ ਵਿਚ ਫੁਰਨਾ ਹੋਇਆ, "ਕਿਹਾ ਚੰਗਾ ਹੋਵੇ ਜੇ ਮੈਂ ਇਕ ਤੋਂ ਅਨੇਕ ਹੋ ਜਾਵਾਂ।" ਮੈਂ ਆਪਣੇ ਆਪੇ ਦਾ ਪਸਾਰਾ ਕਰਾਂ। ਇਸ ਨੇ ਆਪਣੇ ਅੰਦਰੋਂ ਗਰਮੀ ਕੱਢੀ। ਇਸ ਗਰਮੀ ਨੂੰ ਵਿਚਾਰ ਆਇਆ, "ਕਿ ਮੈਂ ਇਕ ਤੋਂ ਅਨੇਕ ਹੋ ਜਾਵਾਂ ਤੇ ਆਪਣਾ ਪਸਾਰਾ ਕਰਾਂ" ਇਸ ਨੇ ਆਪਣੇ ਅੰਦਰੋਂ ਪਾਣੀ ਕੱਢਿਆ, ਇਸ ਤਰ੍ਹਾਂ ਜਦ ਕਦੇ ਕੋਈ ਪੁਰਸ਼ ਦੁੱਖੀ ਹੋ ਕੇ ਰੋਂਦਾ ਹੈ ਜਾਂ ਗਰਮੀ ਦੇ ਕਾਰਣ ਪਸੀਨਾ ਵਹਾਂਦਾ ਹੈ ਤਦ ਇਸ ਦੇ ਜਿਸਮ ਵਿਚੋਂ ਹੰਝੂਆਂ ਜਾਂ ਪਸੀਨੇ ਦੀ ਸ਼ਕਲ ਵਿਚ, ਪਾਣੀ ਆਉਂਦਾ ਹੈ। ਉਸ ਪਾਣੀ ਨੂੰ ਵਿਚਾਰ ਆਇਆ, "ਕਿਹਾ ਚੰਗਾ ਹੋਵੇ ਜੇਕਰ ਮੈਂ ਇਕ ਤੋਂ ਅਨੇਕ ਵਿਚ ਹੋ ਜਾਵਾਂ। ਮੈਂ ਆਪਣੇ ਵਿਚੋਂ ਹੋਰ ਜੀਵਨ ਨੂੰ ਪੈਦਾ ਕਰਾਂਗਾ ਜਾਂ ਜਨਮ ਦਿਆਂਗਾ।" ਤਦ ਇਸ ਨੇ ਕੁੱਝ ਖੁਰਾਕ ਬਾਹਰ ਕੱਢੀ। ਇਸ ਤਰ੍ਹਾਂ ਜਦ ਕਦੇ ਮੀਂਹ ਵਸਦਾ ਹੈ ਤਾਂ ਬਹੁਤ ਖੁਰਾਕ ਪੈਦਾ ਹੁੰਦੀ ਹੈ। ਸੋ ਖਾਣ ਲਈ ਖੁਰਾਕ ਕੇਵਲ ਪਾਣੀ ਤੋਂ ਪੈਦਾ ਹੁੰਦੀ ਹੈ।

(V. 1-1, 7 ਅਤੇ VI, 2-1, 4)

ਤੈਤਰੀਜ ਉਪਨਿਸ਼ਦ

25 ਇਸ ਖੁਰਾਕ ਤੋਂ ਧਰਤੀ ਤੇ ਰਹਿਣ ਵਾਲੇ ਸਾਰੇ ਜੀਵ ਜੰਤੂ ਪੈਦਾ ਹੁੰਦੇ

ਖ਼ੁਰਾਕ ਹਨ। ਉਹ ਇਸ ਖ਼ੁਰਾਕ ਆਸਰੇ ਹੀ ਜੀਉਂਦੇ ਹਨ ਤੇ ਅੰਤ ਵਿਚ ਇਸੇ ਖ਼ੁਰਾਕ ਵਿਚ ਹੀ ਸਮਾ (ਮਿਟ) ਜਾਂਦੇ ਹਨ। ਸੱਚ ਮੁੱਚ ਸਾਰੀ ਹੋਂਦ ਜਾਂ ਹਸਤੀ ਦੀ ਮੁੱਖ ਚੀਜ ਖ਼ੁਰਾਕ ਹੀ ਹੈ। ਇਸ ਲਈ ਇਸ ਨੂੰ 'ਸਰਬ ਔਖਧੀ' ਜਾਂ ਅਕਸੀਰ ਆਖਦੇ ਹਨ। ਸੱਚ ਮੁੱਚ, ਉਹ ਸਾਰੇ ਲੋਕ ਜਿਹੜੇ ਬ੍ਰਹਮ ਨੂੰ ਖ਼ੁਰਾਕ ਮੰਨ ਕੇ ਪੂਜਦੇ ਹਨ, ਉਹ ਖ਼ੁਰਾਕ ਪ੍ਰਾਪਤ ਕਰਦੇ ਹਨ। ਤਾਂ ਇੰਜ ਖ਼ੁਰਾਕ ਹੀ ਸਾਰੀ 'ਹੋਂਦ' ਦੀ ਮੁੱਖ ਲੋੜ ਹੈ। ਇਸੇ ਲਈ ਇਸ ਨੂੰ ਅਕਸੀਰ ਕਿਹਾ ਜਾਂਦਾ ਹੈ। ਇਸ ਖ਼ੁਰਾਕ ਵਿਚੋਂ ਕਿਰਤਮ ਚੀਜਾਂ ਦਾ ਜਨਮ ਹੁੰਦਾ ਹੈ। ਜਨਮ ਤੋਂ ਮਗਰੋਂ ਉਹ ਖ਼ੁਰਾਕ ਦੇ ਆਸਰੇ ਹੀ ਪਲਦੀਆਂ ਹਨ। ਇਹ ਖਾਧੀ ਵੀ ਜਾਂਦੀ ਹੈ ਤੇ ਫਿਰ ਖਾਣ ਵਾਲਿਆਂ ਨੂੰ ਖਾ ਵੀ ਜਾਂਦੀ ਹੈ। ਇਸੇ ਕਾਰਣ ਇਸ ਨੂੰ ਖ਼ੁਰਾਕ ਆਖਦੇ ਹਨ। *(II, 2)*

26 *ਸਿੱਖਿਆ* ਵੇਦਾਂ ਦਾ ਗਿਆਨ ਦੇਣ ਮਗਰੋਂ, ਇਕ ਅਧਿਆਪਕ (ਗੁਰੂ) ਆਪਣੇ ਸ਼ਾਗਿਰਦ (ਸ਼ਿਸ਼) ਨੂੰ ਹੋਰ ਸਿੱਖਿਆ ਇਸ ਪ੍ਰਕਾਰ ਦੇਂਦਾ ਹੈ :

ਸੱਚ ਬੋਲੋ
ਨੇਕੀ ਕਰੋ
ਰੱਬੀ ਬਾਣੀ ਦੇ ਅਧਿਐਨ ਵਿਚ ਆਲਸ ਨਾ ਕਰੋ।
ਆਪਣੇ ਅਧਿਆਪਕ ਨੂੰ ਯੋਗ ਦਖਣਾ ਦੇਣ ਮਗਰੋਂ ਆਪਣੀ ਸੰਤਾਨ ਦੀ ਪਰੰਪਰਾ ਨੂੰ ਨਾ ਤੋੜੋ।
ਤੁਸਾਨੂੰ ਸੱਚ ਵੱਲੋਂ ਲਾਪਰਵਾਹ ਨਹੀਂ ਹੋਣਾ ਚਾਹੀਦਾ।
ਨੇਕੀ ਤੇ ਸਦ ਗੁਣਾਂ ਵੱਲੋਂ ਲਾਪਰਵਾਹ ਨਾ ਹੋਵੋ।
ਦੂਸਰਿਆਂ ਦੀ ਭਲਾਈ ਵੱਲੋਂ ਲਾਪਰਵਾਹ ਨਾ ਹੋਵੋ।
ਖੁਸ਼ਹਾਲੀ ਵੱਲੋਂ ਲਾਪਰਵਾਹ ਨਾ ਹੋਵੋ।
ਪੜ੍ਹਨ ਤੇ ਪੜ੍ਹਾਨ ਵੱਲੋਂ ਲਾਪਰਵਾਹ ਨਾ ਹੋਵੋ।
ਆਪਣੇ ਮਾਤਾ ਪਿਤਾ ਦੇ ਦੇਵਤਿਆਂ ਵੱਲ ਆਪਣੇ ਫ਼ਰਜ਼ਾਂ (ਕਰਤੱਵਾਂ) ਵੱਲ ਲਾਪਰਵਾਹ ਨਾ ਹੋਵੋ।
ਉਸ ਨਾਲ ਪਿਆਰ ਕਰੋ ਜਿਹੜਾ ਆਪਣੀ ਮਾਤਾ ਨੂੰ ਦੇਵੀ ਸਮਝਦਾ ਹੈ।
ਉਸ ਨਾਲ ਸੁਰਮੇਲ ਕਰੋ ਜਿਸ ਲਈ ਆਪਣਾ ਪਿਤਾ ਦੇਵਤਾ ਸਰੂਪ ਹੈ।

ਉਸ ਨੂੰ ਅਪਣਾਉ ਜਿਹੜਾ ਆਪਣੇ ਅਧਿਆਪਕ ਨੂੰ ਦੇਵਤਾ ਸਰੂਪ ਸਮਝਦਾ ਹੈ।

ਉਸ ਨਾਲ ਸਾਂਝ ਪਾਉ ਜਿਸ ਲਈ ਕੋਈ ਪਰਾਹੁਣਾ (ਮਹਿਮਾਨ) ਦੇਵਤਾ ਸਮਾਨ ਹੈ।

ਉਹ ਕਰਮ ਜਿਹੜੇ ਦੋਸ਼ ਰਹਿਤ ਹਨ, ਕਰਨੇ ਚਾਹੀਦੇ ਹਨ। ਹੋਰ ਕਰਮ ਨਾ ਕਰੋ। ਉਹ ਕਰਮ ਜਿਨ੍ਹਾਂ ਨੂੰ ਅਸੀਂ ਚੰਗੇ ਕਹਿ ਸਕਦੇ ਹਾਂ, ਉਨ੍ਹਾਂ ਦਾ ਸਤਿਕਾਰ ਕਰੋ ਤੇ ਹੋਰਨਾਂ ਵੱਲ ਧਿਆਨ ਨਾ ਦਿਉ। *(I, 2, 1-2)*

ਕੇਨ ਉਪਨਿਸ਼ਦ

27 *ਉਪਨਿਸ਼ਦ* ਸ੍ਰੀਮਾਨ ਜੀ ਮੈਨੂੰ ਉਸ ਰਹੱਸਵਾਦੀ ਸਿਧਾਂਤ (ਉਪਨਿਸ਼ਦ) ਬਾਰੇ ਦੱਸੋ।

ਤੁਹਾਨੂੰ ਰਹੱਸਵਾਦੀ ਸਿਧਾਂਤ ਦੱਸਿਆ ਜਾ ਚੁੱਕਿਆ ਹੈ। ਅਸਾਂ ਤੁਹਾਨੂੰ ਬ੍ਰਹਮ ਦੇ ਰਹੱਸਵਾਦੀ ਸਿਧਾਂਤ ਬਾਰੇ ਸੱਚ ਮੁੱਚ ਦੱਸ ਦਿੱਤਾ ਹੈ। (ਬ੍ਰਹਮੀ ਉਪਨਿਸ਼ਦ) ਇਸ ਸਿਧਾਂਤ ਦੀ ਆਧਾਰਸ਼ਿਲਾ (ਬੁਨਿਆਦ) ਹਨ; ਤਪ, ਇੰਦ੍ਰੀ ਦਮਨ ਤੇ ਕਰਮ ਸਾਰੇ ਵੇਦ ਇਸ ਦੇ ਅੰਗ ਹਨ। ਸਤ (ਸੱਚਾਈ) ਵਿਚ ਇਸ ਦਾ ਵਾਸ ਹੈ। ਜਿਹੜਾ ਇਸ (ਰਹੱਸ) ਨੂੰ ਜਾਣਦਾ ਹੈ ਤੇ ਇਸ ਤਰ੍ਹਾਂ ਪਾਪ ਤੋਂ ਬਚਦਾ ਹੋਇਆ, ਉਹ ਅਤਿ ਉਤਮ ਅਬਿਨਾਸ਼ੀ ਸਵਰਗੀ ਦੁਨੀਆਂ ਵਿਚ ਵਾਸਾ ਪ੍ਰਾਪਤ ਕਰ ਲੈਂਦਾ ਹੈ। ਉਹ ਸਥਿਰ ਹੋ ਜਾਂਦਾ ਹੈ। *(32, 33, 34)*

ਕਠ ਉਪਨਿਸ਼ਦ

28 *ਓਮ* ਉਹ ਸ਼ਬਦ (ਮੰਤਰ) ਜਿਹੜਾ ਸਾਰੇ ਵੇਦ ਬਾਰ ਬਾਰ ਦੁਹਰਾਂਦੇ ਹਨ; ਜਿਸ ਨੂੰ ਸਾਰੇ ਤਿਆਗੀ ਪੁਕਾਰਦੇ ਹਨ, ਜਿਸ ਦੀ ਇੱਛਾ ਕਾਰਣ ਆਦਮੀ ਬਰਹਮਚਰਜ ਦਾ ਜੀਵਨ ਬਤੀਤ ਕਰਦੇ ਹਨ, ਮੈਂ ਉਹ ਸ਼ਬਦ (ਮੰਤਰ) ਤੁਹਾਨੂੰ ਉਹ ਸੰਖੇਪ ਰੂਪ ਵਿਚ ਦੱਸਦਾ ਹਾਂ।

ਉਹ ਹੈ 'ਓਮ'

ਉਹ ਸ਼ਬਦ ਹੀ ਸੱਚ ਮੁੱਚ ਬ੍ਰਹਮ ਹੈ।

ਉਹ ਸ਼ਬਦ ਹੀ ਵਾਕਈ ਉੱਚਤਮ ਹੈ।

ਜੇਕਰ ਉਸ ਸ਼ਬਦ ਨੂੰ ਸੱਚ ਮੁੱਚ ਜਾਣ ਲਿਆ ਜਾਏ ਤਾਂ ਜੋ ਕੁੱਝ ਚਾਹੇ ਉਹ ਉਸ ਨੂੰ ਪ੍ਰਾਪਤ ਹੋ ਜਾਂਦਾ ਹੈ।

ਇਹ ਸ਼ਬਦ ਹੀ ਸਭ ਤੋਂ ਵੱਡਾ ਸਹਾਰਾ ਹੈ।
ਇਹ ਸ਼ਬਦ (ਓਮ) ਹੀ ਉੱਚਤਮ ਆਸਰਾ ਹੈ।

ਅਮਰ ਆਤਮਾ ਇਸ ਆਧਾਰ ਨੂੰ ਜਾਣਦਿਆਂ ਹੋਇਆਂ, ਮਨੁੱਖ ਬ੍ਰਹਮਾ ਦੀ ਸ੍ਰਿਸ਼ਟੀ ਵਿਚ ਸੁਖ ਦੀ ਪ੍ਰਾਪਤੀ ਕਰਦਾ ਹੈ। ਇਹ 'ਆਤਮਾ' ਨਾ ਹੀ ਜੰਮਦੀ ਹੈ ਤੇ ਨਾ ਹੀ ਮਰਦੀ ਹੈ। ਨਾ ਇਹ ਕਿਧਰੇ ਆਉਂਦੀ ਹੈ ਨਾ ਕਿਧਰੇ ਜਾਂਦੀ ਹੈ। ਇਹ ਜਨਮ ਤੋਂ ਰਹਿਤ, ਇਕਰਸ, ਸਦੀਵੀ, ਮੁੱਢ ਕਦੀਮੀ ਹੈ, ਆਤਮਾ ਨਹੀਂ ਮਰਦੀ ਭਾਵੇਂ ਸਰੀਰ ਦੀ ਹਤਿਆ ਕਰ ਦਿੱਤੀ ਜਾਵੇ। ਜੇ ਕਤਲ ਕਰਨ ਵਾਲਾ ਇਹ ਸੋਚੇ ਕਿ ਮੈਂ ਮਾਰ ਦਿੱਤਾ ਹੈ ਤੇ ਮਾਰਿਆ ਗਿਆ ਆਪਣੇ ਆਪ ਨੂੰ ਮਰਿਆ ਜਾਣੇ ਤਾਂ ਦੋਵੇਂ ਹੀ ਅਗਿਆਨ ਵਿਚ ਹਨ। ਇਹ ਨਾ ਮਾਰਦਾ ਹੈ ਤੇ ਨਾ ਹੀ ਮਰਦਾ ਹੈ। ਨਿੱਕੇ ਤੋਂ ਵੀ ਨਿੱਕੀ, ਤੇ ਵੱਡੇ ਤੋਂ ਵੀ ਵੱਡੀ ਉਹ ਆਤਮਾ ਹੈ ਜਿਹੜੀ ਸੰਸਾਰ ਦੇ ਕਿਸੇ ਜੀਵ ਵਿਚ ਵਸਦੀ ਹੈ। ਉਹ (ਮਨੁੱਖ) ਜਿਹੜਾ ਆਪਣੀ ਹਉਮੈ (ਅਕੂਰਾਤੂ) ਨਹੀਂ ਰੱਖਦਾ ਉਸ (ਪਰਮਾਤਮਾ) ਦੇ ਦਰਸ਼ਨ ਕਰ ਲੈਂਦਾ ਹੈ; ਦੁੱਖ, ਸੋਗ ਤੋਂ ਮੁਕਤ ਹੋ ਜਾਂਦਾ ਹੈ। ਉਹ ਆਪਣੇ ਜੀਵਨ ਦਾਤਾ ਦੀ ਕ੍ਰਿਪਾ ਨਾਲ ਆਪਣੀ ਆਤਮਾ ਦੀ ਮਹਾਨਤਾ ਨੂੰ ਵੇਖਦਾ ਹੈ। ਇਹ ਆਪੇ ਜਾਂ ਆਤਮਾ ਦਾ ਗਿਆਨ

ਪਰਮਾਤਮਾ ਦੀ ਪ੍ਰਾਪਤੀ ਦਾ ਮਾਰਗ ਕਿਸੇ ਦੀ ਸਿੱਖਿਆ ਨਾਲ ਨਹੀਂ ਪ੍ਰਾਪਤ ਹੁੰਦਾ ਤੇ ਨਾ ਹੀ ਅਕਲ ਨਾਲ। ਇਹ ਗਿਆਨ ਵਿਦਿਆ ਪ੍ਰਾਪਤ ਕਰਨ ਨਾਲ ਵੀ ਨਹੀਂ ਆਉਂਦਾ। ਉਸ (ਪਰਮਾਤਮਾ) ਦੀ ਪ੍ਰਾਪਤੀ ਉਸੇ ਨੂੰ ਹੁੰਦੀ ਹੈ ਜਿਸ ਨੂੰ ਉਹ ਆਪ ਚੁਣਦਾ ਹੈ। ਅਜੇਹੇ ਭਾਗਵਾਨ ਪੁਰਸ਼ ਨੂੰ ਉਹ (ਆਤਮਾ) ਆਪਣਾ ਆਪ ਪ੍ਰਗਟ ਕਰਦੀ ਹੈ।

ਪਰੰਤੂ ਅਜੇਹੇ ਪੁਰਸ਼ ਨੂੰ ਆਤਮਾ ਦਾ ਗਿਆਨ ਨਹੀਂ ਹੁੰਦਾ ਜਿਸ ਨੇ ਭੈੜਾ ਕਰਮ ਕਰਨਾ ਨਹੀਂ ਛੱਡਿਆ ਤੇ ਨਾ ਹੀ ਉਸ ਨੂੰ ਜਿਸ ਦਾ ਮਨ ਅਡੋਲ ਨਹੀਂ ਹੋਇਆ; ਨਾ ਹੀ ਉਹ ਜਿਸ ਦਾ ਮਨ ਟਿਕਾ ਵਿਚ ਨਹੀਂ ਆਇਆ। ਉਹ ਵੀ ਨਹੀਂ ਜਿਸ ਦੇ ਮਨ ਨੂੰ ਸ਼ਾਂਤੀ ਪ੍ਰਾਪਤ ਨਹੀਂ। ਅਜੇਹੇ ਲੋਕ ਉਸ ਪ੍ਰਭੂ ਨੂੰ ਆਪਣੀ ਚਤੁਰਾਈ ਨਾਲ ਪ੍ਰਾਪਤ ਨਹੀਂ ਕਰ ਸਕਦੇ। *(XV, 24)*

ਮਹਾਨਿਰਵਾਣਤੰਤ੍ਰ

29 ਉਸ ਪੁਰਸ਼ ਨੂੰ ਜਿਸ ਨੂੰ ਧਰਮ ਦਾ ਗਿਆਨ ਹੈ ਆਪਣੀ ਪ੍ਰਸਿੱਧੀ ਦੀ

ਧਾਰਮਿਕ ਜੀਵਨ

ਚਰਚਾ ਨਹੀਂ ਕਰਨੀ ਚਾਹੀਦੀ ਤੇ ਨਾ ਹੀ ਆਪਣੀ ਸ਼ਕਤੀ ਤੇ ਬਲ ਦੀ ਡੀਂਗ ਮਾਰਨੀ ਚਾਹੀਦੀ ਹੈ। ਉਸ ਨੂੰ ਕਿਸੇ ਦੇ ਦੱਸੇ ਭੇਦ ਨੂੰ ਖੋਲ੍ਹਣਾ ਨਹੀਂ ਚਾਹੀਦਾ ਤੇ ਉਸ ਨੂੰ ਦੂਸਰਿਆਂ ਦੇ ਭਲੇ ਲਈ ਕੀਤੇ ਕੰਮਾਂ (ਪਰਉਪਕਾਰਾਂ) ਦੀ ਹੋਰਨਾਂ ਨਾਲ ਚਰਚਾ ਨਹੀਂ ਕਰਨੀ ਚਾਹੀਦੀ। ਇਹ ਮਾਨਤਾ ਵਾਲੇ ਪੁਰਸ਼ ਨੂੰ ਕਿਸੇ ਮਾੜੀ ਨਿਯਤ ਨਾਲ ਕੋਈ ਝਗੜਾ ਨਹੀਂ ਕਰਨਾ ਚਾਹੀਦਾ ਤੇ ਨਾ ਹੀ ਉਸ ਨੂੰ ਕੋਈ (ਅਜਿਹਾ ਮੁਕਾਬਲਾ) ਕਰਨਾ ਚਾਹੀਦਾ ਹੈ ਜਿਸ ਵਿਚ ਹਾਰ ਯਕੀਨੀ ਹੋਵੇ, ਨਾ ਹੀ ਉਸ ਨੂੰ ਆਪਣੇ ਨਾਲੋਂ ਮਾੜੇ ਜਾਂ ਤਕੜੇ ਨਾਲ ਲੜਨਾ ਉਚਿਤ ਹੈ। ਉਸ ਨੂੰ ਬੜੀ ਮਿਹਨਤ ਨਾਲ ਗਿਆਨ, ਧਨ ਦੌਲਤ, ਪ੍ਰਸਿੱਧੀ ਤੇ ਆਤਮਿਕ ਉੱਚਤਾ ਪ੍ਰਾਪਤ ਕਰਨੀ ਚਾਹੀਦੀ ਹੈ। ਉਸ ਲਈ ਇਹ ਜ਼ਰੂਰੀ ਹੈ ਕਿ ਉਹ ਭੈੜੀਆਂ ਆਦਤਾਂ, ਮੰਦੇ ਪੁਰਸ਼ਾਂ ਦੀ ਸਹੁਬਤ, ਝੂਠ ਤੇ ਧੋਖਾ ਕਰਨ ਤੋਂ ਪਰਹੇਜ਼ ਕਰੇ। ਉਸ ਨੂੰ ਚਾਹੀਦਾ ਹੈ ਕਿ ਉਹ ਆਪਣੇ ਕਾਰ ਵਿਹਾਰ ਵਿਚ ਖ਼ਤਰੇ ਵਾਲੇ ਕੰਮ ਆਪਣੇ ਜੀਵਨ ਦੇ ਹਾਲਾਤ ਤੇ ਨਿੱਜੀ ਅਵਸਥਾ ਦੇ ਅਨੁਕੂਲ ਕਰੇ। ਉਹ ਆਪਣੇ ਸਾਰੇ ਕਰਮ ਉਨ੍ਹਾਂ ਦੇ ਸਮੇਂ ਦੇ ਅਨੁਕੂਲ ਕਰੇ। ਇਸ ਤਰ੍ਹਾਂ ਜੋ ਕੁਝ ਵੀ ਕੋਈ ਇਨਸਾਨ ਕਰਦਾ ਹੈ ਉਸ ਤੋਂ ਪਹਿਲਾਂ ਉਹ ਸੋਚੇ ਕਿ ਇਹ ਕਰਮ ਮੇਰੇ ਹਾਲਾਤ ਤੇ ਸਮੇਂ ਦੇ ਅਨੁਕੂਲ ਹਨ। ਗ੍ਰਿਹਸਥੀ ਨੂੰ ਕੇਵਲ ਉਨ੍ਹਾਂ ਚੀਜ਼ਾਂ ਦੀ ਪ੍ਰਾਪਤੀ ਲਈ ਸਾਧਨ ਕਰਨੇ ਚਾਹੀਦੇ ਹਨ, ਜਿਹੜੀਆਂ ਉਸ ਲਈ ਜ਼ਰੂਰੀ ਹਨ ਤੇ ਫਿਰ ਉਨ੍ਹਾਂ ਦੀ ਰੱਖਿਆ ਕਰੇ। ਉਸ ਲਈ ਜ਼ਰੂਰੀ ਹੈ ਕਿ ਉਹ ਆਪਣੇ ਮਿੱਤਰਾਂ ਨਾਲ ਇਨਸਾਫ਼, ਪਵਿੱਤਰਤਾ ਤੇ ਧਰਮ ਵਾਲਾ ਵਿਚਾਰ ਕਰੇ। ਉਸ ਨੂੰ ਗੱਲਬਾਤ ਤੇ ਹਾਸਾ ਮਖੌਲ ਵਿਚ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ, ਖ਼ਾਸ ਤੌਰ ਤੇ ਜਦੋਂ ਉਹ ਸਨਮਾਨਯੋਗ ਪੁਰਸ਼ਾਂ ਦੀ ਸੰਗਤ ਵਿਚ ਹੋਵੇ। ਆਪਣੇ ਇੰਦ੍ਰਿਆਂ ਦੀ ਵਰਤੋਂ ਵਿਚ ਉਸ ਨੂੰ ਕਾਬੂ ਤੇ ਸੰਜਮ ਤੋਂ ਕੰਮ ਲੈਂਦਿਆਂ ਉਸ ਨੂੰ ਸਦਾ ਪ੍ਰਸੰਨ-ਚਿਤ, ਦ੍ਰਿੜ੍ਹ-ਵਿਸ਼ਵਾਸੀ, ਪੱਕੇ ਨਿਸ਼ਚੇ ਵਾਲਾ, ਦੂਰ-ਦਰਸ਼ੀ, ਤੇ ਸਦਾ ਸੁਚੇਤ ਹੋਣਾ ਚਾਹੀਦਾ ਹੈ। ਇਕ ਸਿਆਣੇ ਗ੍ਰਿਹਸਥੀ ਦੀ ਗੱਲਬਾਤ ਹਮੇਸ਼ਾ ਸੱਚੀ, ਨਰਮ; ਮਿੱਠੀ, ਅਰਥ-ਭਰਪੂਰ, ਪ੍ਰੰਤੂ ਖੁਸ਼ਗਵਾਰ ਹੋਣੀ ਚਾਹੀਦੀ ਹੈ ਤੇ ਇਸ ਵਿਚ ਆਪਣੀ ਉਸਤਤ ਤੇ ਦੂਜਿਆਂ ਦੀ ਨਿੰਦਾ ਤੋਂ ਸੰਕੋਚ

ਹੋਣਾ ਚਾਹੀਦਾ ਹੈ। ਜਿਸ ਪੁਰਸ਼ ਨੇ ਸਰਬ ਭਲੇ ਲਈ ਤਾਲਾਬ ਬਣਾਏ ਹਨ, ਰੁੱਖ ਲਗਾਏ ਹਨ, ਸੜਕਾਂ ਤੇ ਸਰਾਵਾਂ ਤੇ ਪੁਲ ਬਣਾਏ ਹਨ, ਉਸ ਨੇ ਤਿੰਨਾਂ ਲੋਕਾਂ ਨੂੰ ਜਿੱਤ ਲਿਆ ਹੈ। ਉਹ ਤਿੰਨਾਂ ਲੋਕਾਂ ਦਾ ਜੇਤੂ ਹੈ ਜਿਸ ਦੇ ਮਾਤਾ ਪਿਤਾ ਉਸ ਤੇ ਖ਼ੁਸ਼ ਹਨ, ਜਿਸ ਦੇ ਮਿੱਤਰ ਉਸ ਦੇ ਸ਼ਰਧਾਵਾਨ ਹਨ ਤੇ ਲੋਕ ਜਿਸ ਦੀ ਉਪਮਾ ਕਰਦੇ ਹਨ। ਉਹ ਵੀ ਤਿੰਨਾਂ ਲੋਕਾਂ ਦਾ ਜੇਤੂ ਹੈ ਜਿਸ ਨੇ ਸੱਚ ਬੋਲਣ ਦਾ ਪ੍ਰਣ ਕਰ ਲਿਆ ਹੈ, ਜਿਸ ਦੇ ਦਾਨ ਪਾਤਰ ਸਦਾ ਗ਼ਰੀਬ ਤੇ ਲੋੜਵੰਦ ਪੁਰਸ਼ ਹਨ ਤੇ ਜਿਸ ਨੇ ਆਪਣੇ ਕਾਮ ਕ੍ਰੋਧ ਨੂੰ ਵਸ ਕਰ ਲਿਆ ਹੈ ਜਿਹੜਾ ਦੂਜਿਆਂ ਦੀਆਂ ਇਸਤ੍ਰੀਆਂ ਤੇ ਧਨ ਨੂੰ ਭੈੜੀ ਦ੍ਰਿਸ਼ਟੀ ਨਾਲ ਨਹੀਂ ਤੱਕਦਾ, ਜਿਸ ਦਾ ਹਿਰਦਾ ਹਸਦ ਤੇ ਕਪਟ ਤੋਂ ਨਿਰਲੇਪ ਹੈ, ਉਹ ਵੀ ਤਿੰਨਾਂ ਲੋਕਾਂ ਦਾ ਮਾਲਕ ਹੈ। ਉਹ ਜਿਹੜਾ ਲੋੜ ਪੈਣ ਸਮੇਂ ਲੜਾਈ ਵਿਚ ਨਿਰਭੈ ਹੋ ਕੇ ਜਾਂਦਾ ਹੈ, ਤੇ ਜੰਗ ਵਿਚ ਕੁੱਦਣ ਲਈ ਤਿਆਰ ਹੈ ਤੇ ਇਕ ਪਵਿੱਤਰ ਆਦਰਸ਼ ਲਈ ਕੀਤੇ ਧਰਮ ਯੁੱਧ ਵਿਚ ਆਪਣੀ ਜਾਨ ਵੀ ਵਾਰ ਦਿੰਦਾ ਹੈ, ਉਸ ਨੇ ਤਿੰਨੇ ਜਿੱਤ ਲਏ ਹਨ। (VIII, 55, 67)

ਨੋਟਸ ਤੇ ਟਿੱਪਣੀਆਂ

ਧਰਮ : ਇਸ ਸ਼ਬਦ ਦੇ ਕਈ ਅਰਥ ਹਨ : 1. ਯੱਗ ਦੇ ਨਿਯਮ ਤੇ ਤਰੀਕੇ, ਯੱਗ; 2. ਧਰਮ, ਮਜ਼ਹਬ, ਸ਼ਰਧਾ, ਧਾਰਮਿਕ ਆਚਾਰ ਜਿਵੇਂ ਕਿ ਸੱਚ, ਅਹਿੰਸਾ, ਦਾਨ, ਪਵਿੱਤਰਤਾ, ਖਿਮਾ, ਤਤ ਆਦਿ; 3. ਹਿੰਦੂ ਸਮਾਜਕ ਵਿਵਸਥਾ ਦੇ ਅਨੁਸਾਰ ਜਾਤੀਆਂ (ਵਰਣ) ਦੇ ਅਧਿਕਾਰ, ਕਰਤੱਵ ਤੇ ਜ਼ਿੰਮੇਵਾਰੀਆਂ; 4. ਸਮਾਜਕ ਤੇ ਧਾਰਮਿਕ ਕਾਨੂੰਨ ਜਾਂ ਵਿਧੀ।

ਆਧੁਨਿਕ ਸਮੇਂ ਵਿਚ ਧਰਮ ਅੰਗ੍ਰੇਜ਼ੀ ਦੇ ਸ਼ਬਦ, 'ਰਿਲੀਜਨ' ਸ਼ਬਦ ਦਾ ਹੀ ਅਰਥ ਸਮਝਿਆ ਜਾਂਦਾ ਹੈ।

ਸ਼ਰੁਤੀ (ਵੇਦ), ਸਿਮ੍ਰਤ (ਧਰਮ-ਸ਼ਾਸਤਰ) ਪੁਰਾਣ, ਸਦਾਚਾਰ, ਆਤਮ ਸੰਤੁਸ਼ਟੀ ਅਤੇ ਪਰੀਸ਼ਦ (ਸਭਾ)। ਧਰਮ ਦੇ ਛੇ ਸਰੋਤ ਹਨ।

ਤੈਤਰੀਯ ਆਰਣਿਕ : ਇਕ ਵੈਦਿਕ ਗ੍ਰੰਥ ਦਾ ਨਾਮ ਹੈ। ਅਸਲ ਵਿਚ ਕ੍ਰਿਸ਼ਨ ਯਜੁਰਵੇਦ ਦੇ ਇਕ ਭਾਗ ਦਾ ਨਾਮ ਹੈ। ਤੈਤਰੀਯ ਉਪਨਿਸ਼ਦ ਇਸੇ ਆਰਣਿਕ ਦਾ ਅਖੀਰਲਾ ਭਾਗ ਹੈ। ਆਰਣਿਕ ਸ਼ਬਦ ਦੀ ਉਤਪੱਤੀ ਅਰਣਿ ਤੋਂ ਹੀ ਹੋਈ ਹੈ। ਜਿਹੜੀ ਕਿਤਾਬ ਜੰਗਲ ਦੇ ਆਸ਼ਰਮ ਵਿਚ ਲਿਖੀ ਗਈ ਅਤੇ ਉਸ

ਦਾ ਅਧਿਆਪਨ ਵੀ ਜੰਗਲ ਦੇ ਆਸ਼ਰਮ ਵਿਚ ਹੁੰਦਾ ਹੈ ਉਸ ਨੂੰ ਆਰਣਿਕ ਕਹਿੰਦੇ ਹਨ।

ਵੈਦਿਕ ਸਾਹਿਤ ਦੇ ਚਾਰ ਮੁੱਖ ਹਿੱਸੇ ਹਨ। ਪਹਿਲਾ ਸੰਗਹਿਤਾ (ਵੇਦ), ਦੂਜਾ ਬ੍ਰਾਹਮਣ, ਤੀਜਾ ਆਰਣਿਕ ਤੇ ਚੋਥਾ ਉਪਨਿਸ਼ਦ। ਸੰਗਹਿਤਾ ਜਾਂ ਵੇਦ ਚਾਰ ਹਨ: (1) ਰਿਗ ਸੰਗਹਿਤਾ; (2) ਯਜੁਰਵੇਦ ਸੰਗਹਿਤਾ; (3) ਸਾਮਵੇਦ ਸੰਗਹਿਤਾ; ਅਤੇ (4) ਅਥਰਵਵੇਦ ਸੰਗਹਿਤਾ।

ਬ੍ਰਾਹਮਣ ਇੱਥੇ ਵੈਦਿਕ ਗ੍ਰੰਥਾਂ ਦੇ ਇਕ ਸਮੂਹ ਦਾ ਨਾਮ ਹੈ ਜਿਨ੍ਹਾਂ ਦੀ ਰਚਨਾ ਵੇਦਾਂ ਤੋ ਮਗਰੋ ਹੋਈ। ਆਰਣਿਕ ਵੀ ਵੈਦਿਕ ਗ੍ਰੰਥਾਂ ਦੀ ਸ਼੍ਰੇਣੀ ਦਾ ਨਾਮ ਹੈ ਜਿਨ੍ਹਾਂ ਦੀ ਰਚਨਾ ਬ੍ਰਾਹਮਣ ਗ੍ਰੰਥਾਂ ਤੋਂ ਬਾਅਦ ਹੋਈ। ਇਨ੍ਹਾਂ ਸਾਰਿਆਂ ਗ੍ਰੰਥਾਂ ਦਾ ਵਿਸ਼ਾ ਵੈਦਿਕ ਧਰਮ ਹੈ। ਜਿਸ ਵਿਚ ਯੱਗ ਦੇ ਮਹੱਤਵ ਇਸ ਦੇ ਕਰਨ ਦੀ ਤਿਥੀ, ਥਾਂ, ਮੰਤਰ ਤੇ ਦੇਵਤਿਆਂ ਦੀ ਪੂਜਾ ਆਦਿ ਦਾ ਵਿਸਤਾਰਪੂਰਵਕ ਵਰਣਨ ਕੀਤਾ ਗਿਆ ਹੈ।

ਉਪਨਿਸ਼ਦ : ਇਸ ਸ਼ਬਦ ਦਾ ਅਰਥ ਹੈ ਨੇੜੇ ਬੈਠਣਾ, (ਗੁਰੂ ਦੇ), ਉਪਨਿਸ਼ਦ ਦਾ ਅਰਥ ਗੁਪਤ ਪਵਿੱਤਰ ਤੇ ਗੰਭੀਰ ਸਿੱਖਿਆ ਵੀ ਹੈ। ਇਹ ਗ੍ਰੰਥ ਵੈਦਿਕ ਸਾਹਿਤ ਦੇ ਆਖਰੀ ਹਿੱਸੇ ਮੰਨੇ ਜਾਂਦੇ ਹਨ। ਇਨ੍ਹਾਂ ਦਾ ਵਿਸ਼ਾ ਬ੍ਰਹਮ ਵਿਦਿਆ ਹੈ। ਇਨ੍ਹਾਂ ਉਪਨਿਸ਼ਦਾਂ ਵਿਚੋਂ ਬ੍ਰਾਹਮਣ ਤੇ ਕਸ਼ਤਰੀ ਰਿਸ਼ੀ, ਈਸ਼ਵਰ, ਆਤਮਾ, ਬ੍ਰਹਮ, ਜਗਤ ਮੁਕਤੀ, ਮੁਕਤੀ ਦੇ ਮਾਰਗ ਬਾਰੇ, ਸਵਾਲ ਕਰਦੇ ਹਨ ਤੇ ਜਵਾਬ ਦਿੰਦੇ ਹਨ। ਉਪਨਿਸ਼ਦਾਂ ਵਿਚ ਆਤਮਾ ਨੂੰ ਪਰਮਾਤਮਾ ਜਾਂ ਬ੍ਰਹਮ ਕਿਹਾ ਗਿਆ ਹੈ। ਇਹ ਅਮਰ, ਸਦੀਵੀ, ਸਰਬ-ਵਿਆਪੀ, ਚੇਤਨ, ਆਨੰਦ ਨਾਲ ਭਰਪੂਰ ਅਤੇ ਗਿਆਨ ਸਰੂਪ ਹੈ। ਜੋ ਮਨੁੱਖ ਆਤਮਾ ਨੂੰ ਜਾਣਦਾ ਹੈ ਉਹ ਸਭ ਕੁੱਝ ਜਾਣ ਲੈਂਦਾ ਹੈ। ਆਤਮਾ ਦਾ ਗਿਆਨ ਅਸਲੀਅਤ ਦਾ ਗਿਆਨ ਹੈ। ਇਹ ਪਰਮਾਰਥ ਸੱਤ, ਅਕਾਲ ਤੇ ਸਰਬ ਸ਼ਕਤੀਮਾਨ ਹੈ। ਸਾਰਾ ਬ੍ਰਹਮੰਡ ਇਸ ਦਾ ਆਭਾਸ ਹੈ। ਇਸ ਆਤਮਾ ਦਾ ਬਿਆਨ ਨਹੀ ਕੀਤਾ ਜਾ ਸਕਦਾ। ਇੰਦ੍ਰਿਆਂ ਤੇ ਮਨ ਤੇ ਕਾਬੂ, ਧਿਆਨ, ਭਗਤੀ, ਤੇ ਗਿਆਨ ਰਾਹੀਂ ਇਸ ਪਾਰ-ਬ੍ਰਹਮ ਪਰਮੇਸ਼ਵਰ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਉਪਨਿਸ਼ਦ ਵਿਚ ਪੁਰਾਣੇ ਵੈਦਿਕ ਧਰਮ ਅਤੇ ਯੱਗ ਦੀ ਕਠੋਰ ਆਲੋਚਨਾ ਕੀਤੀ ਗਈ ਹੈ। ਉਪਨਿਸ਼ਦ ਦੀ ਸਿੱਖਿਆ ਨੂੰ ਵੇਦਾਂਤ ਕਿਹਾ ਜਾਂਦਾ ਹੈ। ਵੇਦਾਂਤ, ਬੁੱਧ ਧਰਮ, ਜੈਨ ਧਰਮ, ਯੋਗ ਅਤੇ ਸਾਂਖ਼ ਮਤ ਦੇ ਵਿਚ ਅਨੇਕ ਸਮਾਨਤਾਵਾਂ ਮਿਲਦੀਆਂ ਹਨ। ਉਪਨਿਸ਼ਦ ਵੈਦਿਕ, ਸੰਸਕ੍ਰਿਤ ਭਾਸ਼ਾ ਵਿਚ ਲਿਖੇ ਹੋਏ ਹਨ।

ਉਪਨਿਸ਼ਦ ਨਾਮ ਦੇ 108 ਤੋਂ ਵਧੀਕ ਗ੍ਰੰਥ ਹਨ। ਇਨ੍ਹਾਂ ਵਿਚੋਂ ਕੇਵਲ ਗਿਆਰਾਂ ਉਪਨਿਸ਼ਦ ਬਹੁਤ ਪੁਰਾਣੇ ਹਨ ਜਿਨ੍ਹਾਂ ਦੇ ਨਾਮ ਹੇਠ ਦਰਜ ਹਨ :

1. ਬਰਿਹਦ ਆਰਣਿਕ ਉਪਨਿਸ਼ਦ
2. ਛਾਂਦੋਗਯ ਉਪਨਿਸ਼ਦ
3. ਤੈਤਰੀਯ ਉਪਨਿਸ਼ਦ
4. ਆਈਤੇਰਯ ਉਪਨਿਸ਼ਦ
5. ਕੋਸ਼ੀਤਕੀ ਉਪਨਿਸ਼ਦ
6. ਮੁੰਡਕ ਉਪਨਿਸ਼ਦ
7. ਕੇਨ ਉਪਨਿਸ਼ਦ
8. ਕੱਠ ਉਪਨਿਸ਼ਦ
9. ਸ਼ਵੇਤਾਸਵਤਰ ਉਪਨਿਸ਼ਦ
10. ਈਸ਼ ਉਪਨਿਸ਼ਦ
11. ਪ੍ਰਸ਼ਨ ਉਪਨਿਸ਼ਦ

ਇਨ੍ਹਾਂ ਵਿਚੋਂ ਪਹਿਲੇ ਦੋ ਉਪਨਿਸ਼ਦ ਭਗਵਾਨ ਬੁੱਧ ਦੇ ਸਮਕਾਲੀ ਮੰਨੇ ਜਾਂਦੇ ਹਨ। ਬਾਕੀ ਉਪਨਿਸ਼ਦਾਂ ਦਾ ਰਚਨਾ ਕਾਲ 400-200 ਪੂ. ਈ. ਮੰਨਿਆ ਗਿਆ ਹੈ। ਉੱਪਰ ਲਿਖੇ ਗਏ ਗਿਆਰਾਂ ਉਪਨਿਸ਼ਦਾਂ ਤੋਂ ਇਲਾਵਾ ਬਾਕੀ ਸਾਰੇ ਉਪਨਿਸ਼ਦ ਮੱਧ-ਕਾਲ ਵਿਚ ਲਿਖੇ ਮੰਨੇ ਗਏ ਹਨ।

ਯੋਗ : ਇਹ ਬਹੁਤ ਮਹੱਤਵਪੂਰਣ ਸ਼ਬਦ ਹੈ। ਭਾਰਤ ਦੇ ਧਾਰਮਿਕ ਇਤਿਹਾਸ ਤੇ ਸਾਹਿੱਤ ਵਿਚ ਯੋਗ ਸ਼ਬਦ ਦੇ ਅਨੇਕ ਅਰਥ ਹਨ। ਇਸ ਦਾ ਇਕ ਅਰਥ ਹੈ, ਇਕੱਠਾ ਕਰਨਾ, ਮਿਲਾਣਾ, ਜੋੜਨਾ, ਯੋਗ ਜਾਂ ਜੋਗ ਕਰਨਾ ਹੈ। ਉਦਾਹਰਣ ਦੇ ਤੌਰ ਤੇ ਜਿਵੇਂ ਰੱਥ ਨਾਲ ਦੋ ਘੋੜਿਆਂ ਦਾ ਜੋੜਨਾ ਆਦਿ।

ਪਾਲੀ ਗ੍ਰੰਥਾਂ ਵਿਚ ਯੋਗ ਦਾ ਅਰਥ ਹੈ ਬੰਧਨ (ਕਾਮ, ਕ੍ਰੋਧ, ਲੋਭ, ਅਵਿਦਿਆ); ਧਿਆਨ ਰਾਹੀਂ ਮਨੁੱਖ ਇਨ੍ਹਾਂ ਬੰਧਨਾਂ ਨੂੰ ਕੱਟ ਦਿੰਦਾ ਹੈ ਅਤੇ ਮੁਕਤ ਹੋ ਸਕਦਾ ਹੈ। ਇਸ ਨੂੰ ਵਿਯੋਗ ਜਾਂ ਮੁਕਤੀ ਕਹਿੰਦੇ ਹਨ। ਦੂਜੇ ਸ਼ਬਦਾਂ ਵਿਚ ਸੰਸਾਰ ਤੋਂ ਅਲੱਗ ਹੋਣਾ, ਬੰਧਨ ਤੋਂ ਮੁਕਤ ਹੋਣਾ, ਜਨਮ ਅਤੇ ਮੌਤ ਤੋਂ ਛੁਟਕਾਰਾ ਪਾਉਣਾ ਬੁੱਧ ਧਰਮ ਦਾ ਉਦੇਸ਼ ਹੈ। ਸਾਂਖਯ ਦਰਸ਼ਨ ਵਿਚ ਵੀ ਮੁਕਤੀ ਨੂੰ 'ਦੁਖਸੰਯੋਗ' ਕਿਹਾ ਗਿਆ ਹੈ। ਦੁੱਖ ਤੋਂ ਛੁਟਕਾਰਾ ਪਾਉਣਾ ਯੋਗ ਦਾ ਮੁੱਖ ਮੰਤਵ ਕਿਹਾ ਗਿਆ ਹੈ।

ਯੋਗ ਦਾ ਮੁੱਖ ਅਰਥ ਹੈ ਧਿਆਨ ਜਾਂ ਸਮਾਧੀ, ਜਿਸ ਮਨੁੱਖ ਦੇ ਕੋਲ ਧਿਆਨ

ਜਾਂ ਸਮਾਧੀ ਹੈ ਉਹ ਯੋਗੀ ਹੈ। ਮਨ ਦਾ ਸੰਜਮ ਜਾਂ ਕੰਟਰੋਲ ਯੋਗ ਦਾ ਇਕ ਜ਼ਰੂਰੀ ਹਿੱਸਾ ਹੈ। ਪਾਤੰਜਲੀ ਦੇ ਯੋਗ ਸੂਤਰ ਨਾਮਕ ਗ੍ਰੰਥ ਵਿਚ ਚਿੱਤ ਦੀਆਂ ਬਿਰਤੀਆਂ ਦੇ ਰੁਕ ਜਾਣ ਨੂੰ ਯੋਗ ਕਿਹਾ ਗਿਆ ਹੈ। ਅਰਥਾਤ ਮੰਨ ਦੇ ਇੱਧਰ ਉੱਧਰ ਭੱਜਣ ਨੂੰ ਰੋਕ ਕੇ ਇਕਾਗਰਤਾ ਨੂੰ ਪ੍ਰਾਪਤ ਕਰਨਾ ਯੋਗ ਦਾ ਉੱਦੇਸ਼ ਹੈ।

ਭਗਵਤ ਗੀਤਾ ਵਿਚ ਯੋਗ ਸ਼ਬਦ ਕਈ ਅਰਥਾਂ ਵਿਚ ਵਰਤਿਆ ਗਿਆ ਹੈ। ਕਰਮ ਕਰਨ ਵਿਚ ਕੁਸ਼ਲਤਾ ਨੂੰ ਕਰਮ ਯੋਗ ਕਿਹਾ ਗਿਆ ਹੈ। ਇੱਥੇ ਕੁਸ਼ਲਤਾ ਦਾ ਅਰਥ ਨਿਸ਼ਕਾਮ ਭਾਵਨਾ ਅਰਥਾਤ ਕਰਮ ਫਲ ਦੇ ਨਾਲ ਲਗਾਉ ਨਾ ਰੱਖਣਾ ਹੈ। ਫਿਰ ਯੋਗ ਨੂੰ ਚੰਗੀ ਤੇ ਬੁਰੀ ਹਾਲਤ ਵਿਚ ਮਨ ਨੂੰ ਸਮਾਨ ਅਵੱਸਥਾ ਵਿਚ ਰੱਖਣ ਨੂੰ ਯੋਗ ਕਿਹਾ ਗਿਆ ਹੈ। ਹਾਰ, ਜਿੱਤ, ਨਫਾ, ਨੁਕਸਾਨ, ਸੁਖ ਦੁਖ, ਸਭ ਹਾਲਤਾਂ ਵਿਚ ਸਮਾਨ ਦ੍ਰਿਸ਼ਟੀ ਰੱਖਣਾ ਯੋਗ ਮੰਨਿਆ ਗਿਆ ਹੈ। ਫਿਰ ਭਗਵਾਨ ਦੀ ਭਗਤੀ ਕਰਨਾ, ਸ੍ਰੀ ਕ੍ਰਿਸ਼ਨ ਜਾਂ ਵਿਸ਼ਨੂੰ ਦੀ ਸ਼ਰਨ, ਆਪਣੇ ਆਪ ਨੂੰ ਭਗਵਾਨ ਦੇ ਆਸਰੇ ਤੇ ਛੱਡ ਦੇਣ ਨੂੰ ਭਗਤੀ ਯੋਗ ਕਿਹਾ ਗਿਆ ਹੈ। ਹਿੰਦੂ ਧਰਮ ਗ੍ਰੰਥਾਂ ਵਿਚ ਆਤਮਾ ਤੇ ਪਰਮਾਤਮਾ ਦੇ ਮੇਲ ਨੂੰ ਯੋਗ ਕਿਹਾ ਗਿਆ ਹੈ।

ਯੋਗ, ਧਿਆਨ ਦਾ ਇਕ ਤਰੀਕਾ ਹੈ। ਇਹ ਧਿਆਨ ਮਾਰਗ ਹੈ ਜੋ ਮੁਕਤੀ ਵੱਲ ਲੈ ਜਾਂਦਾ ਹੈ। ਇਸ ਅਰਥ ਅਨੁਸਾਰ ਯੋਗ ਬਹੁਤ ਪੁਰਾਣਾ ਹੈ। ਯੋਗ ਦੇ ਅਭਿਆਸ ਦੀ ਪਰੰਪਰਾ ਸਿੰਧ ਘਾਟੀ ਦੀ ਸਭਿਅਤਾ ਵਿਚ ਵੀ ਸੀ। ਉੱਥੋਂ ਹੀ ਇਸ ਦਾ ਹਿੰਦੂ, ਬੋਧ ਤੇ ਜੈਨ ਧਰਮਾਂ ਵਿਚ ਪ੍ਰਚਾਰ ਹੋਇਆ।

ਹਿੰਦੂ ਧਰਮ ਦੇ ਖਟ ਦਰਸ਼ਨਾਂ ਵਿਚ ਸ਼ਾਮਲ ਯੋਗ ਦਰਸ਼ਨ ਪਾਤੰਜਲੀ ਦੇ ਗ੍ਰੰਥ ਯੋਗ ਸੂਤਰ ਦੇ ਆਧਾਰ ਤੇ ਵਿਕਸਤ ਹੋਇਆ ਹੈ। ਇਹ ਗ੍ਰੰਥ ਈਸਾ ਦੀ ਦੂਜੀ ਸਦੀ ਦੀ ਰਚਨਾ ਹੈ। ਇਸ ਵਿਚ ਬੁੱਧ ਮਤ ਦੇ ਧਿਆਨ ਤੇ ਯੋਗ ਦਾ ਪ੍ਰਭਾਵ ਹੈ। ਬੁੱਧ ਧਰਮ ਦਾ ਯੋਗ ਅਨੀਸ਼ਵਰਵਾਦੀ ਹੈ ਪਰੰਤੂ ਪਾਤੰਜਲੀ ਦਾ ਯੋਗ ਈਸ਼ਵਰਵਾਦੀ ਹੈ। ਪਾਤੰਜਲੀ ਦੇ ਯੋਗ-ਸੂਤਰ ਵਿਚ ਯੋਗ ਦੇ ਅੱਠ ਅੰਗ ਮੰਨੇ ਗਏ ਹਨ : (1) ਯਮ; (2) ਨਿਯਮ; (3) ਆਸਨ; (4) ਪਰਾਣਾਯਾਮ; (5) ਪਰਿਤਯਹਾਰ; (6) ਧਾਰਣਾ; (7) ਧਿਆਨ; (8) ਸਮਾਧੀ। ਤੁਸੀਂ ਅੱਗੇ ਬੁੱਧ ਮਤ ਦੇ ਅਸ਼ਟਾਂਗ ਮਾਰਗ ਦੇ ਅੱਠ ਅੰਗਾਂ ਨੂੰ ਪੜ੍ਹੋਗੇ ਜਿਨ੍ਹਾਂ ਦੀ ਇਸ ਅਸ਼ਟਾਂਗ ਯੋਗ ਨਾਲ ਤੁਲਨਾ ਕੀਤੀ ਜਾ ਸਕਦੀ ਹੈ।

ਮੱਧ ਕਾਲ ਵਿਚ ਯੋਗ ਬਹੁਤ ਲੋਕ-ਪ੍ਰਿਯ ਹੋ ਗਿਆ ਸੀ। ਤਾਂਤਰਿਕ ਮਤ ਦੇ ਸਿੱਧਾਂ ਤੇ ਨਾਥਾਂ ਨੇ ਹਠ ਯੋਗ ਦਾ ਪ੍ਰਚਾਰ ਕੀਤਾ ਸੀ। ਹਠ ਯੋਗ ਦਾ ਅਰਥ ਹੈ ਜ਼ਿੱਦ

ਜਾਂ ਜ਼ਬਰਦਸਤੀ ਨਾਲ ਯੋਗ ਸਿੱਧੀ। ਇਸ ਯੋਗ ਵਿਚ ਸਰੀਰਕ ਸਾਧਨਾਂ ਤੇ ਜ਼ੋਰ ਦਿੱਤਾ ਗਿਆ ਹੈ। ਇਸ ਦਾ ਉੱਦੇਸ਼ ਵੀ ਅਮਰ ਤੇ ਮੁਕਤ ਹੋਣਾ ਸੀ।

ਬ੍ਰਹਮਚਰੀਆ : ਸ਼ੁਰੂ ਵਿਚ ਬ੍ਰਹਮਚਰੀਆ ਦਾ ਅਰਥ ਪਵਿੱਤਰ ਜੀਵਨ, ਧਾਰਮਿਕ ਜੀਵਨ ਜਾਂ ਬ੍ਰਹਮ ਨੂੰ ਪ੍ਰਾਪਤ ਕਰਨ ਦਾ ਮਾਰਗ ਸੀ। ਪਾਲੀ ਗ੍ਰੰਥਾਂ ਵਿਚ ਬ੍ਰਹਮਚਰੀਆ ਨੂੰ ਧਰਮਚਰੀਆ ਕਿਹਾ ਗਿਆ ਹੈ। ਉਪਨਿਸ਼ਦਾਂ ਵਿਚ ਬ੍ਰਹਮਚਰੀਆ ਬ੍ਰਹਮ ਪ੍ਰਾਪਤੀ ਦੇ ਮਾਰਗ ਦਾ ਇਕ ਅੰਗ ਹੈ। ਬਾਅਦ ਦੇ ਧਰਮ ਗ੍ਰੰਥਾਂ ਵਿਚ ਬ੍ਰਹਮਚਰੀਆ ਚਾਰ ਆਸ਼ਰਮਾਂ ਵਿਚੋਂ ਪਹਿਲੇ ਆਸ਼ਰਮ ਦਾ ਨਾਮ ਹੈ। ਹੋਰ ਤਿੰਨ ਆਸ਼ਰਮ ਹਨ, ਗ੍ਰਹਿਸਥ, ਵਾਣਪ੍ਰਸਥ ਅਤੇ ਸੰਨਿਆਸ। ਬ੍ਰਹਮਚਰੀਆ ਦਾ ਸੀਮਿਤ ਅਰਥ ਕੰਵਾਰਾ ਰਹਿਣਾ, ਸ਼ਾਦੀ ਨਾ ਕਰਨਾ ਅਤੇ ਲਿੰਗ ਇੰਦ੍ਰੀਆਂ ਉੱਪਰ ਕਾਬੂ ਰੱਖਣਾ ਹੈ।

ਸੱਤ ਜਾਂ ਸੱਚ : ਸੱਤ ਬਚਨ, ਸੱਚ ਬੋਲਣਾ, ਝੂਠ ਨਾ ਬੋਲਣਾ, ਸੱਤ ਵਸਤੂ, ਬ੍ਰਹਮ, ਈਸ਼ਵਰ, ਧਰਮ।

ਦਮ : ਇਸ ਦਾ ਅਰਥ ਹੈ ਸੰਜਮ, ਅਥਵਾ ਮਨ ਤੇ ਇੰਦ੍ਰੀਆਂ ਤੇ ਕਾਬੂ ਕਰਨਾ, ਤਿਆਗ ਆਦਿ।

ਤਪ : ਇਸ ਦਾ ਸ਼ਾਬਦਿਕ ਅਰਥ ਤਪਣਾ, ਗਰਮ ਹੋਣਾ ਹੈ। ਮਗਰ ਇਸ ਦਾ ਆਮ ਅਰਥ ਧਾਰਮਿਕ ਸਾਧਨਾ, ਤਿਆਗ, ਤਪੱਸਿਆ, ਕਰਮ, ਵਰਤ, ਅਤੇ ਯੋਗ ਦਾ ਅਭਿਆਸ ਆਦਿ ਹੈ।

ਕਰਮ : ਇਸ ਦਾ ਅਰਥ ਹੈ, ਕੰਮ, ਉੱਦਮ, ਕੋਸ਼ਿਸ਼, ਕਿਰਤ। ਧਾਰਮਿਕ ਅਤੇ ਸੰਸਾਰਕ ਸਭ ਤਰ੍ਹਾਂ ਦੇ ਕੰਮ ਕਰਮ ਹਨ। ਕਰਮ ਕਾਂਡ ਦੇ ਅੰਤਰਗਤ ਵਿਆਹ, ਦਾਹ-ਸੰਸਕਾਰ ਅਤੇ ਪੂਜਾ ਵੀ ਇਸ ਵਿਚ ਸ਼ਾਮਲ ਹਨ। ਯੱਗ ਨਾਲ ਸੰਬੰਧਿਤ ਵਿਧੀ ਨੂੰ ਕਰਮ ਕਾਂਡ ਕਿਹਾ ਜਾਂਦਾ ਹੈ। ਆਮ ਲੋਕ ਕਰਮ ਦਾ ਅਰਥ ਕਿਸਮਤ ਸਮਝਦੇ ਹਨ। ਇਥੇ ਕਰਮ ਦਾ ਅਰਥ ਕਰਮ ਫਲ ਦਾ ਸੰਸਾਰ ਵਿਆਪੀ ਧਾਰਮਿਕ ਨਿਯਮ ਹੈ, ਜਿਸ ਦੇ ਅਨੁਸਾਰ ਚੰਗੇ ਕਰਮ ਦਾ ਫਲ ਚੰਗਾ ਅਤੇ ਭੈੜੇ ਕਰਮ ਦਾ ਫਲ ਭੈੜਾ ਹੁੰਦਾ ਹੈ। ਭਾਰਤ ਦੇ ਸਾਰੇ ਧਰਮਾਂ ਵਿਚ ਕਰਮ ਫਲ ਦਾ ਇਹ ਨੈਤਿਕ ਸਿਧਾਂਤ ਸਮਾਨ ਰੂਪ ਵਿਚ ਮਿਲਦਾ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਹਰ ਕਰਮ ਦਾ ਫ਼ਲ ਜ਼ਰੂਰ ਮਿਲਦਾ ਹੈ ਚਾਹੇ ਇਸ ਜਨਮ ਵਿਚ ਚਾਹੇ ਦੂਜੇ ਜਨਮ ਵਿਚ। ਲੋਕੀਂ ਪੂਰਬ ਜਨਮ ਦੇ ਕਰਮਾਂ ਦੇ ਫਲ ਨੂੰ ਮੁਕੱਦਰ ਜਾਂ ਕਿਸਮਤ ਕਹਿੰਦੇ ਹਨ। ਕਰਮ ਫਲ ਦੇ ਨਿਯਮ ਦੇ ਮੁਤਾਬਕ, ਕਿਸਮਤ, ਇਸ ਜਨਮ ਤੇ ਪੂਰਬ ਜਨਮ ਦੇ ਕਰਮਾਂ ਦਾ ਫਲ ਹੈ।

ਆਤਮਾ : ਆਤਮਾ ਦਾ ਅਰਥ ਹੈ, ਜੀਵ, ਪ੍ਰਾਣੀ, ਦੇਹੀ, ਤਤ੍ਵ ਤੇ ਸਤਯ। ਉੱਪਰ ਲਿਖਿਆ ਜਾ ਚੁੱਕਿਆ ਹੈ ਕਿ ਆਤਮਾ ਹੀ ਪਰਮਾਰਥ ਸੱਚ ਜਾਂ ਬ੍ਰਹਮ ਹੈ ਪਰੰਤੂ ਆਮ ਬੋਲ ਚਾਲ ਵਿਚ ਆਤਮਾ ਦਾ ਅਰਥ ਇਕ ਵਿਅਕਤੀ ਦੇ ਪ੍ਰਾਣ ਜਾਂ ਉਸ ਦਾ ਜੀਵਨ ਸਮਝਿਆ ਜਾਂਦਾ ਹੈ। ਇੱਥੇ ਜੀਵ ਨੂੰ ਆਤਮਾ ਤੇ ਪਰਮਾਤਮਾ ਤੋਂ ਅਲੱਗ ਮੰਨਿਆ ਗਿਆ ਹੈ। ਪਰੰਤੂ ਜੀਵ ਨੂੰ ਈਸ਼ਵਰ ਦਾ ਹੀ ਅੰਗ ਮੰਨਿਆ ਗਿਆ ਹੈ। ਇਕ ਉਪਨਿਸ਼ਦ ਵਿਚ ਆਤਮਾ ਨੂੰ ਅੰਗੂਠੇ ਦੇ ਆਕਾਰ ਵਾਲੀ ਮਨੁੱਖ ਦੇ ਦਿਲ ਵਿਚ ਰਹਿਣ ਵਾਲੀ ਜਿੰਦ ਕਿਹਾ ਗਿਆ ਹੈ। ਇਹ ਜੀਵ ਆਤਮਾ ਹੈ। ਪਰਮਾਤਮਾ ਨਿਰਾਕਾਰ ਤੇ ਨਿਰਲੇਪ ਹੈ। ਉਹ ਨਾ ਜੰਮਦਾ ਹੈ ਅਤੇ ਨਾ ਮਰਦਾ ਹੈ। ਆਤਮਾ ਦਾ ਅਸਲੀ ਸਰੂਪ ਵੀ ਅਜੇਹਾ ਹੀ ਹੈ, ਜਿਸ ਤਰ੍ਹਾਂ ਦਾ ਪਰਮਾਤਮਾ ਦਾ ਹੈ। ਪਰੰਤੂ ਅਗਿਆਨ ਤੇ ਕਰਮਾਂ ਦੇ ਕਾਰਨ ਜੀਵ ਜਨਮ ਲੈਂਦਾ ਤੇ ਮਰਦਾ ਹੈ ਅਤੇ ਆਪਣੇ ਆਪ ਨੂੰ ਅਲੱਗ ਮੰਨਦਾ ਹੈ। ਇਹ ਹੰਕਾਰ ਜਾਂ ਹਉਮੈ ਅਗਿਆਨ ਦੇ ਕਾਰਣ ਹੁੰਦਾ ਹੈ ਅਤੇ ਮੁੜ-ਮੁੜ ਕੇ ਜਨਮ-ਮਰਨ ਦੇ ਚੱਕਰ ਵਿਚ ਪੈਣ ਦਾ ਕਾਰਣ ਵੀ ਇਹ ਅਹੰਕਾਰ ਜਾਂ ਹਉਮੈ ਹੀ ਹੈ। ਗੀਤਾ ਵਿਚ ਇਕ ਥਾਂ ਤੇ ਆਤਮਾ ਦੇ ਦੋ ਸਰੂਪ ਮੰਨੇ ਗਏ ਹਨ—ਛੋਟੀ ਆਤਮਾ ਅਤੇ ਵੱਡੀ ਆਤਮਾ (ਗੀਤਾ : ਅਧਿਆਇ 6 ਸ਼ਲੋਕ 5)। ਇੱਥੇ ਕਿਹਾ ਗਿਆ ਹੈ ਕਿ ਮਹਾਨ ਆਤਮਾ ਨਾਲ ਹੰਕਾਰ ਨੂੰ ਜਿੱਤੋ। ਛੋਟੀ ਆਤਮਾ ਨੂੰ ਦੁਸ਼ਮਣ ਤੇ ਮਹਾਨ ਗਿਆਨਵਾਨ ਆਤਮਾ ਨੂੰ ਸ੍ਰੇਸ਼ਟ ਮਿੱਤਰ ਕਿਹਾ ਗਿਆ ਹੈ। ਹਿੰਦੂ ਧਰਮ ਵਿਚ ਆਤਮਾ ਦੇ ਸੱਚ ਸਰੂਪ ਨੂੰ ਪ੍ਰਾਪਤ ਕਰਨਾ ਮੁਕਤੀ ਮੰਨਿਆ ਗਿਆ ਹੈ, ਵੇਦਾਂਤ ਦੇ ਦੋ ਮੁੱਖ ਸੰਪ੍ਰਦਾਯ ਹਨ ਇਕ ਸੰਕਰਾਚਾਰਯ ਦਾ ਅਤੇ ਦੂਜਾ ਰਾਮਾਨੁਜਾਚਾਰੀਜ ਦਾ। ਸ਼ੰਕਰ ਦੇ ਵੇਦਾਂਤ ਵਿਚ ਆਤਮਾ ਦਾ ਗਿਆਨ ਮੁਕਤੀ ਕਿਹਾ ਗਿਆ ਹੈ। ਇਹ ਅਦਵੈਤ ਵੇਦਾਂਤ ਕਿਹਾ ਜਾਂਦਾ ਹੈ। ਇਸ ਵਿਚ ਆਤਮਾ ਹੀ ਸਭ ਕੁਝ ਹੈ। ਸਿਰਫ ਇਹ ਹੀ ਸੱਚ ਹੈ। ਹੋਰ ਕੋਈ ਚੀਜ ਸੱਚ ਨਹੀਂ ਹੈ। ਆਤਮਾ ਹੀ ਬ੍ਰਹਮ ਹੈ। ਇਸ ਨੂੰ ਜਾਨਣਾ ਸੱਚਾ ਗਿਆਨ ਹੈ। ਸੰਸਾਰ ਅਤੇ ਉਸ ਦੇ ਸਾਰੇ ਪ੍ਰਾਣੀ ਇਸ ਦੀ ਹਕੀਕਤ (ਅਸਲੀਅਤ) ਨਹੀਂ ਹਨ। ਹਕੀਕਤ ਕੇਵਲ ਬ੍ਰਹਮ ਹੈ। ਪਰੰਤੂ ਰਾਮਾਨੁਜ ਦਾ ਵਿਚਾਰ ਹੈ ਕਿ ਆਤਮਾ ਅਤੇ ਪਰਮਾਤਮਾ (ਹਰੀ) ਇਕ ਹਨ ਪਰੰਤੂ ਉਨ੍ਹਾਂ ਦੋਹਾਂ ਵਿਚ ਇਕ ਖ਼ਾਸ ਸੰਬੰਧ ਹੈ। ਇਸ ਨੂੰ ਵਿਸ਼ਿਸ਼ਤਾ ਅਦਵੈਤ ਵੇਦਾਂਤ ਕਹਿੰਦੇ ਹਨ। ਬ੍ਰਹਮ ਜਾਂ ਪਰਮਾਤਮਾ ਹੀ ਕੇਵਲ ਇਕ ਸੱਚਾਈ ਹੈ ਪਰੰਤੂ ਜਗਤ ਅਤੇ ਉਸ ਦੇ ਅਸੰਖ ਪ੍ਰਾਣੀ ਪਰਮਾਤਮਾ ਦੀ ਹੀ ਸ੍ਰਿਸ਼ਟੀ ਦੇ ਅੰਦਰ ਹਨ। ਉਹ ਭਗਵਾਨ ਦੀ ਲੀਲਾ ਹੈ। ਮੁਕਤੀ ਦਾ ਅਰਥ ਹੈ ਵਿਸ਼ਨੂੰ ਦਾ ਪਰਮਪਦ ਪ੍ਰਾਪਤ ਕਰਨਾ। ਇਹ ਉਨ੍ਹਾਂ ਦੀ ਕਿਰਪਾ ਨਾਲ ਹੀ ਸੰਭਵ ਹੈ। ਆਤਮਾ

ਅਤੇ ਪਰਮਾਤਮਾ ਦੋ ਨਹੀਂ ਹਨ। ਸਿਰਫ਼ ਇਕ ਪਰਮਾਤਮਾ ਹੀ ਹੈ। ਆਤਮਾ ਜਾਂ ਜੀਵ ਆਤਮਾ ਈਸ਼ਵਰ ਦਾ ਹੀ ਇਕ ਸਰੂਪ ਹੈ।

ਪਰਸਾਦ : ਇਹ ਸ਼ਬਦ ਹਿੰਦੂ, ਬੋਧ ਤੇ ਸਿੱਖ ਧਰਮਾਂ ਵਿਚ ਮਹੱਤਵਪੂਰਣ ਸਥਾਨ ਰੱਖਦਾ ਹੈ। ਬੁੱਧ ਧਰਮ ਵਿਚ ਪਰਸਾਦ ਦਾ ਅਰਥ ਮਨ ਦੀ ਪਰਸੰਨ ਅਤੇ ਸ਼ਾਂਤ ਅਵਸਥਾ ਹੈ। ਇਹ ਸ਼ਰਧਾ ਅਤੇ ਧਿਆਨ ਤੋਂ ਉਤਪੰਨ ਹੁੰਦੀ ਹੈ ਪ੍ਰੰਤੂ ਹਿੰਦੂ ਅਤੇ ਸਿੱਖ ਮਤਾਂ ਵਿਚ ਪਰਸਾਦ ਦਾ ਅਰਥ ਈਸ਼ਵਰ ਦੀ ਕਿਰਪਾ, ਨਦਰ ਤੇ ਮੇਹਰ ਹੈ। ਕਦੇ ਭਗਵਾਨ ਭਗਤਾਂ ਤੇ ਖ਼ੁਸ਼ ਹੋ ਜਾਂਦੇ ਹਨ, ਉਹ ਉਨ੍ਹਾਂ ਦਾ ਕਲਿਆਣ ਕਰਦੇ ਹਨ। ਪ੍ਰੰਤੂ ਪਰਸਾਦ ਦਾ ਅਸਲੀ ਅਰਥ ਹੈ, ਭਗਵਾਨ ਆਪਣੀ ਮਰਜੀ ਨਾਲ ਕਿਸੇ ਨੂੰ, ਚਾਹੇ ਉਹ ਬੁਰਾ ਹੈ ਜਾਂ ਚੰਗਾ, ਭਗਤ ਹੈ ਜਾਂ ਮਨਮੁਖ ਆਪਣੀ ਮੇਹਰ ਨਾਲ ਬਖ਼ਸ਼ ਦੇਂਦਾ ਹੈ।

ਓਮ : ਇਹ ਸਭ ਤੋਂ ਪ੍ਰਸਿੱਧ ਇਕਾਖਰ ਮੰਤਰ ਹੈ। ਮਾਡੂਕਯ ਉਪਨਿਸ਼ਦ ਵਿਚ ਓਮ ਦਾ ਵਿਸਤਾਰ ਨਾਲ ਰਹੱਸਯਪੂਰਣ ਵਰਣਨ ਮਿਲਦਾ ਹੈ। ਓਮ ਜਾਂ ਓਂਕਾਰ ਈਸ਼ਵਰ ਦਾ ਪ੍ਰਤੀਕ ਹੈ, ਅਕਾਲ ਪੁਰਖ ਦਾ ਨਾਂ ਹੈ। ਓਮ ਬਹੁਤ ਸਾਰੇ ਮੰਤਰਾਂ ਦੇ ਆਰੰਭ ਵਿਚ ਲਗਾਇਆ ਜਾਂਦਾ ਹੈ।

ਈਸ਼ਵਰ : ਹਿੰਦੂ ਧਰਮ ਏਕੇਸ਼ਵਰਵਾਦੀ ਧਰਮ ਹੈ। ਇਸ ਦਾ ਅਰਥ ਹੈ ਕਿ ਈਸ਼ਵਰ ਇਕ ਹੈ। ਇਸ ਇਕ ਸ਼ਕਤੀ ਦੀ ਕਲਪਨਾ ਅਨੇਕਾਂ ਰੂਪਾਂ ਵਿਚ ਕੀਤੀ ਗਈ ਹੈ। ਇਸ ਦੇ ਅਨੇਕ ਨਾਮ ਤੇ ਅਨੇਕ ਰੂਪ ਹਨ : ਪ੍ਰੰਤੂ ਉਹ ਨਿਰਾਕਾਰ ਤੇ ਬਿਨਾਂ ਨਾਮ ਦੇ ਵੀ ਸਮਝਿਆ ਜਾਂਦਾ ਹੈ। ਸ਼ਿਵ ਸ਼ਕਤੀ, ਬ੍ਰਹਮਾ ਵਿਸ਼ਨੂੰ ਆਦਿ ਅਨੇਕ ਨਾਵਾਂ ਨਾਲ ਉਸੇ ਇਕ ਈਸ਼ਵਰ ਦੀ ਉਪਾਸਨਾ ਹੁੰਦੀ ਹੈ। ਪ੍ਰੰਤੂ ਉਹ ਨਾ ਇਸਤ੍ਰੀ ਹੈ ਤੇ ਨਾ ਪੁਰਸ਼। ਹਿੰਦੂ ਦਰਸ਼ਨ ਵਿਚ ਈਸ਼ਵਰ ਦੇ ਮੁੱਖ ਸਰੂਪ ਮਿਲਦੇ ਹਨ ਇਕ ਨਿਰਗੁਣ, ਨਿਰਾਕਾਰ, ਪੂਰਣ ਬ੍ਰਹਮ ਦਾ ਵਿਚਾਰ ਅਤੇ ਦੂਜਾ ਸਰਗੁਣ, ਸਾਕਾਰ ਈਸ਼ਵਰ ਦਾ ਵਿਚਾਰ। ਹਿੰਦੂ ਧਰਮ ਦੀਆਂ ਤਿੰਨ ਮੁੱਖ ਸੰਪਰਦਾਵਾਂ ਹਨ : ਸ਼ਿਵ, ਵੈਸ਼ਨੂੰ ਅਤੇ ਸ਼ਕਤੀ ਦੇ ਉਪਾਸ਼ਕ।

ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਨੂੰ ਕਰਮ ਅਨੁਸਾਰ, ਸ੍ਰਿਸ਼ਟੀ ਦੇ ਰਚਣ ਵਾਲਾ; ਪਾਲਣਹਾਰ ਅਤੇ ਵਿਨਾਸ਼ ਕਰਨ ਵਾਲਾ ਮੰਨਿਆ ਗਿਆ ਹੈ, ਇਹ ਤਿੰਨੇ ਹੀ ਇਕੋ ਦੇਵ ਦੇ ਰੂਪ ਹਨ। ਉਹ ਧਰਮ ਦੀ ਸਥਾਪਨਾ ਤੇ ਰੱਖਿਆ ਵਾਸਤੇ ਅਵਤਾਰ ਵੀ ਧਾਰਦਾ ਹੈ। ਇਸ ਤਰ੍ਹਾਂ ਵਿਸ਼ਨੂੰ ਦੇ ਦਸ ਜਾਂ ਚੋਵੀ ਅਵਤਾਰ ਮੰਨੇ ਗਏ ਹਨ। ਈਸ਼ਵਰ ਪ੍ਰਾਪਤੀ ਦੇ ਤਿੰਨ ਮੁੱਖ ਮਾਰਗ ਹਨ : ਭਗਤੀ ਮਾਰਗ, ਗਿਆਨ ਮਾਰਗ ਅਤੇ ਕਰਮ ਮਾਰਗ। ਭਗਵਤ ਗੀਤਾ ਵਿਚ ਇਨ੍ਹਾਂ ਤਿੰਨਾਂ ਮਾਰਗਾਂ ਦਾ ਸੰਬੰਧ

ਦੱਸਿਆ ਗਿਆ ਹੈ।

ਤੰਤਰ : ਇਸ ਸ਼ਬਦ ਦਾ ਅਰਥ ਹੈ ਪੁਸਤਕ, ਗ੍ਰੰਥ ਜਾਂ ਸ਼ਾਸਤਰ। ਇਹ ਇਕ ਖ਼ਾਸ ਵਿਦਿਆ ਜਾਂ ਮਾਰਗ ਦਾ ਨਾਮ ਹੈ। ਤਾਂਤਰਿਕ ਗ੍ਰੰਥਾਂ ਵਿਚ ਯੋਗ, ਖ਼ਾਸ ਤੌਰ ਤੇ ਹਠ ਯੋਗ, ਭਗਤੀ, ਮੰਤਰ, ਪੂਜਾ ਤੇ ਕਰਮ ਕਾਂਡ ਦਾ ਵਰਣਨ ਮਿਲਦਾ ਹੈ। ਮਹਾਨਿਰਵਾਣ ਤੰਤਰ ਇਕ ਹਿੰਦੂ ਤੰਤਰ ਗ੍ਰੰਥ ਹੈ, ਤਾਂਤਰਿਕ ਗ੍ਰੰਥਾਂ ਦੀ ਰਚਨਾ ਪੂਰਬ ਮੱਧ ਕਾਲ ਵਿਚ ਹਿੰਦੂ, ਬੋਧ ਅਤੇ ਜੈਨ ਸੰਤਾਂ ਨੇ ਕੀਤੀ ਸੀ।

ਮਹਾਭਾਰਤ : ਇਹ ਸੰਸਾਰ ਦੀ ਇਕ ਬਹੁਤ ਵੱਡੀ ਪੁਸਤਕ ਹੈ ਜਿਹੜੀ ਸੰਸਕ੍ਰਿਤ ਵਿਚ ਲਿਖੀ ਹੋਈ ਹੈ। ਇਸ ਵਿਚ ਸੰਸਕ੍ਰਿਤ ਦੇ ਇਕ ਲੱਖ ਸ਼ਲੋਕ ਹਨ। ਸਾਰੀ ਪੁਸਤਕ ਅਠਾਰਾਂ ਪਰਵਾਂ ਵਿਚ ਵੰਡੀ ਹੋਈ ਹੈ। ਹਰ ਇਕ ਪਰਵ ਵਿਚ ਸੈਂਕੜੇ ਅਧਿਆਇ ਹਨ। ਅਸੀਂ ਇਸ ਪੁਸਤਕ ਵਿਚ ਕੇਵਲ ਇਸ ਦੇ 'ਸ਼ਾਂਤੀਪਰਵ' ਵਿਚੋਂ ਕੁੱਝ ਸ਼ਲੋਕ ਚੁਣ ਕੇ ਦਿੱਤੇ ਹਨ। ਮਹਾਭਾਰਤ ਦਾ ਵਿਸ਼ਾ ਕੌਰਵਾਂ ਤੇ ਪਾਂਡਵਾਂ ਦਾ ਯੁੱਧ ਹੈ। ਇਸ ਯੁੱਧ ਦੀ ਭੂਮੀ ਕੁਰੂਕਸ਼ੇਤਰ ਸੀ, ਪ੍ਰੰਤੂ ਇਸ ਗ੍ਰੰਥ ਵਿਚ ਯੁੱਧ ਦੇ ਇਲਾਵਾ ਹੋਰ ਕਈ ਪ੍ਰਕਾਰ ਦੇ ਵਿਸ਼ਿਆਂ ਉੱਪਰ ਬੜੇ ਵਿਸਤਾਰ ਨਾਲ ਚਰਚਾ ਕੀਤੀ ਗਈ ਹੈ ਜਿਹਾ ਕਿ ਧਰਮ, ਕਰਮ, ਯੋਗ, ਰਾਜਨੀਤੀ, ਜਾਦੂ, ਭਗਤੀ, ਦਰਸ਼ਨ, ਅਰਥਸ਼ਾਸਤਰ, ਤਪ, ਯਗ, ਜਾਤੀਆਂ ਦੇ ਅਧਿਕਾਰ ਤੇ ਕਰਤੱਵ, ਭਾਰਤ ਦਾ ਭੂਗੋਲ, ਤੀਰਥਾਂ ਦਾ ਵਰਣਨ ਅਤੇ ਸਭਿਆਚਾਰ ਸੈਂਕੜੇ ਵਿਸ਼ਿਆਂ ਤੇ ਪ੍ਰਕਾਸ਼ ਪਾਇਆ ਗਿਆ ਹੈ। ਮਹਾਭਾਰਤ ਨੂੰ ਇਕ ਪੁਰਾਣਾ ਧਰਮ-ਸ਼ਾਸਤਰ ਤੇ ਇਤਿਹਾਸ ਕਿਹਾ ਗਿਆ ਹੈ, ਪਰੰਪਰਾ ਅਨੁਸਾਰ ਮਹਾਭਾਰਤ ਦੇ ਰਚਿਤਾ ਵੇਦ ਵਿਆਸ ਮੁਨੀ ਮੰਨੇ ਗਏ ਹਨ ਪ੍ਰੰਤੂ ਮਹਾਭਾਰਤ ਕਈ ਸ਼ਤਾਬਦੀਆਂ ਦੀ ਰਚਨਾ ਹੈ ਤੇ ਕਿਸੇ ਇਕ ਕਵੀ ਜਾਂ ਇਕ ਸਮੇਂ ਦੀ ਨਹੀਂ। ਇਤਿਹਾਸਕਾਰਾਂ ਨੇ ਮਹਾਭਾਰਤ ਦਾ ਰਚਨਾ ਕਾਲ 400 ਪੂ. ਈ. ਤੋਂ 400 ਈਸਵੀ ਵਿਚਕਾਰ ਫੈਲਿਆ ਹੋਇਆ ਮੰਨਿਆ ਹੈ।

ਮੰਨੂ ਸਿਮ੍ਰਤੀ : ਇਸ ਨੂੰ ਮਾਨਵ ਧਰਮ ਸ਼ਾਸਤਰ ਵੀ ਕਹਿੰਦੇ ਹਨ। ਇਹ ਹਿੰਦੂਆਂ ਦਾ ਬਹੁਤ ਪ੍ਰਸਿੱਧ ਧਰਮ ਸ਼ਾਸਤਰ ਹੈ। ਇਸ ਦੀ ਰਚਣ ਦੀ ਤਾਰੀਖ 120 ਪੂ. ਈ. ਤੇ 100 ਈਸਵੀ ਦੇ ਵਿਚਕਾਰ ਮੰਨੀ ਗਈ ਹੈ। ਇਸ ਗ੍ਰੰਥ ਦੀ ਰਚਨਾ ਮੰਨੂ ਜੀ ਨੇ ਕੀਤੀ ਦੱਸੀ ਗਈ ਹੈ ਪ੍ਰੰਤੂ ਇਸ ਦੇ ਅਸਲੀ ਲੇਖਕ ਬਾਰੇ ਨਿਸ਼ਚਿਤ ਰੂਪ ਵਿਚ ਕੁੱਝ ਨਹੀਂ ਕਿਹਾ ਜਾ ਸਕਦਾ।

ਵਿਸ਼ਨੂੰ ਸਿਮ੍ਰਤੀ : ਇਹ ਵੀ ਇਕ ਧਰਮ ਸ਼ਾਸ਼ਤਰ ਦਾ ਨਾਂ ਹੈ ਜਿਸ ਦਾ ਰਚਨਾ ਕਾਲ 200 ਈਸਵੀ ਮੰਨਿਆ ਗਿਆ ਹੈ।

ਭਗਵਤ ਗੀਤਾ : ਇਸ ਦਾ ਅਰਥ ਹੈ ਭਗਵਾਨ ਦਾ ਗੀਤ। ਇਹ ਮਹਾਭਾਰਤ ਦੇ ਭੀਸ਼ਮ ਪਰਵ ਦਾ ਇਕ ਅੰਗ ਹੈ। ਗੀਤਾ ਵਿਚ ਅਠਾਰਾਂ ਅਧਿਆਇ ਹਨ। ਸਰਲ ਸੰਸਕ੍ਰਿਤ ਕਵਿਤਾ ਵਿਚ ਰਚੀ ਗਈ ਇਸ ਪੁਸਤਕ ਵਿਚ ਸ੍ਰੀ ਕ੍ਰਿਸ਼ਨ ਤੇ ਅਰਜਨ ਵਿਚਕਾਰ ਵਾਰਤਾਲਾਪ ਦਾ ਵਰਣਨ ਹੈ। ਭਗਵਤ ਗੀਤਾ ਦਾ ਰਚਨਾ ਕਾਲ ਵੀ ਉਹੀ ਹੈ, ਜਿਹੜਾ ਮਹਾਭਾਰਤ ਦਾ ਦੱਸਿਆ ਗਿਆ ਹੈ। ਇਹ ਹਿੰਦੂਆਂ ਦੇ ਸਾਰੇ ਸੰਪਰਦਾਵਾਂ ਦਾ ਲੋਕਪ੍ਰਿਯ ਤੇ ਪ੍ਰਮਾਣਿਕ ਧਰਮ ਗ੍ਰੰਥ ਹੈ।

ਜੈਨ ਧਰਮ

ਜੈਨ ਧਰਮ ਭਾਰਤ ਦੇ ਪੁਰਾਤਨ ਧਰਮਾਂ ਵਿਚੋਂ ਇਕ ਹੈ। ਭਗਵਾਨ ਮਹਾਂਵੀਰ (599-527 ਪੂ. ਈ.) ਨੂੰ ਜੈਨ ਧਰਮ ਦਾ ਚੌਵੀਵਾਂ ਤੀਰਥੰਕਰ (ਗੁਰੂ) ਮੰਨਿਆ ਜਾਂਦਾ ਹੈ, ਪਾਰਸ਼ਨਾਥ (ਲਗਪਗ 750 ਪੂ. ਈ.) ਜਿਨ੍ਹਾਂ ਨੂੰ ਤੇਈਵਾਂ ਤੀਰਥੰਕਰ ਮੰਨਿਆ ਜਾਂਦਾ ਹੈ, ਵੀ ਇਕ ਇਤਿਹਾਸਕ ਗੁਰੂ ਹੋਏ ਹਨ। ਭਗਵਾਨ ਮਹਾਂਵੀਰ ਭਗਵਾਨ ਬੁੱਧ ਦੇ ਸਮਕਾਲੀ ਸਨ। ਸਮਾਂ ਬੀਤਣ ਨਾਲ ਜੈਨ ਧਰਮ ਸ਼ਵੇਤਾਂਬਰ ਤੇ ਦਿਗੰਬਰ ਦੋ ਸ਼ਾਖਾਵਾਂ ਵਿਚ ਵੰਡ ਗਿਆ। ਸ਼ਵੇਤਾਂਬਰ ਇਸ ਨੂੰ ਇਸ ਲਈ ਕਹਿੰਦੇ ਹਨ, ਕਿਉਂਕਿ ਇਸ ਨੂੰ ਮੰਨਣ ਵਾਲੇ ਭਿਕਸ਼ੂ ਸਫੈਦ ਵਸਤਰ ਧਾਰਨ ਕਰਦੇ ਹਨ। ਦਿਗੰਬਰ ਇਸ ਲਈ ਆਖਦੇ ਹਨ ਕਿਉਂਕਿ ਇਸ ਨੂੰ ਮੰਨਣ ਵਾਲੇ ਭਿਕਸ਼ੂ ਕੋਈ ਵਸਤਰ ਧਾਰਣ ਨਹੀਂ ਕਰਦੇ। ਜੈਨ ਧਰਮ ਅਹਿੰਸਾ ਦੇ ਸਿਧਾਂਤਾਂ ਤੇ ਬਹੁਤ ਜ਼ੋਰ ਦਿੰਦਾ ਹੈ। ਜੈਨ ਧਰਮ ਦੇ ਸਭ ਤੋਂ ਪਹਿਲੇ ਗ੍ਰੰਥ ਪ੍ਰਾਕ੍ਰਿਤ ਭਾਸ਼ਾ ਵਿਚ ਪਾਏ ਜਾਂਦੇ ਹਨ। ਬਾਅਦ ਵਿਚ ਸੰਸਕ੍ਰਿਤ ਭਾਸ਼ਾ ਵਿਚ ਵੀ ਜੈਨ ਸਾਹਿਤ ਦੀਆਂ ਪੁਸਤਕਾਂ ਲਿਖੀਆਂ ਗਈਆਂ। ਅਸੀਂ ਇੱਥੇ ਹੇਠ ਲਿਖੇ ਹੋਏ ਪ੍ਰਾਕ੍ਰਿਤ ਜੈਨ ਗ੍ਰੰਥਾਂ ਤੋਂ ਅੰਸ਼ ਲਏ ਹਨ : ਆਚਾਰੰਗਸੂਤ੍ਰ, ਕਲਪਸੂਤ੍ਰ, ਉਤਰਾਧਿਅਨਸੂਤ੍ਰ ਤੇ ਸੂਤ੍ਰਕ੍ਰਿਤਾਂਗ। ਭੱਦਰਬਾਹੂ ਨੂੰ ਕਲਪਸੂਤ੍ਰ ਦਾ ਰਚੈਤਾ ਕਿਹਾ ਜਾਂਦਾ ਹੈ ਜੋ ਚੌਥੀ ਸ਼ਤਾਬਦੀ ਪੂ. ਈ. ਵਿਚ ਇਕ ਮਹਾਨ ਜੈਨ ਭਿਕਸ਼ੂ ਤੇ ਵਿਦਵਾਨ ਹੋਇਆ ਹੈ। ਦੂਜੇ ਗ੍ਰੰਥ ਜਿਨ੍ਹਾਂ ਦਾ ਉੱਤੇ ਜ਼ਿਕਰ ਕੀਤਾ ਗਿਆ ਹੈ ਉਹ ਵੀ ਪ੍ਰਾਚੀਨ ਧਰਮ ਗ੍ਰੰਥ ਹਨ ਜਿਨ੍ਹਾਂ ਨੂੰ 500-400 ਪੂ. ਈ. ਵਿਚ ਰੱਖਿਆ ਜਾ ਸਕਦਾ ਹੈ।

ਅਚਾਰੰਗਸੂਤ੍ਰ

I ਪੰਜ ਮੁੱਖ ਪ੍ਰਣ ਜਾਂ ਵਰਤ :

ਪੰਜ ਮਹਾਵਰਤ (1) ਮੈਂ ਜੀਉਂਦੀਆਂ ਚੀਜ਼ਾਂ ਨੂੰ, ਭਾਵੇਂ ਉਹ ਸੂਖਮ ਰੂਪ ਵਿਚ ਹੋਣ ਜਾਂ ਸਥੂਲ ਵਿਚ ਚਲਾਇਮਾਨ ਹੋਣ ਜਾਂ ਅਚਲ, ਜਾਨ ਤੋਂ ਕਦੇ ਵੀ ਨਾ ਮਾਰਨ ਦਾ ਪ੍ਰਣ ਕਰਦਾ ਹਾਂ। ਨਾ ਮੈਂ ਆਪ ਹੀ ਜਾਨਦਾਰ ਚੀਜ਼ਾਂ ਨੂੰ ਕਦੇ ਜਾਨ ਤੋਂ ਮਾਰਾਂਗਾ, ਨਾ ਦੂਸਰਿਆਂ

ਤੋਂ ਅਜਿਹਾ ਕਰਵਾਵਾਂਗਾ ਤੇ ਨਾ ਹੀ ਅਜਿਹਾ ਕਰਨ ਲਈ ਕਦੇ ਸੰਮਤੀ ਦੇਵਾਂਗਾ।

(2) ਮੈਂ ਕ੍ਰੋਧ, ਲਾਲਚ, ਡਰ ਜਾਂ ਖ਼ੁਸ਼ੀ ਵਿਚ ਆ ਕੇ ਝੂਠ ਬੋਲਣ ਆਦਿ ਪਾਪਾਂ ਦਾ ਤਿਆਗ ਕਰਦਾ ਹਾਂ। ਨਾ ਮੈਂ ਆਪ ਹੀ ਕਦੇ ਝੂਠ ਬੋਲਾਂਗਾ ਤੇ ਨਾ ਹੀ ਹੋਰਨਾਂ ਤੋਂ ਹੀ ਬੁਲਾਵਾਂਗਾ ਨਾ ਦੂਸਰਿਆਂ ਤੋਂ ਝੂਠ ਬੋਲੇ ਜਾਣ ਨਾਲ ਕਦੇ ਵੀ ਸਹਿਮਤ ਹੀ ਹੋਵਾਂਗਾ।

(3) ਮੈਂ ਹਰ ਉਸ ਚੀਜ਼ ਜਾਂ ਵਸਤੂ ਨੂੰ ਸਵੀਕਾਰ ਕਰਨ ਦਾ ਤਿਆਗ ਕਰਦਾ ਹਾਂ ਜਿਹੜੀ ਮੈਨੂੰ ਆਪ ਨਾ ਦਿੱਤੀ ਗਈ ਹੋਵੇ ਤੇ ਜਿਸ ਦਾ ਮੈਂ ਹੱਕਦਾਰ ਨਾ ਹੋਵਾਂ, ਭਾਵੇਂ ਉਹ ਕਿਸੇ ਪਿੰਡ ਵਿਚ, ਸ਼ਹਿਰ ਵਿਚ ਜਾਂ ਜੰਗਲ ਵਿਚ ਹੋਵੇ, ਛੋਟੀ ਹੋਵੇ ਜਾਂ ਵੱਡੀ, ਥੋੜ੍ਹੀ ਹੋਵੇ ਜਾਂ ਬਹੁਤੀ, ਜੀਵਤ ਹੋਵੇ ਜਾਂ ਨਿਰਜੀਵ। ਮੈਂ ਨਾ ਆਪ ਹੀ ਕੋਈ ਅਜਿਹੀ ਵਸਤੂ ਲਵਾਂਗਾ, ਨਾ ਦੂਸਰਿਆਂ ਦੇ ਲੈਣ ਵਿਚ ਸਹਾਈ ਜਾਂ ਸਹਿਮਤ ਹੋਵਾਂਗਾ।

(4) ਮੈਂ ਸਾਰੀ ਕਾਮ ਵਾਸ਼ਨਾ ਦਾ ਤਿਆਗ ਕਰਦਾ ਹਾਂ ਭਾਵੇਂ ਉਸ ਦਾ ਸੰਬੰਧ ਦੇਵੀ ਦੇਵਤਿਆਂ ਨਾਲ ਹੋਵੇ, ਮਨੁੱਖ ਨਾਲ ਜਾਂ ਜਾਨਵਰਾਂ ਨਾਲ ਹੋਵੇ। ਮੈਂ ਕਦੇ ਵੀ ਕਾਮ ਚੇਸ਼ਟਾ ਦਾ ਸ਼ਿਕਾਰ ਨਹੀਂ ਹੋਵਾਂਗਾ, ਨਾ ਹੀ ਦੂਸਰਿਆਂ ਤੋਂ ਅਜਿਹਾ ਕਰਵਾਵਾਂਗਾ ਤੇ ਨਾ ਹੀ ਦੂਸਰਿਆਂ ਤੇ ਅਜਿਹਾ ਕਰਨ ਨਾਲ ਸਹਿਮਤ ਹੋਵਾਂਗਾ।

(5) ਮੈਂ ਸਾਰੇ ਮੋਹ ਦਾ ਤੇ (ਬਾਹਰਲੀਆਂ ਵਸਤਾਂ ਦੇ ਭੋਗ ਦਾ) ਤਿਆਗ ਕਰਦਾ ਹਾਂ, ਭਾਵੇਂ ਉਹ ਛੋਟੀਆਂ ਹੋਣ ਜਾਂ ਵੱਡੀਆਂ, ਥੋੜ੍ਹੀਆਂ ਹੋਣ ਜਾਂ ਬਹੁਤੀਆਂ, ਜੀਵ ਹੋਣ ਜਾਂ ਨਿਰਜੀਵ। ਨਾ ਮੈਂ ਹੀ ਅਜਿਹੇ ਮੋਹ ਵਿਚ ਪਵਾਂਗਾ, ਨਾ ਹੀ ਦੂਸਰਿਆਂ ਨੂੰ ਪਾਵਾਂਗਾ ਤੇ ਨਾ ਹੀ ਦੂਸਰਿਆਂ ਦੇ ਇਸ ਮੋਹ ਵਿਚ ਪੈਣ ਨਾਲ ਸਹਿਮਤ ਹੋਵਾਂਗਾ। *(II. 15. 1-5)*

2
ਅਹਿੰਸਾ

ਜਿਸ ਤਰ੍ਹਾਂ ਤੁਹਾਨੂੰ ਆਪਣੀ ਜਾਨ ਪਿਆਰੀ ਹੈ ਤੇ ਦਰਦ ਪੀੜ ਹੁੰਦੀ ਹੈ ਇਸ ਤਰ੍ਹਾਂ ਉਸ ਨੂੰ ਵੀ ਪਿਆਰੀ ਹੈ ਜਿਸ ਨੂੰ ਤੁਸੀਂ ਮਾਰਨਾ ਚਾਹੁੰਦੇ ਹੋ। ਜਿਸ ਤਰ੍ਹਾਂ ਤੁਸੀਂ ਆਪ ਦੁਖ ਤਸੀਹੇ ਨਹੀਂ ਸਹਿ ਸਕਦੇ

ਇਸੇ ਤਰ੍ਹਾਂ ਉਹ ਵੀ ਨਹੀਂ ਸਹਿਨ ਕਰ ਸਕਦਾ ਜਿਸ ਨੂੰ ਤੁਸੀਂ ਤਸੀਹੇ ਤੇ ਦੁਖ ਦੇਣਾ ਚਾਹੁੰਦੇ ਹੋ। ਇਸੇ ਤਰ੍ਹਾਂ ਉਸ ਦਾ ਦਿਲ ਹੈ ਜਿਸ ਨੂੰ ਤੰਗ ਕਰਨਾ ਚਾਹੁੰਦੇ ਹੋ। ਜਿਸ ਨੂੰ ਤੁਸੀਂ ਦੰਡ ਜਾਂ ਸਜ਼ਾ ਦੇਣਾ ਚਾਹੁੰਦੇ ਹੋ, ਤੇ ਬਾਹਰ ਕੱਢ ਦੇਣਾ ਚਾਹੁੰਦੇ ਹੋ, ਉਸ ਦਾ ਦਿਲ ਵੀ ਤੁਹਾਡੇ ਵਰਗਾ ਹੈ। ਚੰਗੇ ਹਿਰਦੇ ਵਾਲਾ ਪੁਰਸ਼ ਜਿਹੜਾ ਇਨ੍ਹਾਂ ਜਜ਼ਬਿਆਂ ਦੀ ਕਦਰ ਕਰਦਾ ਹੈ ਉਹ ਨਾ ਹੀ ਕਿਸੇ ਨੂੰ ਮਾਰਦਾ ਹੈ ਤੇ ਨਾ ਹੀ ਕਿਸੇ ਨੂੰ ਮਰਵਾਂਦਾ ਹੈ। ਉਸ ਨੂੰ ਜਾਣ ਬੁਝ ਕੇ ਅਜਿਹੀ ਸਜ਼ਾ ਦਾ ਭਾਗੀ ਨਹੀਂ ਬਣਨਾ ਚਾਹੀਦਾ।

3 ਅਰਹਤ

ਮੁਕਤ ਪੁਰਸ਼ (ਅਰਹਤ) ਨਾ ਹੀ ਲੰਮਾ ਹੈ ਤੇ ਨਾ ਹੀ ਛੋਟਾ, ਨਾ ਗੋਲ ਤੇ ਨਾ ਹੀ ਤਿਕੋਨਾ, ਨਾ ਚਾਰ ਨੁਕਰਾ ਤੇ ਨਾ ਹੀ ਘੇਰੇਦਾਰ, ਨਾ ਹੀ ਉਹ ਕਾਲਾ ਹੈ ਤੇ ਨਾ ਹੀ ਨੀਲਾ, ਨਾ ਲਾਲ, ਸਾਵਾ ਜਾਂ ਸਫੇਦ ਨਾ ਉਸ ਦੀ ਸੁਗੰਧ, ਤੇ ਨਾ ਦੁਰਗੰਧ, ਨਾ ਮਿੱਠਾ ਤੇ ਨਾ ਕੌੜਾ, ਨਾ ਖਰ੍ਹਵਾ ਤੇ ਨਾ ਹੀ ਨਰਮ, ਨਾ ਹੌਲਾ ਤੇ ਨਾ ਹੀ ਭਾਰਾ, ਨਾ ਗਰਮ ਤੇ ਨਾ ਠੰਡਾ, ਨਾ ਪਧਰਾ ਤੇ ਨਾ ਖੁਰਦਰਾ, ਉਹ ਸਰੀਰ ਤੋਂ ਬਿਨਾ ਹੈ, ਤੇ ਨਾ ਹੀ ਮੁੜ ਉਪਜਦਾ ਹੈ, ਨਾ ਉਸ ਦੀ ਪ੍ਰਕ੍ਰਿਤੀ ਨਾਲ ਸੰਬੰਧ ਹੈ, ਨਾ ਉਹ ਮਰਦ ਹੈ ਤੇ ਨਾ ਉਹ ਔਰਤ ਤੇ ਨਾ ਹੀ ਨਿਪੁੰਸਕ ਪ੍ਰੰਤੂ ਉਹ ਵੇਖਦਾ, ਜਾਣਦਾ ਸਭ ਕੁੱਝ ਪਛਾਣਦਾ ਹੈ। ਕੋਈ ਅਜਿਹੀ ਉਪਮਾ ਜਾਂ ਦ੍ਰਿਸ਼ਟਾਂਤ ਨਹੀਂ ਹੈ ਜਿਸ ਤੋਂ ਉਸ ਮੁਕਤ ਆਤਮਾ ਦੀ ਅਸਲੀਅਤ ਨੂੰ ਜਾਣਿਆ ਜਾ ਸਕੇ। ਸਾਰ ਰੂਪ ਵਿਚ ਇਹ ਆਕਾਰ ਰਹਿਤ ਹੈ। ਜੋ ਬੰਧਨ-ਮੁਕਤ ਹੈ ਉਸ ਦੀ ਦਿਸ਼ਾ ਜਾਣੀ ਨਹੀਂ ਜਾ ਸਕਦੀ। ਇਸ ਦਾ ਸ਼ਬਦ ਰੂਪ, ਗੰਧ, ਰਸ, ਸਪਰਸ਼ ਜਾਂ ਇਹੋ ਜਿਹੀ ਕੁੱਝ ਹੋਰ ਦਸ਼ਾ ਨਹੀਂ ਹੈ। (I. 3-5. I, 6-4)

ਕਲਪਸੂਤ੍ਰ

4 ਨਮਸਕਾਰ

ਮੇਰੀ ਨਮਸਕਾਰ ਹੈ ਅਰਹਤਾ (ਮੁਕਤ ਆਤਮਾਵਾਂ) ਨੂੰ
ਮੇਰੀ ਨਮਸਕਾਰ ਹੈ ਮੁਕਤ ਹੋਏ ਲੋਕਾਂ ਨੂੰ
ਮੇਰੀ ਨਮਸਕਾਰ ਹੈ ਧਾਰਮਿਕ ਆਗੂਆਂ ਨੂੰ
ਮੇਰੀ ਨਮਸਕਾਰ ਹੈ ਧਰਮ ਦੇ ਅਧਿਆਪਕਾਂ ਨੂੰ
ਮੇਰੀ ਨਮਸਕਾਰ ਹੈ ਸੰਸਾਰ ਦੇ ਸਾਰੇ ਸੰਤਾਂ ਮਹਾਤਮਾਂ ਨੂੰ

ਇਹ ਪੰਜ ਪੱਖੀ ਨਮਸਕਾਰ ਜਿਹੜੀ ਸਾਰੇ ਪਾਪਾਂ ਨੂੰ ਨਸ਼ਟ ਕਰਦੀ

ਹੈ, ਸਾਰੀਆਂ ਅਸੀਸਾਂ ਵਿਚੋਂ ਸਭ ਤੋਂ ਵੱਡੀ ਡੰਡੋਤ ਹੈ।

(ਕਲਪਸੂਤ੍ਰ ਦੇ ਮੁੱਢਲੇ ਸ਼ਬਦ)

ਉਤਰਾਧਿਅਨਸੂਤ੍ਰ

5 ਮੁਨੀ ਦਾ ਆਚਰਣ

ਜਿਵੇਂ ਇਕ ਸੂਰ ਦਾਣਿਆਂ ਨਾਲ ਭਰੀ ਖੁਰਲੀ ਨੂੰ ਛੱਡ ਕੇ ਮੈਲ ਖਾਣ ਚਲਾ ਜਾਂਦਾ ਹੈ, ਇਸੇ ਤਰ੍ਹਾਂ ਵਹਿਸ਼ੀ ਮਨੁੱਖ ਨੇਕੀ ਤੋਂ ਮੂੰਹ ਮੋੜ ਕੇ ਮੰਦੇ ਕੰਮਾਂ ਵਲ ਤੁਰ ਪੈਂਦਾ ਹੈ।

ਮਨੁੱਖ ਦੀ ਇਸ ਤਰ੍ਹਾਂ ਕੁੱਤੇ ਜਾਂ ਸੂਰ ਨਾਲ ਤੁਲਨਾ ਹੁੰਦੀ ਸੁਣਕੇ ਉਸ (ਮਨੁੱਖ) ਨੂੰ, ਜਿਹੜਾ ਆਪਣਾ ਭਲਾ ਚਾਹੁੰਦਾ ਹੈ ਚੰਗੇ ਵਿਹਾਰ ਵਿਚ ਹੀ ਰੁੱਝੇ ਰਹਿਣਾ ਚਾਹੀਦਾ ਹੈ।

ਇਸ ਲਈ ਤੁਸੀਂ ਸਦਾ ਆਪਣੇ ਆਪ ਤੇ ਕਾਬੂ ਰੱਖਣ ਦੇ ਚਾਹਵਾਨ ਰਹੋ ਤਾਂ ਜੋ ਤੁਸੀਂ ਨੇਕੀ ਤੇ ਚੰਗਿਆਈ ਨੂੰ ਪ੍ਰਾਪਤ ਕਰ ਸਕੋ। ਸਿਆਣੇ ਪੁਰਸ਼ ਦਾ ਸੁਪੁੱਤਰ ਜਿਹੜਾ ਮੁਕਤੀ ਚਾਹੁੰਦਾ ਹੈ ਉਹ ਕਦੇ ਵੀ ਆਪਣਾ ਠੀਕ ਰਸਤਾ ਨਹੀਂ ਤਿਆਗੇਗਾ।

ਸਾਨੂੰ ਹਮੇਸ਼ਾਂ ਨਿਮ੍ਰਤਾ ਤੇ ਸੰਕੋਚ ਵਿਚ ਰਹਿਣਾ ਚਾਹੀਦਾ ਹੈ ਤੇ ਸਿਆਣਿਆਂ ਦੇ ਸਾਹਮਣੇ ਬੈਠਿਆਂ ਬਹੁਤੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਸਾਨੂੰ ਸਦਾ ਅਮੋਲਕ ਗਿਆਨ ਦੀ ਪ੍ਰਾਪਤੀ ਕਰਨੀ ਚਾਹੀਦੀ ਤੇ ਵਿਅਰਥ ਚੀਜ਼ਾਂ ਦਾ ਤਿਆਗ ਕਰਨਾ ਚਾਹੀਦਾ ਹੈ।

ਜੇਕਰ ਝਾੜ ਪਵੇ ਤਾਂ ਸਿਆਣੇ ਮਨੁੱਖ ਨੂੰ ਇਸ ਤੇ ਗੁੱਸਾ ਨਹੀਂ ਕਰਨਾ ਚਾਹੀਦਾ। ਇਸ ਦੇ ਉਲਟ ਉਸ ਨੂੰ ਬਰਦਾਸ਼ਤ ਕਰਨਾ ਚਾਹੀਦਾ ਹੈ। ਉਸ ਨੂੰ ਕਮੀਨੇ ਪੁਰਸ਼ਾਂ ਦੀ ਨਾ ਹੀ ਸੰਗਤ ਕਰਨੀ ਚਾਹੀਦੀ ਹੈ ਤੇ ਨਾ ਹੀ ਉਨ੍ਹਾਂ ਨਾਲ ਮਿਲ ਕੇ ਹੱਸਣਾ, ਖੇਡਣਾ ਚਾਹੀਦਾ ਹੈ।

ਕਿਸੇ ਨੂੰ ਵੀ ਬਿਨਾਂ ਪੁੱਛੇ ਜਾਂ ਬੁਲਾਏ ਬੋਲਣਾ ਯੋਗ ਨਹੀਂ। ਜੇਕਰ ਪੁਛਿਆ ਜਾਏ ਤਾਂ ਉਸ ਨੂੰ ਝੂਠ ਨਹੀਂ ਬੋਲਣਾ ਚਾਹੀਦਾ। ਕਿਸੇ ਮਨੁੱਖ ਨੂੰ ਕ੍ਰੋਧ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ ਤੇ ਚੰਗੀਆਂ, ਮੰਦੀਆਂ ਘਟਨਾਵਾਂ ਨੂੰ ਲਾਪ੍ਰਵਾਹੀ ਨਾਲ ਸਹਾਰਨਾ ਚਾਹੀਦਾ ਹੈ।

ਆਪਣੇ ਮਨ ਨੂੰ ਜਿੱਤੋ, ਕਿਉਂਕਿ ਅਜਿਹਾ ਕਰਨਾ ਬੜਾ ਹੀ ਮੁਸ਼ਕਿਲ ਹੈ। ਜੇਕਰ ਤੁਸੀਂ ਆਪਣੇ ਆਪ ਤੇ ਕਾਬੂ ਕਰ ਲਓਗੇ ਤਾਂ

ਤੁਸੀ ਇਸ ਲੋਕ ਤੇ ਪ੍ਰਲੋਕ ਵਿਚ ਵੀ ਪ੍ਰਸੰਨ ਰਹੋਗੇ।

ਆਪਣੇ ਆਪ ਤੇ ਕਾਬੂ ਕਰਕੇ ਤੇ ਪ੍ਰਾਸਚਿਤ ਕਰਕੇ ਆਪਾ ਮਾਰ ਲੈਣਾ ਹੀ ਇਸ ਤੋਂ ਚੰਗਾ ਹੈ ਕਿ ਤੁਹਾਨੂੰ ਕੋਈ ਹੋਰ ਸਰੀਰਕ ਕਸ਼ਟ ਦੇ ਕੇ ਜਾਂ ਕਿਸੇ ਬੰਧਨ ਵਿਚ ਰੱਖ ਕੇ ਸਮਝਾਏ ਤੇ ਕਾਬੂ ਕਰੇ।

(1, 5, 10, 1, 14, 16)

6 *ਵਿਦਿਆਰਥੀ* ਕੋਈ ਵੀ ਸਿਖ, ਮਤ ਜਾਂ ਹਦਾਇਤ ਜਿਹੜੀ ਕਿ ਕੋਈ ਸਿਆਣਾ ਪੁਰਸ਼ ਮੈਨੂੰ ਨਰਮ ਜਾਂ ਸਖਤ ਸ਼ਬਦਾਂ ਵਿਚ ਦੇਵੇਗਾ ਮੈਂ ਉਸ ਨੂੰ ਬੜੀ ਸ਼ਰਧਾ ਨਾਲ ਸਵੀਕਾਰ ਕਰਾਂਗਾ, ਇਹ ਸੋਚਦਿਆਂ ਕਿ ਇਹ ਮੇਰੇ ਲਾਭ ਵਾਸਤੇ ਹੈ। *(I, 27)*

7 *ਸਾਧੂ* ਜੇ ਕਿਸੇ ਭਿਕਸ਼ੂ (ਜੈਨ ਸਾਧੂ) ਨੂੰ ਕੋਈ ਮਾਰ ਕੁਟ ਕਰੇ ਤਾਂ ਉਸ ਨੂੰ ਨਾ ਹੀ ਗੁੱਸਾ ਕਰਨਾ ਚਾਹੀਦਾ ਹੈ ਅਤੇ ਨਾ ਹੀ ਕੋਈ ਪਾਪ ਦਾ ਖਿਆਲ ਮਨ ਵਿਚ ਲਿਆਉਣਾ ਚਾਹੀਦਾ ਹੈ। ਇਹ ਜਾਣਦਿਆਂ ਕਿ ਸਬਰ ਸਭ ਤੋਂ ਉੱਤਮ ਗੁਣ ਹੈ, ਉਸ ਭਿਕਸ਼ੂ ਨੂੰ ਹੁਕਮ (ਧਰਮ) ਦਾ ਧਿਆਨ (ਸਿਮਰਨ) ਕਰਨਾ ਚਾਹੀਦਾ ਹੈ। *(II, 26)*

8 *ਕਰਮ ਫਲ* (ਇਹ ਜਾਣਦੇ ਹੋਏ ਕਿ) ਤੁਸੀ ਆਪਣੀ ਆਯੂ ਹੋਰ ਲੰਮੀ ਨਹੀਂ ਕਰ ਸਕਦੇ ਜੀਵਨ ਵਲੋਂ ਲਾਪ੍ਰਵਾਹ ਨਾ ਹੋਵੋ। ਜਦੋਂ ਬੁਢੇਪਾ ਆ ਜਾਏਗਾ ਤਾਂ ਤੁਹਾਡੀ ਕੋਈ ਸਹਾਇਤਾ ਨਹੀਂ ਕਰ ਸਕੇਗਾ। ਵਿਚਾਰ ਕਰੋ ਕਿ ਉਨ੍ਹਾਂ ਲਾਪ੍ਰਵਾਹ ਲੋਕਾਂ ਨੂੰ ਜਿਹੜੇ ਜੀਵਾਂ ਨੂੰ ਮਾਰਦੇ ਹਨ ਤੇ ਆਪਣੇ ਆਪ ਨੂੰ ਇਸ ਤੋਂ ਵਰਜਦੇ ਨਹੀਂ, ਉਨ੍ਹਾਂ ਨੂੰ ਕੋਣ ਬਚਾਏਗਾ?

ਉਹ ਲੋਕ ਭੈੜੇ ਕੰਮ ਕਰਕੇ ਤੇ ਗ਼ਲਤ ਅਸੂਲਾਂ ਤੇ ਚਲ ਕੇ ਧਨ ਪ੍ਰਾਪਤ ਕਰ ਲੈਂਦੇ ਹਨ, ਵਿਸ਼ੇ ਵਿਕਾਰਾ ਵਿਚ ਫਸ ਕੇ ਤੇ ਉਨ੍ਹਾਂ ਦੇ ਕੈਦੀ ਬਣ ਕੇ ਉਸ ਧਨ ਨੂੰ ਗਵਾ ਬੈਠਣਗੇ। ਬਾਹਰਲੀਆਂ ਵਸਤਾਂ ਦਿਮਾਗ਼ ਤੇ ਸੋਚ-ਸ਼ਕਤੀ ਨੂੰ ਕਮਜ਼ੋਰ ਕਰਦੀਆਂ ਹਨ ਅਤੇ ਬਹੁਤਿਆਂ ਨੂੰ ਭਰਮਾ ਲੈਂਦੀਆਂ ਹਨ; ਇਸ ਲਈ ਉਨ੍ਹਾਂ ਨੂੰ ਆਪਣੇ ਮਨ ਵਿਚ ਥਾਂ ਨਾ ਦਿਓ, ਭਰਮ-ਭੁਲੇਖੇ ਨੂੰ ਦੂਰ ਰੱਖੋ, ਹੰਕਾਰ ਛੱਡੋ, ਦਗਾ-ਫਰੇਬ ਨਾ ਕਰੋ ਤੇ ਲਾਲਚ ਦਾ ਤਿਆਗ ਕਰੋ।

(IV 1, 2, 12)

9 *ਅਗਿਆਨੀ* ਅਗਿਆਨੀ ਪੁਰਸ਼ ਜੀਵਾਂ ਨੂੰ ਜਾਨ ਤੋਂ ਮਾਰਦਾ ਹੈ, ਝੂਠ ਬੋਲਦਾ ਹੈ, ਧੋਖਾ ਦਿੰਦਾ ਹੈ, ਨਿੰਦਾ ਕਰਦਾ ਹੈ, ਸ਼ਰਾਬ ਪੀਂਦਾ ਹੈ, ਮਾਸ ਖਾਂਦਾ

ਹੈ ਤੇ ਇਹ ਸੋਚਦਾ ਹੈ ਕਿ ਜੋ ਕੁੱਝ ਉਹ ਸੋਚ ਰਿਹਾ ਹੈ ਉਹ ਠੀਕ ਹੈ।

ਤੇ ਫਿਰ ਜਦੋਂ ਅੰਤ ਨੂੰ ਮੌਤ ਆਉਂਦੀ ਹੈ ਤਾਂ ਉਹ ਮੂਰਖ ਭੈ ਨਾਲ ਕੰਬਦਾ ਹੈ। ਉਹ ਨਿਰ-ਇੱਛਿਤ ਮੌਤ ਮਰਦਾ ਹੈ, ਇੰਜ ਜਿਵੇਂ ਕਿ ਇਕ ਜੁਆਰੀਆ 'ਕਾਲੀ' ਤੋਂ ਹਾਰ ਖਾ ਜਾਂਦਾ ਹੈ।

ਆਤਮ-ਸੰਜਮ ਕਈ ਗ੍ਰਹਿਸਥੀ (ਦੁਨੀਆਦਾਰ) ਸ੍ਵੈ-ਕਾਬੂ ਦੇ ਪੱਖ ਤੋਂ ਕਈ ਭਿਕਸ਼ੂਆਂ ਤੋਂ ਵੀ ਚੰਗੇਰੇ ਹੁੰਦੇ ਹਨ; ਪਰ ਸੰਤ ਮਹਾਤਮਾ ਸਾਰੇ ਗ੍ਰਹਿਸਥੀਆਂ ਤੋਂ ਸ੍ਵੈ-ਕਾਬੂ ਕਾਰਣ ਉਚੇਰੇ ਹੁੰਦੇ ਹਨ।

ਕਰਮਫਲ (ਦਰਖਤ ਦੀ) ਛਿਲ, (ਬੱਕਰੀ ਦੀ) ਖੱਲ, ਨੰਗੇ ਰਹਿਣ ਵਾਲਾ ਜਾਂ ਗੰਢਾਂ ਪਾਣ ਜਾਂ ਸਿਰ ਮੁੰਡਾਉਣ ਦੇ ਬਾਹਰਲੇ ਭੇਖ ਕਿਸੇ ਪਾਪੀ ਸੰਨਿਆਸੀ ਨੂੰ ਬਚਾ ਨਹੀ ਸਕਣਗੇ।

ਇਕ ਪਾਪੀ, ਭਾਵੇਂ ਉਹ ਸਾਧੂ ਮੰਗਤਾ ਹੀ ਕਿਉਂ ਨਾ ਹੋਵੇ, ਨਰਕ ਤੋਂ ਨਹੀਂ ਬਚ ਸਕੇਗਾ। ਪਰੰਤੂ ਇਕ ਪਵਿੱਤ੍ਰ ਪੁਰਸ਼ ਭਾਵੇਂ ਉਹ ਸਾਧੂ ਹੋਵੇ ਜਾਂ ਗ੍ਰਹਿਸਥੀ, ਅਵੱਸ਼ ਹੀ ਸੁਰਗ ਨੂੰ ਜਾਏਗਾ।

(V. 9. 16. 20-22)

10
ਜੀਵਾਂ ਦੀ ਸਮਾਨਤਾ ਜੋ ਕੁੱਝ ਵੀ ਕਿਸੇ ਨਾਲ ਵਾਪਰਦਾ ਹੈ ਉਸ ਤੇ ਵਿਅਕਤੀਗਤ ਰੂਪ ਵਿਚ ਅਸਰ ਕਰਦਾ ਹੈ। ਇਸ ਲਈ ਇਹ ਜਾਣਦਿਆਂ ਕਿ ਹਰ ਜੀਵ ਆਪਣੀ ਜਾਨ ਨਾਲ ਪਿਆਰ ਕਰਦਾ ਹੈ, ਕਿਸੇ ਦੀ ਜਾਨ ਨਹੀ ਲੈਣੀ ਚਾਹੀਦੀ ਤੇ ਉਸ ਨੂੰ ਖ਼ਤਰੇ ਵਿਚ ਪਾਉਣ ਜਾਂ ਉਸ ਨਾਲ ਟੱਕਰ ਲੈਣ ਤੋਂ ਵੀ ਸੰਕੋਚ ਕਰਨਾ ਚਾਹੀਦਾ ਹੈ। *(VI. 6)*

11
ਲੋਭ ਜੇਕਰ ਕੋਈ ਤਾਕਤ ਕਿਸੇ ਮਨੁੱਖ ਨੂੰ ਸਾਰੇ ਸੰਸਾਰ ਦਾ ਮਾਲਕ ਬਣਾ ਦੇਵੇ ਤਾਂ ਵੀ ਉਸ ਦੀ ਤ੍ਰਿਸ਼ਨਾ ਨਹੀਂ ਬੁਝੇਗੀ, ਕਿਸੇ ਨੂੰ ਤ੍ਰਿਪਤ ਕਰਨਾ ਬਹੁਤ ਕਠਿਨ ਹੈ। ਜਿਤਨਾ ਵਧੀਕ ਤੁਹਾਨੂੰ ਮਿਲਦਾ ਹੈ ਉਤਨਾ ਵਧੀਕ ਤੁਸੀਂ ਹੋਰ ਮੰਗਦੇ ਹੋ। ਤੁਹਾਡੇ ਸਾਧਨਾਂ ਨਾਲ ਤੁਹਾਡੀਆਂ ਖ਼ਾਹਸ਼ਾਂ ਵਿਚ ਵੀ ਵਾਧਾ ਹੁੰਦਾ ਹੈ। ਭਾਵੇਂ ਤੁਹਾਡੀ ਲੋੜ ਦੋ ਮਾਸਿਆਂ ਨਾਲ ਹੀ ਪੂਰੀ ਹੋ ਸਕਦੀ ਹੋਵੇ ਪਰ ਤੁਸੀਂ ਇਕ ਕਰੋੜ ਨੂੰ ਵੀ ਆਪਣੇ ਲਈ ਕਾਫੀ ਨਹੀਂ ਸਮਝੋਗੇ। *(VIII 16. 17)*

12
ਮੁਕਤੀ ਦਾ ਮਾਰਗ ਸੱਚਾ ਗਿਆਨ ਪੜ੍ਹ ਕੇ ਜਾਂ ਪ੍ਰਾਪਤ ਕਰਕੇ ਭਰਮ ਭੁਲੇਖੇ ਤੇ ਅਗਿਆਨਤਾ ਤੋਂ ਬਚ ਕੇ, ਮੋਹ ਤੇ ਘਿਰਣਾ ਨੂੰ ਮਾਰ ਕੇ ਮਨੁੱਖ ਛੁਟਕਾਰਾ (ਨਿਰਵਾਣ) ਪ੍ਰਾਪਤ ਕਰ ਲੈਂਦਾ ਹੈ ਜੋ ਕਿ ਆਤਮ ਆਨੰਦ

ਹੈ, ਹੋਰ ਕੁੱਝ ਨਹੀਂ।

ਜਦ ਮਨੁੱਖ ਭਰਮਾਂ ਤੇ ਭੁਲੇਖਿਆਂ ਤੋਂ ਦੂਰ ਨਿਕਲ ਜਾਂਦਾ ਹੈ ਤਾਂ ਉਸ ਦਾ ਸਾਰਾ ਦੁੱਖ ਦੂਰ ਹੋ ਜਾਂਦਾ ਹੈ। ਜਦ ਮਨੁੱਖ ਦੀ ਆਸ਼ਾ ਤੇ ਤ੍ਰਿਸ਼ਨਾ ਮੁਕਦੀ ਹੈ ਤਾਂ ਭਰਮ ਭੁਲੇਖੇ ਦੂਰ ਹੋ ਜਾਂਦੇ ਹਨ। ਲਾਲਚ ਦਾ ਅੰਤ ਹੋਣ ਨਾਲ ਖਾਹਸ਼ਾਂ ਦਾ ਖਾਤਮਾ ਹੋ ਜਾਂਦਾ ਹੈ ਤੇ ਲਾਲਚ ਆਪਣੇ ਆਪ ਹੱਟ ਜਾਂਦਾ ਹੈ, ਜੇਕਰ ਜਾਇਦਾਦ ਬਣਾਉਣ ਦਾ ਖਿਆਲ ਹਟ ਜਾਏ।

ਸਾਰੇ ਸੰਸਾਰ ਦੇ ਦੁੱਖ ਦਾ ਕਾਰਣ ਭੋਗਾਂ ਦੀ ਇੱਛਾ ਹੈ, ਇਹ ਗੱਲ ਦੇਵਤਿਆਂ ਤੇ ਵੀ ਲਾਗੂ ਹੁੰਦੀ ਹੈ। ਜੋ ਲੋਕ ਕਾਮਨਾ ਅਧੀਨ ਨਹੀਂ ਹਨ ਉਹ ਮਨ ਤੇ ਸਰੀਰ ਦਾ ਸਾਰਾ ਕਸ਼ਟ ਨਿਵਾਰ ਲੈਂਦੇ ਹਨ। *(XXXII. 2. 8. 19)*

ਨੋਟਸ ਤੇ ਟਿੱਪਣੀਆਂ

ਆਚਾਰੰਗਸੂਤ੍ਰ : ਇਹ ਇਕ ਜੈਨ ਧਰਮ ਗ੍ਰੰਥ ਦਾ ਨਾਂ ਹੈ। ਇਸ ਨੂੰ ਸਾਮਾਇਕ ਵੀ ਕਹਿੰਦੇ ਹਨ। ਇਹ ਜੈਨ ਧਰਮ ਦੇ ਗਿਆਰਾਂ ਗ੍ਰੰਥਾਂ ਵਿਚੋਂ ਪਹਿਲਾ ਗ੍ਰੰਥ ਹੈ। ਇਨ੍ਹਾਂ ਗ੍ਰੰਥਾਂ ਨੂੰ ਅੰਗ ਕਿਹਾ ਜਾਂਦਾ ਹੈ। ਇਨ੍ਹਾਂ ਦੀ ਭਾਸ਼ਾ ਪ੍ਰਾਕ੍ਰਿਤ ਹੈ।

ਕਲਪਸੂਤ੍ਰ : ਪ੍ਰਾਕ੍ਰਿਤ ਭਾਸ਼ਾ ਵਿਚ ਰਚਿਆ ਗਿਆ ਇਕ ਜੈਨ ਗ੍ਰੰਥ ਹੈ। ਇਸ ਵਿਚ ਭਗਵਾਨ ਮਹਾਵੀਰ ਅਤੇ ਹੋਰ ਤੀਰਥੰਕਰਾਂ ਦੀਆਂ ਜੀਵਨੀਆਂ ਦਰਜ ਹਨ। ਇਸ ਗ੍ਰੰਥ ਦੇ ਰਚਿਤਾ ਆਚਾਰੀਆ ਭੱਦਰਬਾਹੂ ਸਨ ਜਿਹੜੇ ਚੰਦਰਗੁਪਤ ਮੋਰੀਆ ਦੇ ਸਮੇਂ (ਲਗਪਗ 400 ਪੂ. ਈ.) ਹੋਏ।

ਉੱਤਰਾਧਿਅਨਸੂਤ੍ਰ : ਇਹ ਇਕ ਜੈਨ ਧਰਮ ਗ੍ਰੰਥ ਦਾ ਨਾਂ ਹੈ। ਇਸ ਦਾ ਵਿਸ਼ਾ ਮੁੱਖ ਰੂਪ ਤੋਂ ਨਵਯੁਵਕ ਭਿਕਸ਼ੂ ਦੇ ਜੀਵਨ ਦੇ ਨਿਯਮਾਂ ਦਾ ਵਰਣਨ ਹੈ।

ਸੂਤ੍ਰਕ੍ਰਿਤਾਂਗ : ਇਹ ਇਕ ਜੈਨ ਧਰਮ ਗ੍ਰੰਥ ਦਾ ਨਾਂ ਹੈ। ਇਸ ਦਾ ਵਿਸ਼ਾ ਵੀ ਜੈਨ ਭਿਕਸ਼ੂਆਂ ਨੂੰ ਦੂਜੇ ਧਰਮ ਦਰਸ਼ਨਾਂ ਦੇ ਪ੍ਰਭਾਵ ਤੋਂ ਬਚਾਣਾ ਹੈ।

ਪੰਜ ਮਹਾਵਰਤ : ਇਹ ਜੈਨ ਧਰਮ ਦੇ ਨੈਤਿਕ ਸਿਧਾਂਤ ਹਨ। ਜਦੋਂ ਜੈਨ ਭਿਕਸ਼ੂ ਇਨ੍ਹਾਂ ਦਾ ਪਾਲਣ ਕਰਦਾ ਹੈ ਤਾਂ ਇਨ੍ਹਾਂ ਨੂੰ ਮਹਾਵਰਤ ਕਹਿੰਦੇ ਹਨ। ਪਰੰਤੂ ਜਦੋਂ ਗ੍ਰਹਿਸਥੀ ਇਨ੍ਹਾਂ ਦਾ ਪਾਲਣ ਕਰਦੇ ਹਨ ਤਾਂ ਇਨ੍ਹਾਂ ਨੂੰ ਅਣੂਵਰਤ ਆਖਦੇ ਹਨ। ਇਹ ਪੰਜ ਵਰਤ ਹਨ : 1. ਹਿੰਸਾ ਨਾ ਕਰਨਾ; 2. ਝੂਠ ਨਾ ਬੋਲਣਾ; 3. ਚੋਰੀ ਨਾ ਕਰਨਾ; 4. ਵਿਭਚਾਰ ਨਾ ਕਰਨਾ; ਅਤੇ 5. ਧਨ ਸੰਗ੍ਰਹਿ ਨਾ ਕਰਨਾ।

ਅਰਹਤ : ਭਗਵਾਨ ਮਹਾਵੀਰ ਦੀ ਇਕ ਉਪਾਧੀ ਦਾ ਨਾਂ ਹੈ। ਇਸ ਦਾ

ਅਰਥ ਹੈ ਉਹ ਵਿਅਕਤੀ ਜਿਸ ਨੇ ਕਰਮ ਦਾ ਖ਼ਾਤਮਾ ਕਰ ਦਿੱਤਾ ਹੈ, ਮੋਹ ਤੇ ਲੋਭ ਨੂੰ ਜਿੱਤ ਲਿਆ ਹੈ ਤੇ ਮੁਕਤੀ ਪ੍ਰਾਪਤ ਕਰ ਲਈ ਹੈ।

ਅਹਿੰਸਾ : ਜੈਨ ਧਰਮ ਅਹਿੰਸਾ ਦੇ ਸਿਧਾਂਤ ਤੇ ਬਹੁਤ ਜ਼ੋਰ ਦਿੰਦਾ ਹੈ। ਅਹਿੰਸਾ ਦਾ ਅਰਥ ਹੈ ਕਿਸੇ ਵੀ ਪ੍ਰਾਣੀ ਨੂੰ ਨਾ ਮਾਰਨਾ ਤੇ ਨਾ ਹੀ ਦੁਖ ਜਾਂ ਚੋਟ ਪਹੁੰਚਾਣਾ। ਮਨ ਬਾਣੀ ਤੇ ਕਰਮ ਨਾਲ ਇਸ ਸਿਧਾਂਤ ਦਾ ਪਾਲਣ ਕਰਨਾ ਜੈਨ ਧਰਮ ਦੀ ਸਿੱਖਿਆ ਹੈ। ਇਸ ਦਾ ਆਧਾਰ ਦਇਆ ਤੇ ਪਿਆਰ ਹੈ, ਅਤੇ ਇਸ ਦਾ ਪਾਲਣ ਕੇਵਲ ਮਨੁੱਖਾਂ ਨਾਲ ਵਿਹਾਰਕਾਰ ਤਕ ਸੀਮਤ ਹੀ ਨਹੀਂ ਸਗੋਂ ਇਸ ਵਿਚ ਸਭ ਜੀਵ ਜੰਤੂ ਤੇ ਬਨਸਪਤੀ ਵੀ ਸ਼ਾਮਲ ਹਨ।

ਜੈਨ ਤੇ ਬੁੱਧ ਮਤਾਂ ਦੁਆਰਾ ਅਹਿੰਸਾ ਦਾ ਪ੍ਰਚਾਰ ਹੋਣ ਨਾਲ ਵੈਦਿਕ ਧਰਮ ਵਿਚ ਪਸ਼ੂ ਹਿੰਸਾ ਘੱਟ ਗਈ ਤੇ ਸਾਕਾਹਾਰੀ ਭੋਜਨ ਦੀ ਪਰੰਪਰਾ ਪ੍ਰਚਲਿਤ ਹੋਈ।

ਬੁੱਧ ਧਰਮ

ਬੁੱਧ ਧਰਮ ਸੰਸਾਰ ਦਾ ਇਕ ਪ੍ਰਮੁੱਖ ਧਰਮ ਹੈ। ਇਸ ਦਾ ਆਰੰਭ ਗੌਤਮ ਬੁੱਧ (624-544 ਪੂ. ਈ.) ਦੇ ਉਪਦੇਸ਼ਾਂ ਨਾਲ ਮੰਨਿਆ ਜਾਂਦਾ ਹੈ। ਬੁੱਧ ਧਰਮ ਦਾ ਵਿਕਾਸ ਭਾਰਤ ਵਿਚ ਸਦੀਆਂ ਤਕ ਹੁੰਦਾ ਰਿਹਾ। ਬਾਰ੍ਹਵੀਂ ਸ਼ਤਾਬਦੀ ਮਗਰੋਂ ਭਾਰਤ ਵਿਚੋਂ ਬੋਧੀ ਭਿਕਸ਼ੂਆਂ ਦਾ ਖ਼ਾਤਮਾ ਹੋ ਗਿਆ। ਕਸ਼ਮੀਰ, ਲੱਦਾਖ, ਹਿਮਾਚਲ ਪ੍ਰਦੇਸ਼, ਨੇਪਾਲ, ਆਸਾਮ ਤੇ ਪੂਰਬੀ ਬੰਗਾਲ ਵਿਚ ਬੁੱਧ ਧਰਮ ਖ਼ਤਮ ਨਹੀਂ ਹੋਇਆ ਸੀ। ਬੁੱਧ ਧਰਮ ਦਾ ਪ੍ਰਚਾਰ ਭਾਰਤ ਤੋਂ ਲੰਕਾ ਬ੍ਰਹਮਾ, ਵੀਅਤਨਾਮ, ਕੋਰੀਆ, ਜਾਪਾਨ, ਮੰਗੋਲੀਆ, ਚੀਨ, ਰੂਸ, ਤਿੱਬਤ, ਮੱਧ ਏਸ਼ੀਆ, ਸਿੱਕਿਮ ਤੇ ਭੂਟਾਨ ਆਦਿ ਦੇਸ਼ਾਂ ਵਿਚ ਵੀ ਹੋਇਆ ਸੀ। ਅੱਜ ਕੱਲ ਭਾਰਤ ਵਿਚ ਬੁੱਧ ਧਰਮ ਉਭਰਨ ਲਗਿਆ ਹੈ।

ਬੁੱਧ ਧਰਮ ਦਾ ਧਾਰਮਿਕ ਸਾਹਿੱਤ ਬਹੁਤ ਲੰਮਾ ਚੌੜਾ ਹੈ ਤੇ ਕਈ ਭਾਸ਼ਾਵਾਂ ਵਿਚ ਮਿਲਦਾ ਹੈ। ਬੁੱਧ ਬਾਣੀ ਦੇ ਅਨੇਕ ਏਸ਼ੀਆਈ ਭਾਸ਼ਾਵਾਂ ਚੀਨੀ, ਜਾਪਾਨੀ, ਤਿੱਬਤੀ ਆਦਿ ਵਿਚ ਕਈ ਸਾਲ ਪੁਰਾਣੇ ਅਨੁਵਾਦ ਮਿਲਦੇ ਹਨ। ਮੂਲ ਬੁੱਧਵਾਣੀ ਪਾਲੀ ਭਾਸ਼ਾ, ਸੰਸਕ੍ਰਿਤ ਭਾਸ਼ਾ, ਪ੍ਰਾਕ੍ਰਿਤ ਭਾਸ਼ਾ ਤੇ ਮਿਸ਼ਰਤ ਸੰਸਕ੍ਰਿਤ ਭਾਸ਼ਾ ਵਿਚ ਅੱਜ ਤੋਂ ਲਗਭਗ 2300 ਵਰ੍ਹੇ ਪਹਿਲਾ ਮਹਾਰਾਜਾ ਅਸ਼ੋਕ ਦੇ ਸਮੇਂ ਵਿਚ ਪ੍ਰਚਲਿਤ ਸੀ। ਪ੍ਰਾਚੀਨ ਬੁੱਧ ਧਰਮ ਗ੍ਰੰਥਾਂ ਦੀ ਸੰਖਿਆ ਹਜ਼ਾਰਾਂ ਵਿਚ ਸੀ ਜਿਵੇਂ ਕਿ ਉਨ੍ਹਾਂ ਦੇ ਚੀਨੀ ਤੇ ਤਿੱਬਤੀ ਅਨੁਵਾਦਾਂ ਤੋਂ ਸਿੱਧ ਹੁੰਦਾ ਹੈ ਪਰੰਤੂ ਭਾਰਤ ਵਿਚ ਬੁੱਧ ਧਰਮ ਦੇ ਗ੍ਰੰਥਾਂ ਨੂੰ ਬਰਬਾਦ ਕਰ ਦਿੱਤਾ ਗਿਆ ਸੀ। ਜੋ ਥੋੜ੍ਹਾ ਜਿਹਾ ਬੁੱਧ ਸਾਹਿੱਤ ਅੱਜ ਮਿਲਦਾ ਹੈ ਉਹ ਭਾਰਤ ਤੋਂ ਬਾਹਰ ਦੇ ਬੋਧੀ ਦੇਸ਼ਾਂ ਤੋਂ ਪ੍ਰਾਪਤ ਹੁੰਦਾ ਹੈ।

ਇਸ ਪੁਸਤਕ ਵਿਚ ਪਾਲੀ ਤੇ ਸੰਸਕ੍ਰਿਤ ਵਿਚ ਲਿਖੇ ਬੁੱਧ ਗ੍ਰੰਥ ਤੋਂ ਚੁਣੇ ਹੋਏ ਉਪਦੇਸ਼ ਲਏ ਗਏ ਹਨ। ਉਨ੍ਹਾਂ ਗ੍ਰੰਥਾਂ ਦੇ ਨਾਂ ਹਨ—ਸੰਯੁੱਤਨਿਕਾਯ (ਪਾਲੀ), ਧੱਮਪਦ (ਪਾਲੀ), ਮਹਾਵੱਗ (ਪਾਲੀ), ਦੀਘਨਿਕਾਯ (ਪਾਲੀ), ਮੱਝਿਮਨਿਕਾਯ (ਪਾਲੀ), ਉਦਾਨ (ਪਾਲੀ), ਸੁਤ-ਨਿਪਾਤ (ਪਾਲੀ), ਇਤਿਉਤਕ (ਪਾਲੀ) ਖੁੱਦਕਪਾਠ-ਮਹਾਂਮੰਗਲਸੁੱਤ (ਪਾਲੀ), ਅਗੁੱਤਰਨਿਕਾਯ (ਪਾਲੀ), ਮਧਜਮਕਰਤ

ਨੋਲਕਾਧਾਰਣੀ (ਸੰਸਕ੍ਰਿਤ), ਦਸ਼ਧਰਮਸੂਤ੍ਰ (ਸੰਸਕ੍ਰਿਤ), ਅਨੰਤਮੁੱਖ-ਨਿਰਹਾਰਧਾਰਣੀ (ਸੰਸਕ੍ਰਿਤ), ਬੋਧਚਰਯਅਵਤਾਰ (ਸੰਸਕ੍ਰਿਤ), ਪ੍ਰਗਜਦੰਡ (ਸੰਸਕ੍ਰਿਤ), ਲੰਕਾਵਤਾਰਸੂਤ੍ਰ (ਸੰਸਕ੍ਰਿਤ), ਸੁਵਰਣਭਾਸੋਤਮਸੂਤ੍ਰ (ਸੰਸਕ੍ਰਿਤ), ਸੁਹਰਿਦਲੇਖ (ਸੰਸਕ੍ਰਿਤ), ਸ਼ਾਸਤ੍ਰ (ਸੰਸਕ੍ਰਿਤ) ਤੇ ਸਿਕਸ਼ਾਸਮੁਚਯ (ਸੰਸਕ੍ਰਿਤ)।

ਸੰਯੁੱਤਨਿਕਾਯ

ਭਗਵਾਨ ਬੁੱਧ ਆਖਦੇ ਹਨ :

1 ਨੇਕ ਪੁਰਸ਼ਾਂ ਨਾਲ ਮਿੱਤ੍ਰਤਾ, ਮੇਲ ਜੋਲ ਤੇ ਗੂੜ੍ਹਾ ਭਾਈਚਾਰਾ—

ਕਲਿਆਣ ਇਨ੍ਹਾਂ ਨੂੰ ਹੀ ਸਮੁੱਚਾ ਪਵਿੱਤ੍ਰ ਜੀਵਨ (ਕਲਬਾਸ) ਕਿਹਾ ਜਾ ਸਕਦਾ ਹੈ। ਨੇਕ ਪੁਰਸ਼ਾਂ ਨਾਲ ਮਿੱਤ੍ਰਤਾ ਕਾਰਣ, ਉਹ ਲੋਕ ਜਿਹੜੇ ਜਨਮ ਮਰਨ ਦੇ ਭਾਗੀ ਹਨ, ਉਨ੍ਹਾਂ ਦਾ ਆਵਾਗੋਣ ਤੋਂ ਛੁਟਕਾਰਾ ਹੋ ਜਾਂਦਾ ਹੈ ਤੇ ਜਿਹੜੇ ਜੀਵ ਸਰੀਰਕ ਤੌਰ ਤੇ ਬੁੱਢੇ ਹੋਣ ਵਾਲੇ ਹਨ, ਜਰਜਰੇ ਹੋ ਕੇ ਅੰਤ ਨੂੰ ਮੌਤ ਦੇ ਮੂੰਹ ਵਿਚ ਚਲੇ ਜਾਣ ਵਾਲੇ ਹਨ, ਉਹ ਇਸ ਖਤਰੇ ਤੋਂ ਮੁਕਤ ਹੋ ਜਾਂਦੇ ਹਨ। ਤੁਹਾਨੂੰ ਇਸੇ ਤਰ੍ਹਾਂ ਦੀ ਤਰਬੀਅਤ ਦਿੱਤੀ ਜਾਣੀ ਚਾਹੀਦੀ ਹੈ ਕਿ ਮੈਂ ਨੇਕ ਪੁਰਸ਼ਾਂ ਦਾ ਮਿੱਤ੍ਰ, ਸਾਥੀ ਤੇ ਨਿਕਟ-ਵਰਤੀ ਬਣਾਂਗਾ। ਅਜਿਹਾ ਕਰਨ ਲਈ ਇਕ ਗੱਲ ਬੜੀ ਦੀਰਘ ਦ੍ਰਿਸ਼ਟੀ ਨਾਲ ਵੇਖਣੀ ਚਾਹੀਦੀ ਹੈ। ਉਹ ਹੈ ਮਨ ਦੀਆਂ ਚੰਗੀਆਂ ਅਵਸਥਾਵਾਂ ਉੱਤੇ ਸਾਵਧਾਨੀ ਨਾਲ ਪਹਿਰਾ ਦੇਣਾ।

(I, 88-89)

ਧੱਮਪਦ

2 ਜੋ ਕੁੱਝ ਅਸੀਂ ਹਾਂ ਉਹ ਸਾਡੇ ਵਿਚਾਰਾਂ ਦਾ ਫਲ ਹੈ, ਸਾਡੀ ਵਰਤਮਾਨ

ਧੱਮਪਦ ਦਸ਼ਾ ਸਾਡੇ ਵਿਚਾਰਾਂ ਉੱਪਰ ਹੀ ਉਸਾਰੀ ਹੋਈ ਹੈ ਤੇ ਸਾਡੇ ਵਿਚਾਰਾਂ ਦਾ ਸਮੂਹ ਹੈ। ਜੇਕਰ ਕੋਈ ਮਨੁੱਖ ਅਸ਼ੁੱਭ ਭਾਵਨਾ ਨਾਲ ਗੱਲ ਕਰੇ ਜਾਂ ਕੰਮ ਕਰੇ ਤਾਂ ਦੁੱਖ ਤੇ ਮੁਸੀਬਤ ਉਸ ਦਾ ਪਿੱਛਾ ਇਸੇ ਤਰ੍ਹਾਂ ਕਰਦੇ ਹਨ ਜਿਵੇਂ ਕਿ ਇਕ ਪਹੀਆ ਉਸ ਜਾਨਵਰ ਦੇ ਖੁਰਾਂ ਦੇ ਨਿਸ਼ਾਨ ਮਗਰ ਚਲਦਾ ਹੈ ਜਿਹੜਾ ਗੱਡੇ ਨੂੰ ਖਿਚ ਰਿਹਾ ਹੁੰਦਾ ਹੈ।

(1)

3 ਅਸੀ ਉਹ ਕੁੱਝ ਹੀ ਹਾਂ ਜੋ ਕੁੱਝ ਸਾਡੇ ਵਿਚਾਰ ਰਹੇ ਹਨ। ਸਾਡੀ

ਮਨ ਮਾਨਸਿਕ ਦਸ਼ਾ ਦੀ ਬੁਨਿਆਦ ਸਾਡੇ ਵਿਚਾਰ ਹੀ ਹਨ। ਜੇਕਰ ਕੋਈ ਪੁਰਸ਼ ਸ਼ੁਭ ਭਾਵਨਾ ਨਾਲ ਕੋਈ ਕੰਮ ਕਰੇ ਜਾਂ ਵਿਚਾਰ ਪ੍ਰਗਟ

ਕਰੇ ਤਾਂ ਖ਼ੁਸ਼ੀ ਉਸ ਦਾ ਸਾਥ ਇੰਜ ਹੀ ਦਿੰਦੀ ਹੈ ਜਿਵੇਂ ਉਸ ਦਾ ਪਰਛਾਵਾਂ ਜਿਹੜਾ ਸਦਾ ਉਸ ਦੇ ਨਾਲ ਰਹਿੰਦਾ ਹੈ। *(2)*

4 ਘਿਰਣਾ ਜਾਂ ਨਫ਼ਰਤ ਦਾ ਅੰਤ ਨਫ਼ਰਤ ਨਾਲ ਨਹੀਂ ਹੋ ਸਕਦਾ।
ਪਿਆਰ ਨਫ਼ਰਤ ਕੇਵਲ ਪਿਆਰ ਨਾਲ ਹੀ ਖ਼ਤਮ ਹੁੰਦੀ ਹੈ। ਇਹ ਵੀ ਸਦੀਵੀ ਤੇ ਸੱਚਾ ਧਰਮ ਹੈ। *(5)*

5 ਲੋਕ ਇਹ ਨਹੀਂ ਜਾਣਦੇ ਕਿ ਸਾਰਿਆਂ ਦਾ ਅੰਤ ਅਵੱਸ਼ਕ ਹੈ। ਪਰੰਤੂ ਜਿਹੜੇ ਇਹ ਗੱਲ ਜਾਣਦੇ ਹਨ ਉਨ੍ਹਾਂ ਦੇ ਸਾਰੇ ਝਗੜੇ ਮਿਟ ਜਾਂਦੇ ਹਨ। *(6)*

6 ਜਿਸ ਤਰ੍ਹਾਂ ਹਨੇਰੀ ਕਮਜ਼ੋਰ ਰੁੱਖ ਨੂੰ ਪੁੱਟ ਕੇ ਸੁੱਟ ਦਿੰਦੀ ਹੈ ਇਸੇ
ਕਮਜ਼ੋਰ ਮਨੁੱਖ ਤਰ੍ਹਾਂ ਦੁਨਿਆਵੀ ਲਾਲਚ ਤੇ ਵਾਸ਼ਨਾ ਉਸ ਪੁਰਸ਼ ਨੂੰ ਢਾਹ ਲੈਂਦੀ ਹੈ ਜਿਹੜਾ ਨਿਕੰਮਾ, ਕਮਜ਼ੋਰ, ਐਸ਼-ਪ੍ਰਸਤ ਤੇ ਅਸੰਜਮੀ ਹੋਵੇ। *(7)*

7 ਸਦੀਵੀ ਜੀਵਨ ਦਾ ਰਸਤਾ ਹੈ ਸਦਾ ਚੇਤੰਨ ਰਹਿਣਾ। ਲਾਪਰਵਾਹੀ
ਸਾਵਧਾਨੀ ਮੌਤ ਦੇ ਰਸਤੇ ਪਾਉਂਦੀ ਹੈ। ਚੇਤੰਨ ਰਹਿਣ ਵਾਲੇ ਕਦੇ ਨਹੀਂ ਮਰਦੇ ਜਦ ਕਿ ਵਿਚਾਰਹੀਣ ਲੋਕ ਪਹਿਲਾਂ ਹੀ ਮਰਿਆਂ ਵਰਗੇ ਹੁੰਦੇ ਹਨ। *(21)*

8 ਘਿਰਣਾ (ਨਫ਼ਰਤ) ਕਰਨ ਵਾਲਾ ਭਾਵੇਂ ਆਪਣੀ ਘਿਰਣਾ ਦੇ ਪਾਤਰ
ਮਨ ਨਾਲ ਕੀ ਕੁੱਝ ਕਰ ਗੁਜ਼ਰੇ ਜਾਂ ਇਕ ਵੈਰੀ ਕਿਸੇ ਨਾਲ ਕਿਤਨਾ ਵੈਰ ਕਮਾ ਲਏ ਪਰੰਤੂ ਕੁਰਾਹੇ ਪਿਆ ਮਨ ਸਾਨੂੰ ਉਸ ਨਾਲੋਂ ਕਿਤੇ ਵਧ ਨੁਕਸਾਨ ਪੁਚਾਏਗਾ। *(42)*

9 ਸਿਆਣਾ ਪੁਰਸ਼ ਦੂਜਿਆਂ ਦੇ ਨੁਕਸ ਨਹੀਂ ਛਾਂਟਦਾ ਨਾ ਹੀ ਉਹ
ਸਿਆਣਾ ਮਨੁੱਖ ਇਹ ਵੇਖਦਾ ਹੈ ਕਿ ਦੂਜਿਆਂ ਨੇ ਕਿਤਨਾ ਕੁੱਝ ਕੀਤਾ ਤੇ ਕਿਤਨਾ ਨਹੀਂ ਸਗੋਂ ਉਹ ਤਾਂ ਕੇਵਲ ਆਪਣੇ ਕੁਕਰਮਾਂ ਦਾ ਹੀ ਵਿਚਾਰ ਕਰੇਗਾ। *(50)*

10 ਮੂਰਖ ਬੜੀ ਤਾਂਘ ਨਾਲ ਸੋਚਦਾ ਹੈ ਕਿ ਇਹ ਪੁੱਤਰ ਮੇਰੇ ਹਨ,
ਮੂਰਖ ਇਹ ਦੌਲਤ ਮੇਰੀ ਹੈ, ਪਰੰਤੂ ਜਦ ਉਹ ਆਪਣੇ ਆਪੇ ਦਾ ਵੀ ਪੂਰਾ ਮਾਲਕ ਨਹੀਂ ਤਾਂ ਪੁੱਤਰਾਂ ਤੇ ਧਨ ਦਾ ਉਹ ਕਿਵੇਂ ਮਾਲਕ ਹੋਵੇਗਾ। *(60)*

11 ਜਿਹੜਾ ਮੂਰਖ ਆਪਣੀ ਮੂਰਖਤਾ ਤੋਂ ਜਾਣੂ ਹੈ ਉਹ ਆਪਣੇ ਹੱਦ ਤਕ ਸਿਆਣਾ ਕਿਹਾ ਜਾ ਸਕਦਾ ਹੈ। ਪਰੰਤੂ ਜਿਹੜਾ ਮੂਰਖ ਆਪਣੇ

ਆਪ ਨੂੰ ਸਿਆਣਾ ਕਹਿੰਦਾ ਹੈ ਉਹ ਵਡੇਰਾ ਮੂਰਖ ਹੈ। *(63)*

12 ਬੁੱਧੀਵਾਨ ਪਾਣੀ ਲਾਣ ਵਾਲੇ ਪਾਣੀ ਦਾ ਰਸਤਾ ਬਣਾਂਦੇ ਤੇ ਨੱਕੇ ਮੋੜਦੇ ਹਨ, ਤੀਰ ਬਣਾਨ ਵਾਲੇ ਤੀਰ ਸਿੱਧੇ ਕਰਦੇ ਹਨ, ਮਿਸਤਰੀ (ਤਰਖਾਣ) ਲੱਕੜੀ ਮੋੜਦੇ ਹਨ ਪਰੰਤੂ ਸਿਆਣੇ ਪੁਰਸ਼ ਆਪਣਾ ਸੁਧਾਰ ਕਰਦੇ ਹਨ। *(80)*

13 ਅਰਹਤ ਸਭ ਤੋਂ ਸਿਆਣਾ ਉਹ ਪੁਰਸ਼ ਹੈ ਜਿਹੜਾ ਨਿਰੀਆਂ ਗੱਲਾਂ ਤੇ ਨਹੀਂ ਪਤੀਜਦਾ ਸਗੋਂ ਨਿਰਵਾਣ ਦੀ ਅਸਲੀਅਤ ਦਾ ਗਿਆਨ ਰੱਖਦਾ ਹੈ ਤੇ ਜਿਸ ਨੇ ਸਾਰੇ ਬੰਧਨ ਤੋੜ ਕੇ ਮੁੜ ਜਨਮ ਧਾਰਨ ਦੇ ਕਾਰਣਾਂ ਨੂੰ ਨਾਸ਼ ਕਰ ਦਿੱਤਾ ਹੈ। *(97)*

14 ਹਜ਼ਾਰਾਂ ਨਿਰਾਰਥਕ (ਫ਼ਜ਼ੂਲ) ਸ਼ਬਦਾਂ ਨਾਲੋਂ ਅਕਲ ਜਾਂ ਗਿਆਨ ਦਾ ਇਕ ਸ਼ਬਦ ਚੰਗੇਰਾ ਹੈ ਜਿਸ ਨਾਲ ਸਰੋਤੇ ਦੇ ਮਨ ਨੂੰ ਸ਼ਾਂਤੀ ਮਿਲਦੀ ਹੈ। *(103)*

15 ਆਪਾ ਜਿੱਤਣਾ ਭਾਵੇਂ ਕੋਈ ਆਦਮੀ ਕਿਸੇ ਲੜਾਈ ਵਿਚ ਹਜ਼ਾਰਾਂ ਆਦਮੀਆਂ ਨੂੰ ਹਜ਼ਾਰਾਂ ਵਾਰੀ ਜਿੱਤ ਲਏ ਪਰੰਤੂ ਜੇਕਰ ਉਸ ਨੇ ਆਪਣਾ ਆਪਾ ਜਿੱਤ ਲਿਆ ਹੈ ਤਾਂ ਉਹ ਵੱਡਾ ਬਹਾਦਰ ਹੈ। ਆਪਣੇ ਮਨ ਨੂੰ ਜਿੱਤਣਾ ਦੂਜੇ ਸਾਰੇ ਲੋਕਾਂ ਨੂੰ ਜਿੱਤਣ ਨਾਲੋਂ ਚੰਗੇਰਾ ਹੈ। (104)

16 ਨਾ ਹੀ ਕੋਈ ਦੇਵਤਾ ਤੇ ਨਾ ਹੀ ਸ਼ੈਤਾਨ ਉਸ ਪੁਰਸ਼ ਦੀ ਵਿਜੇ ਨੂੰ ਖਤਮ ਕਰ ਸਕਦਾ ਹੈ ਜਿਸ ਨੇ ਆਪਣਾ ਆਪ ਜਿੱਤ ਲਿਆ ਹੈ। *(105)*

17 ਕਰਮ ਫਲ ਆਦਮੀ ਆਪਣੇ ਭੈੜੇ ਕਰਮਾਂ (ਦੇ ਫਲ) ਤੋਂ ਨਾ ਆਕਾਸ਼ ਵਿਚ, ਨਾ ਸਮੁੰਦਰ ਵਿਚ, ਨਾ ਕਿਸੇ ਪਹਾੜ ਦੀ ਗੁਫਾ ਵਿਚ, ਬਚ ਸਕਦਾ ਹੈ। *(127)*

18 ਅਹਿੰਸਾ ਸਾਰੇ ਜੀਵ ਦਰਦ ਤੇ ਮੌਤ ਤੋਂ ਡਰਦੇ ਹਨ, ਸਾਰੇ ਜੀਵ ਜੀਵਨ ਨੂੰ ਪਿਆਰ ਕਰਦੇ ਹਨ। ਇਹ ਯਾਦ ਰੱਖਦਿਆਂ ਕਿ ਉਹ ਆਪ ਵੀ ਜੀਵਾਂ ਵਿਚੋਂ ਇਕ ਹੈ, ਉਸ ਨੂੰ (ਮਨੁੱਖ ਨੂੰ) ਕਿਸੇ ਹੋਰ ਤੇ ਨਾ ਵਾਰ ਕਰਨਾ ਚਾਹੀਦਾ ਹੈ ਨਾ ਉਸ ਨੂੰ ਜਾਨ ਤੋਂ ਮਾਰਨਾ ਚਾਹੀਦਾ ਹੈ। *(130)*

19 ਮੰਦਾ ਬੋਲ ਕਿਸੇ ਨੂੰ ਮੰਦਾ ਨਾ ਬੋਲੋ, ਅੱਗੋਂ ਤੁਹਾਨੂੰ ਵੀ ਉਹੋ ਜਿਹਾ ਜਵਾਬ ਮਿਲੇਗਾ। ਕ੍ਰੋਧ ਭਰੇ ਬਚਨਾਂ ਦਾ ਉੱਤਰ ਤੁਹਾਡੇ ਲਈ ਤਕਲੀਫ

ਦਾ ਕਾਰਣ ਬਣੇਗਾ। *(133)*

20 *ਆਪਾ*

ਸਿਵਾਏ ਆਪੇ ਦੇ ਹੋਰ ਕੌਣ ਆਪੇ ਦਾ ਮਾਲਕ ਹੋ ਸਕਦਾ ਹੈ? ਜੇਕਰ ਆਪਣੇ ਆਪ ਤੇ ਸਾਡਾ ਚੰਗੀ ਤਰ੍ਹਾਂ ਕਾਬੂ ਹੋਵੇ ਤਾਂ ਸਾਡੇ ਉੱਤੇ ਹੋਰ ਕੋਈ ਹਕੂਮਤ ਨਹੀਂ ਕਰ ਸਕਦਾ। *(160)*

21 *ਨੇਕੀ ਕਰਨਾ*

ਬੁਰਾਈ ਕਰਨਾ ਛੱਡ ਦਿਓ, ਨੇਕੀ ਕਰਨਾ ਸਿਖੋ, ਆਪਣਾ ਦਿਲ ਸਾਫ ਰੱਖੋ ਬੁੱਧ ਦੀ ਇਹੀ ਸਿਖਿਆ ਹੈ। *(183)*

22 *ਨਫ਼ਰਤ ਦਾ ਤਿਆਗ*

ਜਿਹੜੇ ਲੋਕ ਸਾਡੇ ਤੋਂ ਨਫ਼ਰਤ ਕਰਦੇ ਹਨ, ਉਨ੍ਹਾਂ ਤੋਂ ਨਫ਼ਰਤ (ਘ੍ਰਿਣਾ) ਕੀਤੇ ਬਿਨਾਂ, ਖੁਸ਼ੀ ਭਰਿਆ ਜੀਵਨ ਜੀਣਾ ਚਾਹੀਦਾ ਹੈ। ਜਿਹੜੇ ਦੂਜਿਆਂ ਤੋਂ ਨਫ਼ਰਤ ਕਰਦੇ ਹਨ ਉਨ੍ਹਾਂ ਵਿਚ ਵੀ ਰਹਿੰਦਿਆਂ ਸਾਨੂੰ ਨਫ਼ਰਤ ਨੂੰ ਤਿਆਗ ਕੇ ਖੁਸ਼ ਰਹਿਣਾ ਚਾਹੀਦਾ ਹੈ। (197)

23 *ਪਿਆਰ*

ਅਸੀਂ ਕਿਸੇ ਚੀਜ਼ ਨੂੰ ਵੀ ਆਪਣਾ ਨਾ ਕਹਿੰਦਿਆਂ ਹੋਇਆਂ ਖੁਸ਼ ਰਹੀਏ। ਸਾਨੂੰ ਦੇਵਤਿਆਂ ਵਾਂਗ ਕੇਵਲ ਪਿਆਰ ਤੇ ਪ੍ਰੇਮ ਦੇ ਆਧਾਰ ਤੇ ਜਿਉਣਾ ਚਾਹੀਦਾ ਹੈ। *(200)*

24 *ਜਿੱਤ ਤੇ ਹਾਰ*

ਵਿਜੈ, ਘਿਰਣਾ ਨੂੰ ਜਨਮ ਦਿੰਦੀ ਹੈ, ਕਿਉਂਕਿ ਹਾਰਨ ਵਾਲਾ ਦੁਖੀ (ਨਾ ਖੁਸ਼) ਹੋ ਜਾਂਦਾ ਹੈ। ਅਸਲੀ ਰੂਪ ਵਿਚ ਸ਼ਾਂਤ-ਚਿਤ ਉਹ ਹੈ ਜਿਸ ਨੇ ਜਿੱਤ ਤੇ ਹਾਰ ਦੋਹਾਂ ਦਾ ਤਿਆਗ ਕਰ ਦਿੱਤਾ ਹੈ। *(201)*

25 *ਨਿਰਵਾਣ*

ਕਾਮ ਵਾਸ਼ਨਾ ਵਰਗੀ ਹੋਰ ਕੋਈ ਅੱਗ ਨਹੀਂ। ਨਫ਼ਰਤ ਵਰਗੀ ਹੋਰ ਕੋਈ ਬਦਕਿਸਮਤੀ ਨਹੀਂ। ਇਸ ਸਰੀਰਕ ਹੋਂਦ ਵਰਗਾ ਹੋਰ ਕੋਈ ਦੁੱਖ ਨਹੀਂ। ਨਿਰਵਾਣ ਵਰਗਾ ਹੋਰ ਕੋਈ ਸੁਖ ਨਹੀਂ।

(202)

26 *ਸੱਚੀ ਜਿੱਤ*

ਆਓ ਘ੍ਰਿਣਾ ਨੂੰ ਦਇਆ ਨਾਲ ਜਿੱਤੀਏ। ਬੁਰਾਈ ਨੂੰ ਚੰਗਿਆਈ ਨਾਲ, ਲਾਲਚ ਨੂੰ ਉਦਾਰਤਾ ਨਾਲ, ਤੇ ਝੂਠ ਨੂੰ ਸੱਚ ਨਾਲ। *(223)*

27 *ਧਰਮ*

ਧਰਮ ਦੀ ਦਾਤ ਹੋਰ ਸਭ ਦਾਤਾਂ ਨਾਲੋਂ ਵਡੇਰੀ ਹੈ, ਧਰਮ ਦਾ ਸੁਆਦ ਬਾਕੀ ਸਭ ਸੁਆਦਾਂ ਤੋਂ ਮਿੱਠਾ ਹੈ, ਧਰਮ ਦਾ ਅਨੰਦ ਬਾਕੀ ਸਭ ਖੁਸ਼ੀਆਂ ਤੋਂ ਵਧੇਰਾ ਹੈ, ਤ੍ਰਿਸ਼ਨਾ ਨੂੰ ਮਾਰਨ ਨਾਲ ਸਾਰੇ ਦੁਖਾਂ ਦਾ ਨਾਸ਼ ਹੋ ਜਾਂਦਾ ਹੈ। *(354)*

28 *ਇਕ ਚਿਤ ਹੋਣਾ*

ਜਿਹੜਾ ਪੁਰਸ਼ ਆਪਣੇ ਅੰਦਰ ਝਾਕ ਨਹੀਂ ਸਕਦਾ ਉਹ ਕਦੇ ਇਕਾਗਰ ਚਿਤ ਨਹੀ ਹੁੰਦਾ ਹੈ ਤੇ ਜਦ ਤਕ ਮਨੁੱਖ ਇਕ ਚਿਤ ਨਹੀਂ ਹੁੰਦਾ ਉਹ ਆਪਣਾ ਆਪ ਪਛਾਣ ਨਹੀਂ ਸਕਦਾ। ਜਿਹੜਾ

ਆਪਣੇ ਅੰਦਰ ਝਾਤ ਮਾਰ ਕੇ ਇਕ ਚਿਤ ਹੁੰਦਾ ਹੈ, ਉਹ ਨਿਰਵਾਣ ਦੇ ਨੇੜੇ ਪੁਜ ਜਾਂਦਾ ਹੈ। (372)

29 ਸੱਚਾ ਬ੍ਰਾਹਮਣ

ਕੋਈ ਪੁਰਸ਼ ਆਪਣੇ ਵਾਲ ਸਵਾਰ ਕੇ, ਜਾਂ ਆਪਣੇ ਜਨਮ ਜਾਂ ਨਸਲ ਦੇ ਆਧਾਰ ਤੇ ਬ੍ਰਾਹਮਣ ਨਹੀਂ ਬਣ ਸਕਦਾ। ਜਿਸ ਵਿਚ ਸੱਚ ਤੇ ਨੇਕੀ ਹੈ ਉਹ ਹੀ ਸੁਖੀ ਹੈ ਤੇ ਉਹ ਹੀ ਬ੍ਰਾਹਮਣ ਹੈ। (393)

30 ਪ੍ਰਤੀਤਯ ਸਮੁਤਪਾਦ

ਉਹ ਸਾਰੀਆਂ ਚੀਜ਼ਾਂ ਜਿਹੜੀਆਂ ਕਾਰਨਾਂ ਤੋਂ ਪੈਦਾ ਹੁੰਦੀਆਂ ਹਨ ਉਨ੍ਹਾਂ ਦੇ ਕਾਰਨਾਂ ਬਾਰੇ ਤਥਾਗਤ ਦੁਆਰਾ ਦੱਸਿਆ ਗਿਆ ਹੈ। ਉਨ੍ਹਾਂ ਨੇ ਇਹ ਵੀ ਖੁਲ੍ਹੀ ਤਰ੍ਹਾਂ ਦੱਸਿਆ ਹੈ ਕਿ ਇਨ੍ਹਾਂ ਕਾਰਨਾਂ ਤੇ ਕਿਵੇਂ ਕਾਬੂ ਪਾਇਆ ਜਾ ਸਕਦਾ ਹੈ। ਉਸ ਮਹਾਨ ਗਿਆਨਵਾਨ ਰਿਸ਼ੀ ਨੇ ਇਹ ਸਿਧਾਂਤ ਦੱਸੇ ਹਨ। (ਮਹਾਵੱਗ—ਪੰਨਾ 39)

31 ਚਾਰ ਧਰਮ

ਪ੍ਰਸਿੱਧ ਆਗੂ ਗੋਤਮ ਬੁੱਧ ਨੇ ਜਿਹੜੀਆਂ ਸੱਚਾਈਆਂ ਲਭੀਆਂ ਉਹ ਸਦਾਚਾਰ, ਸਮਾਧੀ, ਗਿਆਨ ਤੇ ਬੇਮਿਸਾਲ ਨਿਸਤਾਰਾ ਜਾਂ ਛੁਟਕਾਰਾ (ਨਿਰਵਾਣ) ਹਨ। (ਦੀਘਨਿਕਾਯ, II, 95)

32 ਪ੍ਰਤੀਤਯ ਸਮੁਤਪਾਦ

ਜਿਹੜਾ ਪੁਰਸ਼ ਕੋਜੈਲਟੀ 'ਨਿਰਭਰ ਉਪਜ' ਅਨੁਭਵ ਕਰ ਲੈਂਦਾ ਹੈ ਉਹ ਧਰਮ ਦੀ ਪ੍ਰਾਪਤੀ ਕਰ ਲੈਂਦਾ ਹੈ ਤੇ ਜਿਹੜਾ ਪੁਰਸ਼ ਧਰਮ ਅਨੁਭਵ ਕਰਦਾ ਹੈ ਉਹ "ਨਿਰਭਰ ਉਪਜ" ਵੇਖਦਾ ਹੈ। (ਮਝਿਮਨਿਕਾਯ, I, 241)

33 ਤਥਾਗਤ

'ਤਥਾਗਤ' ਜਦੋਂ ਉਹ ਸਰੀਰਕ ਰੂਪ ਵਿਚ ਉਪਸਥਿਤ (ਮੌਜੂਦ) ਵੀ ਹੋਵੇ ਸਾਡੀ ਸਮਝ ਤੋਂ ਬਾਹਰ ਹੈ, ਉਸ ਦੇ ਸੰਬੰਧ ਵਿਚ, ਜਿਹੜਾ ਉੱਤਮ ਪੁਰਖ ਹੈ, ਉੱਚਤਮ ਹੈ, ਤੇ ਪਰਮਾਰਥ ਨੂੰ ਪ੍ਰਾਪਤ ਕਰਨ ਵਾਲਾ ਹੈ, ਇਹ ਕਹਿਣਾ ਅਢੁੱਕਵੀ ਗੱਲ ਹੋਵੇਗੀ ਕਿ ਮਰਨ ਤੋਂ ਬਾਅਦ ਉਹ ਤਥਾਗਤ (ਬੁੱਧ) ਹੈ, ਨਹੀਂ ਹੈ, ਜਾਂ ਹੈ ਭੀ, ਨਹੀਂ ਵੀ ਅਤੇ ਨਾ ਹੈ ਹੀ, ਨਾ ਨਹੀਂ ਹੀ। (ਸੰਯੁੱਤਨਿਕਾਯ III, 340)

34 ਬੁੱਧ

ਤੁਸੀਂ ਕਿਸ ਤਰ੍ਹਾਂ ਉਸ (ਬੁੱਧ) ਨੂੰ ਪਾ ਸਕਦੇ ਹੋ ਜਿਹੜਾ ਸਰਬਗ ਅਥਵਾ ਤ੍ਰੈਕਾਲ ਦਰਸੀ ਹੈ, ਜਿਸ ਦੀ ਪੈੜ ਨਹੀਂ, ਜਿਸ ਦੀ ਜਿੱਤ ਨੂੰ ਜਿੱਤਿਆ ਨਹੀਂ ਜਾ ਸਕਦਾ, ਰਾਜ ਵਿਚ ਕੋਈ ਵੀ ਜਗਿਆਸੂ ਦਾਖ਼ਲ ਨਹੀਂ ਹੋ ਸਕਦਾ। (ਧੰਮਪਦ, 179)

35 ਨਿਰਵਾਣ

ਹੇ ਭਿਕਸ਼ੂ! ਅਸਲੀਅਤ ਨਿਰਵਾਣ ਦਾ ਹੀ ਇਕ ਹੋਰ ਨਾਮ ਹੈ। (ਸੰਯੁੱਤਨਿਕਾਯ)

36 ਹੇ ਭਿਕਸ਼ੂਓ! ਇਕ (ਨਿਰਵਾਣ) ਹੈ ਜਿਹੜਾ ਨਾ ਹੀ ਪੈਦਾ ਹੋਇਆ, ਨਾ ਬਣਿਆ ਨਾ ਬਣਾਇਆ ਗਿਆ, ਤੇ ਨਾ ਹੀ ਰਚਿਆ ਗਿਆ ਹੈ। ਹੇ ਭਿਕਸ਼ੂਓ! ਜੇ ਕਰ ਇਹ ਨਿਰਵਾਣ ਨਾ ਹੁੰਦਾ ਤਾਂ ਜੋ ਕੁੱਝ ਸੰਸਾਰ ਵਿਚ ਪੈਦਾ ਹੁੰਦਾ ਜਾਂ ਉਪਜਦਾ ਹੋਂਦ ਵਿਚ ਆਉਂਦਾ, ਬਣਾਇਆ ਜਾਂਦਾ ਤੇ ਮਿਸ਼੍ਰਿਤ ਕੀਤਾ ਜਾਂਦਾ ਹੈ ਉਸ ਤੋਂ ਕਦੇ ਵੀ ਨਾ ਛੁਟਕਾਰਾ ਹੁੰਦਾ। ਪਰ ਕਿਉਂਕਿ ਇਹ ਜਨਮ ਰਹਿਤ ਨਿਰਵਾਣ ਹੈ ਇਸ ਲਈ ਉਸ ਤੋਂ ਜਿਹੜਾ ਜਨਮ ਧਾਰਦਾ, ਹੁੰਦਾ ਹੈ, ਬਣਾਇਆ ਤੇ ਮਿਸ਼੍ਰਿਤ ਕੀਤਾ ਜਾਂਦਾ ਹੈ, ਛੁਟਕਾਰੇ ਦੀ ਗੱਲ ਦੱਸੀ ਜਾਂਦੀ ਹੈ।

(ਉਦਾਨ 81)

37 ਉਹ ਲੋਕ ਜਿਹੜੇ ਬੁੱਧ ਨੂੰ, ਜਿਹੜਾ ਤਬਦੀਲੀ ਤੋਂ ਰਹਿਤ ਹੈ ਤੇ

ਪ੍ਰਮਾਰਥ ਸਤ ਸਦਾ ਇਕ ਸਮਾਨ ਹੈ ਤੇ ਜਿਸ ਦਾ ਵਿਸਤਾਰ ਨਾਲ ਵਰਣਨ ਨਹੀ ਕੀਤਾ ਜਾ ਸਕਦਾ, ਵਿਸਤਾਰ ਨਾਲ ਬਿਆਨ ਕਰਦੇ ਹਨ; ਉਹ ਜਿਹੜੇ ਵਰਣਨ ਕਰ ਕਰ ਕੇ ਹਾਰ ਜਾਂਦੇ ਹਨ, ਤਥਾਗਤ ਨੂੰ ਨਹੀਂ ਪ੍ਰਤੀਤ ਕਰ ਸਕਦੇ। *(ਮਧਯਮਕਸ਼ਾਸਤ੍ਰ, XXII. 15)*

38 ਨਿਰਵਾਣ ਬਾਰੇ ਕਥਨ ਹੈ ਕਿ ਇਹ ਨਾ ਪ੍ਰਾਪਤ ਹੈ ਤੇ ਨਾ ਹੀ

ਨਿਰਵਾਣ ਅਪ੍ਰਾਪਤ, ਨਾ ਹੀ ਬਰਬਾਦ ਹੋਣ ਵਾਲਾ ਤੇ ਨਾ ਸਦੀਵੀ, ਨਾ ਹੀ ਪੈਦਾ ਹੁੰਦਾ ਹੈ ਤੇ ਨਾ ਹੀ ਨਾਸਵੰਤ ਹੈ।

(ਮਧਯਮਕਸ਼ਾਸਤ੍ਰ, XXV. 3)

39 ਸੱਚਾਈ ਕੇਵਲ ਇਕ ਹੈ ਜਿਸ ਦਾ ਨਾਂ 'ਨਿਰਵਾਣ' ਹੈ। ਇਸ ਦਾ ਮਨ ਦੇ ਨਾਲ ਕੋਈ ਸੰਬੰਧ ਨਹੀਂ। ਸੰਸਾਰ, ਜੋ ਸਤਯ ਭਾਸਦਾ ਹੈ, ਉਹ ਬਿਬੇਕ ਲਈ ਇਕ ਕੇਲੇ ਦੇ ਰੁੱਖ, ਸੁਪਨੇ ਜਾਂ ਛਾਇਆ ਦੇ ਸਮਾਨ ਹੈ। *(ਲੰਕਾਵਤਾਰਸੂਤ੍ਰ III. 18)*

40 ਸੱਚਾਈ ਕੇਵਲ ਇਕ ਹੈ ਦੋ ਨਹੀਂ, ਜਿਸ ਦੇ ਉੱਤੇ ਇਕ ਗਿਆਨੀ

ਸੱਚ ਦੂਜੇ ਗਿਆਨੀ ਨਾਲ ਬਹਿਸ ਕਰ ਸਕੇ। ਭਿੰਨ ਭਿੰਨ ਸੱਚ ਜਿਨ੍ਹਾਂ ਦੀਆਂ ਉਹ ਸਿਫ਼ਤਾਂ ਕਰਦੇ ਹਨ ਉਨ੍ਹਾਂ ਦੇ ਮਨਘੜਤ ਹਨ। ਇਸ ਲਈ ਤਿਆਗੀ ਤੇ ਮੁਨੀ ਉਸ ਬਾਰੇ ਇਕੋ ਵਿਚਾਰ ਨਹੀਂ ਰੱਖਦੇ।

(ਸੁਤਨਿਪਾਤ ਪਦ 884)

41 ਮਨੁੱਖਤਾ ਆਪਣੀ ਅਗਿਆਨਤਾ ਕਾਰਣ ਜਨਮ ਜਨਮਾਂਤਰ ਤੋਂ

ਅਗਿਆਨਤਾ ਬਿਨਾਂ ਕਿਸੇ ਨਿਸ਼ਾਨੇ ਤੇ ਦੌੜਦੀ ਤੇ ਚੱਕਰ ਕੱਟ ਰਹੀ ਹੈ। ਮੈਨੂੰ

ਅਗਿਆਨਤਾ ਤੋਂ ਵੱਡੀ ਹੋਰ ਕੋਈ ਰੁਕਾਵਟ ਮਨੁੱਖਤਾ ਦੀ ਮੁਕਤੀ ਦੇ ਰਸਤੇ ਵਿਚ ਨਹੀਂ ਜਾਪਦੀ। *(ਇਤਿਉੱਤਕ I, 14)*

42 *ਗਿਆਨ* ਜਦੋਂ ਅਗਿਆਨਤਾ ਤੋਂ ਛੁਟਕਾਰਾ ਪ੍ਰਾਪਤ ਹੋ ਜਾਂਦਾ ਹੈ ਤੇ ਗਿਆਨ ਦਾ ਸੂਰਜ ਚੜ੍ਹ ਪੈਂਦਾ ਹੈ ਤਾਂ ਆਦਮੀ ਇੰਦ੍ਰੀ-ਰਸਾਂ, ਕਿਆਸੀ ਸਿਧਾਂਤਾਂ ਰਸਮਾਂ ਰੀਤਾਂ ਤੇ ਆਪੇ ਦੇ ਸਿਧਾਂਤ ਬਾਰੇ ਵਾਦ ਵਿਵਾਦ ਵਿਚ ਨਹੀਂ ਪੈਂਦਾ। *(ਮੱਝਿਮਨਿਕਾਯ I, 95)*

43 *ਅਨਾਤਮਾ* ਮਨੁੱਖ ਦਾ ਇਹ ਸਥੂਲ ਰੂਪ ਤੇ ਬਾਕੀ ਹੋਰ ਪਦਾਰਥ ਨਾਸ਼ਵਾਨ ਹਨ, ਸਦੀਵੀ ਨਹੀਂ। ਜਿਹੜੀ ਚੀਜ ਸਦੀਵੀ ਨਹੀਂ ਉਹ ਦੁੱਖ ਰੂਪ ਹੈ। ਜੋ ਦੁੱਖ ਹੈ ਉਹ ਸਾਡਾ ਆਪਾ ਨਹੀਂ। ਜੋ ਸਾਡਾ ਆਪਾ ਨਹੀਂ ਉਹ ਮੇਰਾ ਨਹੀਂ, ਉਹ ਮੈਂ ਨਹੀਂ ਤੇ ਉਹ ਮੇਰਾ ਆਪਣਾ ਆਪ ਨਹੀਂ ਹੈ, ਇਹ ਸੱਚਾਈ ਠੀਕ ਗਿਆਨ ਨਾਲ ਅਨੁਭਵ ਕਰਨੀ ਚਾਹੀਦੀ ਹੈ ਤੇ ਅਸਲੀਅਤ ਨੂੰ ਪਛਾਨਣਾ ਚਾਹੀਦਾ ਹੈ। *(ਮਹਾਵੱਗ 5-17)*

44 *ਪੰਜ ਸ਼ਕਤੀਆਂ* ਹੇ ਭਿਕਸ਼ੂਓ! ਜਿਵੇਂ ਸ਼ੇਰ ਨੂੰ ਜੰਗਲ ਦੇ ਜਾਨਵਰਾਂ ਦਾ ਰਾਜਾ ਮੰਨਿਆ ਗਿਆ ਹੈ, ਉਸ ਦੀ ਬਹਾਦਰੀ ਤੇਜ ਦੌੜਨ ਦੀ ਸ਼ਕਤੀ ਤੇ ਤਾਕਤ ਦੇ ਕਾਰਣ ਹੈ, ਤਿਵੇਂ ਹੀ ਸਿਆਣਪ ਨੂੰ ਗਿਆਨ ਦੀ ਪ੍ਰਾਪਤੀ ਲਈ ਸਾਰੀਆਂ ਦਿਮਾਗ਼ੀ ਤੇ ਮਾਨਸਿਕ ਸ਼ਕਤੀਆਂ ਤੇ ਹਾਲਤਾਂ ਵਿਚ ਸਰਬੋਤਮ ਮੰਨਿਆ ਗਿਆ ਹੈ। ਗਿਆਨ ਦੀ ਪ੍ਰਾਪਤੀ ਲਈ ਸ਼ਕਤੀਆਂ ਹਨ, ਸਰਬ ਉਤਸ਼ਾਹ, ਧਿਆਨ, ਇਕਮੁਰਤਾ ਤੇ ਪਰਮਾਰਥ-ਗਿਆਨ। ਇਹ ਸਾਰੀਆਂ ਗਿਆਨ ਦੀ ਪ੍ਰਾਪਤੀ ਵਿਚ ਸਹਾਈ ਹੁੰਦੀਆਂ ਹਨ। *(ਸਯੁੱਤਨਿਕਾਯ V, 197)*

45 *ਸਰੀਰ* ਇਹ ਸਰੀਰ ਇਕ ਖਾਲੀ ਪਿੰਡ ਵਾਂਗ ਹੈ। ਇੰਦ੍ਰੇ ਇਸ ਪਿੰਡ ਵਿਚ ਆਉਣ ਵਾਲੇ ਛੇ ਚੋਰਾਂ ਦੇ ਸਮਾਨ ਹਨ। ਉਹ ਸਾਰੇ ਇਕੋ ਹੀ ਪਿੰਡ ਵਿਚ ਰਹਿੰਦੇ ਹਨ ਪਰੰਤੂ ਇਕ ਦੂਜੇ ਨੂੰ ਨਹੀਂ ਵੇਖਦੇ।

46 *ਚਾਰ ਪ੍ਰਕਾਰ ਦੇ ਲੋਕ* ਸਾਨੂੰ ਚਾਰ ਪ੍ਰਕਾਰ ਦੇ ਲੋਕ ਮਿਲਦੇ ਹਨ :

ਉਹ ਜਿਹੜੇ ਚਾਨਣ ਤੋਂ ਚਾਨਣ ਵਲ ਜਾ ਰਹੇ ਹਨ।

ਉਹ ਜਿਹੜੇ ਹਨੇਰਾ ਛੱਡ ਕੇ ਚਾਨਣ ਵਲ ਵੱਧ ਰਹੇ ਹਨ।

ਉਹ ਜਿਹੜੇ ਚਾਨਣ ਚੋਂ ਹਨੇਰੇ ਵਲ ਵੱਧ ਦੌੜ ਰਹੇ ਹਨ।

ਤੇ ਕੁੱਝ ਉਹ ਜਿਹੜੇ ਹਨੇਰੇ ਵਿਚੋਂ ਹਨੇਰੇ ਵਲ ਹੀ ਚਲਦੇ ਰਹਿੰਦੇ ਹਨ।

ਇਨ੍ਹਾਂ ਸਭ ਵਿਚੋਂ ਤੁਸੀਂ ਪਹਿਲੀ ਕਿਸਮ ਦੇ ਇਨਸਾਨ ਬਣੋ।

(ਸੁਹਿਰਦ ਲੇਖ, ਪਦ 19)

ਬੁੱਧ ਨੇ ਫ਼ਰਮਾਇਆ ਹੈ :

47 ਮੇਰੇ ਭਰਾਵੋ! ਤੁਸੀਂ ਸੰਸਾਰ ਵਿਚ ਆਪਣੇ ਰਾਹ ਤੇ ਚਲਦੇ ਜਾਉ।

ਸਭ ਦਾ ਭਲਾ ਬਹੁਤਿਆਂ ਦੇ ਭਲੇ ਹਿਤ, ਬਹੁਤਿਆਂ ਦੀ ਖ਼ੁਸ਼ੀ ਲਈ, ਸੰਸਾਰ ਦੇ ਲੋਕਾਂ ਲਈ ਦਿਲ ਵਿਚ ਦਰਦ ਰੱਖਦੇ, ਮਨੁੱਖਾਂ ਤੇ ਦੇਵਤਿਆਂ ਦੀ ਭਲਾਈ, ਲਾਭ ਤੇ ਆਨੰਦ ਦੀ ਪ੍ਰਾਪਤੀ ਦੀ ਕੋਸ਼ਿਸ਼ ਵਿਚ, ਤੁਸੀਂ ਅੱਗੇ ਟੁਰਦੇ ਜਾਉ। ਹੇ ਮੇਰੇ ਭਰਾਵੋ! ਤੁਸੀਂ ਉਸ ਧਰਮ ਦਾ ਪ੍ਰਚਾਰ ਕਰੋ, ਜਿਹੜਾ ਸ਼ੁਰੂ ਵਿਚ, ਦਰਮਿਆਨ ਵਿਚ ਤੇ ਅੰਤ ਤਕ ਚੰਗਾ ਹੈ। ਰੱਜ ਕੇ ਉਸੇ ਧਰਮ ਦਾ ਪ੍ਰਚਾਰ ਕਰਦੇ ਜਾਉ। ਆਪਣੇ ਮਨ, ਬਚਨ ਤੇ ਕਰਮ ਰਾਹੀਂ ਸੰਪੂਰਣ ਸੱਚੀ ਤੇ ਸੁੱਚੀ ਧਾਰਮਿਕ ਜ਼ਿੰਦਗੀ ਦਾ ਪ੍ਰਚਾਰ ਕਰੋ। *(ਮਹਾਵੱਗ 23)*

48 ਤਥਾਗਤ, ਜਿਸ ਦੇ ਦਿਲ ਵਿਚ ਡੂੰਘਾ ਦਰਦ ਤੇ ਦਇਆ ਹੈ ਅਤੇ ਜੋ, ਬਲਵਾਨ ਬਹਾਦਰ ਅਤੇ ਧਰਮ ਦੇ ਪਹੀਏ ਨੂੰ ਚਲਾਂਦਾ ਹੈ, ਦਾ ਪ੍ਰਕਾਸ਼ ਸਾਰੇ ਜੀਵਾਂ ਦੀ ਖ਼ੁਸ਼ੀ ਲਈ ਹੁੰਦਾ ਹੈ।

(ਸਿਕਸ਼ਾਸਮੁਕਯ, 164)

49 ਘਿਰਣਾ ਜਾਂ ਨਫ਼ਰਤ ਦਾ ਦਾਰੂ ਹੈ ਮਿਤ੍ਰਤਾ ਦੀ ਭਾਵਨਾ, ਭੈੜੇ

ਸੱਚੀ ਮਿੱਤਰਤਾ ਸੁਭਾਅ ਵਾਲੇ ਲੋਕਾਂ ਨੂੰ ਮਿਲਣ ਤੋਂ ਸੰਕੋਚ ਕਰਨਾ ਤੇ ਅਜਿਹੀਆਂ ਖ਼ੁਸ਼ੀਆਂ ਵਿਚ ਸ਼ਾਮਲ ਹੋਣ ਲਈ ਪ੍ਰੇਰਨਾ ਕਰਨੀ ਜਿਹਾ ਕਿ ਸਾਂਝਾ ਲੰਗਰ। ਮਿਤ੍ਰਤਾ ਦਾ ਅਰਥ ਹੈ ਕਿ ਦੂਜਿਆਂ ਦੀ ਭਲਾਈ ਲਈ ਸਦਾ ਆਸ ਰੱਖਣਾ, ਇਸ ਲਈ ਤਾਂਘਣਾ ਤੇ ਇਸ ਵਿਚ ਖ਼ੁਸ਼ੀ ਪ੍ਰਾਪਤ ਕਰਨੀ। ਮਿਤ੍ਰਤਾ ਦੀ ਭਾਵਨਾ ਉਸ ਪਿਆਰ ਦਾ ਨਾਂ ਹੈ ਜਿਸ ਵਿਚ ਸਰੀਰਕ ਸੁਖਾਂ ਜਾਂ ਨੀਵੀਆਂ ਮਨੁੱਖੀ ਵਾਸ਼ਨਾਵਾਂ ਤੇ ਫਿਰ ਉਸ ਪਿਆਰ ਦੇ ਬਦਲੇ ਵਿਚ ਕਿਸੇ ਚੀਜ਼ ਦੀ ਆਸ ਨਾ ਰੱਖਣਾ।

50 ਜਦੋਂ ਮੇਰੇ ਲਈ ਤੇ ਇਸੇ ਤਰ੍ਹਾਂ ਮੇਰੇ ਵਰਗੇ ਹੋਰ ਮਨੁੱਖਾਂ ਲਈ ਡਰ

ਮਨੁੱਖ ਦੀ ਤੇ ਦਰਦ ਦੋਵੇਂ ਘਿਰਣਾ ਯੋਗ ਹਨ ਤਾਂ ਫਿਰ ਮੇਰੇ ਆਪਣੇਪਨ ਵਿਚ

ਸਮਾਨਤਾ ਵੀ ਵਾਧਾ ਹੈ ਕਿ ਮੈਂ ਉਸ ਨੂੰ ਡਰ ਤੇ ਦਰਦ ਤੋਂ ਬਚਾਂਦਾ ਹਾਂ ਤੇ ਦੂਜਿਆਂ ਨੂੰ ਨਹੀਂ? ਉਹ ਮਨੁੱਖ ਜਿਹੜਾ ਆਪਣੇ ਦੁੱਖ ਦਾ ਅੰਤ ਕਰਨਾ ਚਾਹੁੰਦਾ ਹੈ ਤੇ ਆਨੰਦ ਦੀ ਸਿਖਰ ਨੂੰ ਛੂਹਣਾ ਚਾਹੁੰਦਾ ਹੈ

ਉਸ ਨੂੰ ਆਪਣੇ ਨਿਸ਼ਚੇ ਦੀਆਂ ਜੜ੍ਹਾਂ ਪੱਕੀਆਂ ਗੱਡਣੀਆਂ ਚਾਹੀਦੀਆਂ ਹਨ ਤੇ ਆਪਣਾ ਸਾਰਾ ਜ਼ੋਰ ਤੇ ਸੋਚਣ-ਸ਼ਕਤੀ ਗਿਆਨ ਪ੍ਰਾਪਤ ਕਰਨ ਵੱਲ ਲਾਉਣੀ ਚਾਹੀਦੀ ਹੈ। *(ਸਿਕਸ਼ਾਸਮੁਚ, ਕਾਰਿਕਾ, 1-2)*

51 ਆਪਣੇ ਦ੍ਰਿੜ੍ਹ ਨਿਸ਼ਚੇ ਨਾਲ ਤੁਸੀਂ ਸੁਤੰਤਰ ਹੋ ਜਾਓਗੇ ਤੇ ਭਵਸਾਗਰ ਨੂੰ ਪਾਰ ਕਰ ਲਓਗੇ। *(ਸੁਤਨਿਪਾਤ ਪਦ 1146)*

52 *ਸ਼ਰਧਾ* ਸ਼ਰਧਾ ਹੀ ਮਨੁੱਖ ਦਾ ਸਭ ਤੋਂ ਵੱਡਮੁੱਲਾ ਖ਼ਜ਼ਾਨਾ ਹੈ। ਸ਼ਰਧਾ ਦੀ ਸ਼ਕਤੀ ਨਾਲ ਹੜ੍ਹ ਨੂੰ ਪਾਰ ਕੀਤਾ ਜਾ ਸਕਦਾ ਹੈ।

(ਸੁਤਨਿਪਾਤ 182-184)

53 ਭਗਵਾਨ ਬੁੱਧ ਵਿਚ ਤੇ ਉਨ੍ਹਾਂ ਦੀ ਸਿੱਖਿਆ ਵਿਚ ਪੱਕਾ ਨਿਸ਼ਚਾ ਧਾਰ ਕੇ ਹੀ ਮਨੁੱਖ ਬੋਧੀਸਤਵ ਵਿਚ ਆਪਣਾ ਈਮਾਨ ਕਾਇਮ ਕਰ ਸਕਦਾ ਹੈ। ਉਸ ਅਹਿਲ ਨਿਰਵਾਨ ਵਿਚ ਆਪਣਾ ਨਿਸ਼ਚਾ ਕਾਇਮ ਕਰਕੇ ਹੀ ਅਸੀਂ ਗਿਆਨ ਦੇ ਪ੍ਰਕਾਸ਼ (ਬੋਧੀ) ਦਾ ਖਿਆਲ ਆਪਣੇ ਅੰਦਰ ਪੈਦਾ ਕਰਦੇ ਹਾਂ ਜੋ ਕਿ ਮਹਾਪੁਰਸ਼ਾਂ ਦਾ ਖ਼ਾਸ ਗੁਣ ਜਾਂ ਵਿਸ਼ੇਸ਼ਤਾ ਹੈ। ਸ਼ਰਧਾ ਹੀ ਸਾਨੂੰ ਰਸਤਾ ਦੱਸਣ ਵਾਲਾ ਰਾਹਨੁਮਾ ਹੈ, ਸਾਡੀ ਮਾਤਾ ਹੈ, ਸਾਨੂੰ ਉਤਪੰਨ ਕਰਨ ਵਾਲੀ, ਸਾਡੀ ਰੱਖਿਆ ਕਰਨ ਵਾਲੀ ਤੇ ਸਾਡੇ ਵਿਚ ਦੇਵੀ ਗੁਣਾਂ ਨੂੰ ਵਧਾਣ ਵਾਲੀ ਹੈ। ਸ਼ਰਧਾ ਹੀ, ਸਾਡੀਆਂ ਵਾਸ਼ਨਾਵਾਂ ਨੂੰ ਕੱਢਕੇ ਸਾਨੂੰ ਸੰਸਾਰ ਸਾਗਰ ਤੋਂ ਪਾਰ ਉਤਾਰ ਕੇ, ਸਾਨੂੰ ਅਨੰਦਮਈ ਨਗਰੀ ਦਾ ਰਾਹ ਦੱਸਦੀ ਹੈ। *(ਰਤਨੋਲਕਾਧਾਰਨੀ ਦਾ ਹਵਾਲਾ ਸਿਕਸ਼ਾਸਮੁਚਯ ਪੰਨਾ-4)*

54 ਹੇ ਭਿਕਸ਼ੂ ਲੋਕੋ ਸੁਣੋ! ਸਾਡੇ ਮਨ ਨੂੰ ਗੰਦਾ ਕਰਨ ਵਾਲੀਆਂ ਜਿਹੜੀਆਂ ਚੀਜ਼ਾਂ ਹਨ, ਉਹ ਲਾਲਚ, ਹਿਰਸ, ਮੰਦ ਭਾਵਨਾ, ਕਰੋਧ, ਕੀਨਾ, ਪਖੰਡ, ਕਿੜ, ਸਾੜਾ, ਕੰਜੂਸੀ, ਫ਼ਰੇਬ, ਧੋਖਾ, ਜ਼ਿੱਦ, ਹੰਕਾਰ ਮੂੰਹਜ਼ੋਰੀ ਤੇ ਕਾਹਲਾਪਨ, ਹਉਮੈ, ਗਰਬ ਅਤੇ ਆਲਸ ਹਨ। ਜੇਕਰ ਕੋਈ ਭਿਕਸ਼ੂ ਇਹ ਸਮਝ ਤੇ ਜਾਣ ਲਏ ਕਿ ਇਹ ਚੀਜ਼ਾਂ ਮਨ ਨੂੰ ਗੰਦਾ ਕਰਦੀਆਂ ਹਨ ਤੇ ਇਨ੍ਹਾਂ ਤੋਂ ਛੁਟਕਾਰਾ ਪ੍ਰਾਪਤ ਕਰ ਲਏ ਤਾਂ ਉਸ ਦਾ ਭਗਵਾਨ ਬੁੱਧ ਵਿਚ ਵਿਸ਼ਵਾਸ ਪੈਦਾ ਹੋ ਜਾਂਦਾ ਹੈ ਤੇ ਫਿਰ ਉਹ ਇੰਜ ਸੋਚਦਾ ਹੈ "ਮੇਰਾ ਉੱਚਤਮ ਤੇ ਸੰਪੂਰਣ ਨਿਵਾਜਿਆ ਹੋਇਆ ਬੁੱਧ ਇਸ ਤਰ੍ਹਾਂ ਦਾ ਹੈ ਜਿਸ ਪਾਸ ਪੂਰਣ ਗਿਆਨ ਤੇ ਠੀਕ ਅਮਲ ਹਨ, ਉਹ ਸਭ ਦਾ ਭਲਾ ਚਾਹੁਣ ਵਾਲਾ ਸਾਰੇ ਜਹਾਨਾਂ ਨੂੰ

ਜਾਣਨ ਵਾਲਾ, ਮਨੁੱਖਾਂ ਨੂੰ ਪ੍ਰਸਿੱਧੀ ਦੇ ਰਸਤੇ ਤੇ ਤੋਰਨ ਵਾਲਾ ਰਬਵਾਨ, ਭਗਵਾਨ ਬੁੱਧ, ਮੇਰਾ ਮਾਲਕ।" ਤੇ ਉਸ (ਪੁਰਸ਼) ਵਿਚ ਆਪਣੇ ਧਰਮ ਵਿਚ ਪੱਕਾ ਤੇ ਦ੍ਰਿੜ੍ਹ ਨਿਸ਼ਚਾ ਪੈਦਾ ਹੋ ਜਾਂਦਾ ਹੈ ਤੇ ਉਹ ਅਨੁਭਵ ਕਰਦਾ ਹੈ, "ਮੇਰੇ ਮਾਲਕ (ਸਾਈਂ) ਨੇ ਮੈਨੂੰ ਧਰਮ ਦਾ ਯੋਗ ਗਿਆਨ ਦਿੱਤਾ ਹੈ, ਮੈਂ ਇਸ ਨੂੰ ਪੂਰਣ ਤੇ ਪ੍ਰਤੱਖ ਰੂਪ ਵਿਚ ਵੇਖਦਾ ਹਾਂ, ਇਹ ਅਕਾਲ ਹੈ ਤੇ ਇਹ ਸਭ ਨੂੰ ਧਰਮ ਦੇ ਰਸਤੇ ਚਲਣ ਲਈ ਸੱਦਾ ਦਿੰਦਾ ਹੈ ਅਤੇ ਇਸ ਨੂੰ ਹਰ ਕੋਈ ਸਿਆਣਾ ਆਪ ਸਮਝ ਸਕਦਾ ਹੈ।" ਫਿਰ ਉਸ ਦਾ ਨਿਸ਼ਚਾ ਸੰਘ (ਸੰਗਤ) ਵਿਚ ਅਟੱਲ ਤੇ ਦ੍ਰਿੜ੍ਹ ਹੋ ਜਾਂਦਾ ਹੈ। ਉਹ ਸੋਚਦਾ ਹੈ, ਮੇਰੇ ਗੁਰੂ ਦੇ ਚੇਲਿਆਂ ਦਾ ਸੰਘ (ਸੰਗਤ) ਚੰਗੇ ਕਰਮਾਂ ਦਾ ਧਾਰਣੀ ਹੈ, ਮੇਰੇ ਸਾਫ ਦਿਲ, ਸਿਆਣੇ ਕਰਮ ਕਰਨ ਵਾਲੇ, ਆਪਣਾ
ਸ਼ਰਧਾ ਫਰਜ ਪਛਾਣਨ ਵਾਲੇ ਹਨ। ਇਹ ਸੰਘ ਮਨੁੱਖਾਂ ਦੇ ਉਹ ਚਾਰ ਜੋੜੇ, ਜਾਂ ਅੱਠ ਪੁਰਸ਼ ਵਾਲਾ ਹੈ, ਉਹ ਜਿਹੜੇ ਪਵਿੱਤਰ ਮਾਰਗ ਦੀਆਂ ਚਾਰ ਮੰਜ਼ਿਲਾਂ ਚਲ ਚੁੱਕੇ ਹਨ, ਉਹ ਜਿਨ੍ਹਾਂ ਨੇ ਉਨ੍ਹਾਂ ਚਾਰ ਮੰਜ਼ਿਲਾਂ ਦਾ ਫਲ ਪ੍ਰਾਪਤ ਕਰ ਲਿਆ, ਬੁੱਧ ਦੇ ਚੇਲਿਆਂ ਦਾ ਇਹ ਸੰਘ ਸਾਡੀ ਉਦਾਰਤਾ, ਆਊਭਗਤ, ਦਾਨ ਤੇ ਡੂੰਘੇ ਸਤਿਕਾਰ ਦਾ ਹੱਕਦਾਰ ਹੈ। ਇਹ ਸੰਸਾਰ ਲਈ ਅਤਿ ਉੱਤਮ ਪੁੰਨ ਦਾ ਖੇਤਰ ਹੈ। ਇਸ ਦਸ਼ਾ ਵਿਚ ਉਸ (ਭਿਕਸ਼ੂ) ਲਈ ਤਿਆਗ ਕਰਨਾ, ਦੁਨਿਆਵੀ ਪਦਾਰਥਾਂ ਨੂੰ ਹੱਥੋਂ ਛੱਡਣਾ, ਤੇ ਮਗਰੋਂ ਲਾਹ ਦੇਣਾ ਅਵੱਸ਼ ਹੋ ਜਾਂਦਾ ਹੈ। ਜਦੋਂ ਉਹ ਸੋਚਦਾ ਹੈ ਕਿ ਉਸ ਦਾ ਧਰਮ ਬੁੱਧ ਤੇ ਸੰਘ ਵਿਚ ਅਟੱਲ ਤੇ ਪੱਕਾ ਵਿਸ਼ਵਾਸ ਹੈ ਤਾਂ ਉਸ ਨੂੰ ਧਰਮ ਦਾ ਗਿਆਨ ਤੇ ਧਰਮ ਨਾਲ ਸੰਬੰਧਿਤ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ। ਉਸ ਪ੍ਰਸੰਨਤਾ ਵਿਚੋਂ ਮਸਤੀ ਉਗਮਦੀ ਹੈ। ਮਸਤੀ ਦੀ ਇਸ ਹਾਲਤ ਵਿਚ ਉਸ ਦਾ ਸਰੀਰ ਸੰਸਾਰਕ ਦੁੱਖਾਂ ਤੋਂ ਮੁਕਤ ਹੋ ਜਾਂਦਾ ਹੈ। ਉਸ ਨੂੰ ਆਨੰਦ ਦਾ ਅਨੁਭਵ ਹੁੰਦਾ ਹੈ ਤੇ ਇਸ ਦੇ ਫਲ ਸਰੂਪ ਉਸ ਦਾ ਮਨ ਸਮਾਧੀ ਸਥਿਤ ਹੁੰਦਾ ਹੈ। *(ਮਝਿਮਨਕਾਯ I, 50)*

55 ਤਦ ਬੁੱਧ ਨੇ ਪੰਜ ਭਿਕਸ਼ੂਆਂ ਨੂੰ ਸੰਬੋਧਨ ਕਰਦਿਆਂ ਕਿਹਾ :

ਮਧ ਮਾਰਗ ਦੋ ਆਖਰੀ ਹੱਦਾਂ ਹਨ ਜਿਨ੍ਹਾਂ ਨੂੰ ਹਰ ਮਨੁੱਖ ਨੂੰ ਜਿਸ ਨੇ ਪਵਿੱਤਰ ਮਾਰਗ ਧਾਰਣ ਕੀਤਾ ਹੈ ਨਹੀਂ ਟੱਪਣਾ ਚਾਹੀਦਾ। ਉਹ ਜੀਵਨ

ਜਿਹੜਾ ਐਸ਼ ਆਰਾਮ ਤੇ ਕਾਮ ਚੇਸ਼ਟਾ ਵਿਚ ਬਤੀਤ ਹੁੰਦਾ ਹੈ ਭੈੜਾ ਤੇ ਵਿਅਰਥ ਹੈ। ਉਹ ਜੀਵਨ ਜਿਹੜਾ ਕਰੜੇ ਤੇ ਦੁੱਖਦਾਇਕ ਮਨ ਮਾਰੂ ਸਨਿਆਸ ਵਿਚ ਬਤੀਤ ਹੋ ਰਿਹਾ ਹੈ ਉਹ ਵੀ ਬੜਾ ਦੁੱਖਦਾਇਕ, ਮਾੜਾ ਤੇ ਵਿਅਰਥ ਹੈ। ਇਹ ਦੋ ਸੀਮਾਵਾਂ ਦਾ ਉਲੰਘਣ ਨਾ ਕਰਨ ਕਰਕੇ ਹੈ। ਭਿਕਸ਼ੂ—ਤਥਾਗਤ (ਬੁੱਧ) ਨੂੰ ਜੋ ਮਧ ਮਾਰਗ ਦਾ ਗਿਆਨ ਪ੍ਰਾਪਤ ਹੋਇਆ ਜਿਹੜਾ ਆਤਮ ਸੋਝੀ ਦਿੰਦਾ ਹੈ, ਜਿਸ ਦੁਆਰਾ ਸੋਝੀ ਪ੍ਰਾਪਤ ਹੁੰਦੀ ਹੈ, ਜਿਸ ਦੁਆਰਾ ਸ਼ਾਂਤੀ, ਗਿਆਨ, ਬੁੱਧੀ ਤੇ ਨਿਰਵਾਣ ਪ੍ਰਾਪਤ ਹੁੰਦੇ ਹਨ, ਉਹ ਰਸਤਾ ਕਿਹੜਾ ਹੈ? ਇਹ ਅਸ਼ਟ ਮਾਰਗ ਹੈ। ਠੀਕ ਵਿਚਾਰ ਇਹ ਹਨ : ਠੀਕ ਨਿਸ਼ਚਾ (ਇਰਾਦਾ), ਠੀਕ ਕਥਨੀ, ਠੀਕ ਕਰਮ, ਠੀਕ ਨਿਰਬਾਹ, ਠੀਕ ਕੋਸ਼ਿਸ਼, ਠੀਕ ਧਿਆਨ ਤੇ ਠੀਕ ਸਮਾਧੀ। ਹੇ ਭਿਕਸ਼ੂ ਲੋਕੋ! ਇਹ ਹੀ ਮਧ ਮਾਰਗ ਹੈ ਜਿਹੜਾ ਤਥਾਗਤ (ਬੁੱਧ) ਨੇ ਲੱਭਿਆ ਹੈ ਜਿਸ ਦੁਆਰਾ ਮਨੁੱਖ ਦ੍ਰਿਸ਼ਟਾ ਵੀ ਬਣਦਾ ਹੈ ਅਤੇ ਗਿਆਨੀ ਵੀ। ਇਹ ਮਧ ਮਾਰਗ ਸ਼ਾਂਤੀ, ਸੂਝ, ਗਿਆਨ ਤੇ ਨਿਰਵਾਣ ਦਾ ਰਸਤਾ ਹੈ।

ਚਾਰ ਆਰੀਆਸਤਯ

ਹੇ ਭਿਕਸ਼ੂ ਲੋਕੋ! ਇਹ ਸੰਸਾਰ ਦੇ ਦੁੱਖ ਬਾਰੇ ਪਵਿੱਤ੍ਰ ਸੱਚਾਈ ਹੈ, ਜਨਮ ਵਿਚ ਦੁੱਖ ਹੈ, ਖੁਰਣ ਘਸਣ ਤੇ ਗਲਨ ਸੜਨ ਵਿਚ ਦੁੱਖ ਹੈ, ਬੀਮਾਰੀ ਵਿਚ ਦੁੱਖ ਹੈ, ਮੌਤ ਦੁੱਖ ਹੈ। ਜਿਨ੍ਹਾਂ ਚੀਜ਼ਾਂ ਤੋਂ ਅਸੀਂ ਨਫ਼ਰਤ ਕਰਦੇ ਹਾਂ ਉਨ੍ਹਾਂ ਦੀ ਮੌਜੂਦਗੀ ਦੁਖਦਾਇਕ ਹੈ ਤੇ ਜਿਨ੍ਹਾਂ ਨਾਲ ਅਸੀਂ ਪਿਆਰ ਕਰਦੇ ਹਾਂ ਉਨ੍ਹਾਂ ਦਾ ਵਿਛੋੜਾ ਦੁੱਖਦਾਇਕ ਹੈ। ਜੋ ਕੁੱਝ ਅਸੀਂ ਲੋਚਦੇ ਹਾਂ ਉਸ ਦਾ ਨਾ ਮਿਲਣਾ ਦੁੱਖਦਾਇਕ ਹੈ ਤੇ ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਾਡੇ ਜੀਵਨ ਦੇ ਪੰਜੇ ਸਮੂਹ ਹੀ ਦੁੱਖ ਦਾ ਸਰੂਪ ਹਨ।

ਹੇ ਭਿਕਸ਼ੂ ਜਨੋ! ਇਹ ਹੈ ਦੁੱਖ ਦਾ ਕਾਰਣ। ਤ੍ਰਿਸ਼ਨਾ ਕਾਰਣ ਅਸੀਂ ਬਾਰ ਬਾਰ ਜਨਮ ਧਾਰਦੇ ਹਾਂ ਤੇ ਭੋਗ ਭੋਗਦੇ ਹੋਏ ਕਿਤੇ ਕਿਤੇ ਵਿਸ਼ੇ ਅਨੰਦ ਮਾਣਦੇ ਹਾਂ। ਇਹ ਤ੍ਰਿਸ਼ਨਾ ਤਿੰਨ ਪ੍ਰਕਾਰ ਦੀ ਹੈ, ਮਜ਼ਾ ਲੈਣ ਤੇ ਐਸ਼ ਕਰਨ ਦੀ ਤ੍ਰਿਸ਼ਨਾ, ਜੀਉਂਦੇ ਰਹਿਣ ਦੀ ਤ੍ਰਿਸ਼ਨਾ, ਤੇ ਫਿਰ ਅਣਹੁੰਦੇ ਲਈ ਤ੍ਰਿਸ਼ਨਾ।

ਹੇ ਭਿਕਸ਼ੂ ਲੋਕੋ! ਇਸ ਦੁੱਖ ਦਾ ਅੰਤ ਕਰਨ ਬਾਰੇ ਇਹ ਸਦੀਵੀ ਸੱਚਾਈ ਹੈ। ਇਹ ਦੁੱਖ ਸਾਡੀ ਤ੍ਰਿਸ਼ਨਾ ਦੇ ਪੂਰਣ ਤੌਰ ਤੇ

ਮਿਟ ਜਾਣ ਨਾਲ ਦੂਰ ਹੋ ਜਾਂਦਾ ਹੈ। ਇਸ ਤ੍ਰਿਸ਼ਨਾ ਦੀ ਰੋਕ ਦਾ ਅਰਥ ਆਪਣੀਆਂ ਸਾਰੀਆਂ ਵਾਸ਼ਨਾਵਾਂ ਤੇ ਭੁੱਖਾਂ ਦੀ ਰੋਕ, ਖ਼ਾਹਸ਼ਾਂ ਦਾ ਖ਼ਤਮ ਕਰਨਾ, ਤ੍ਰਿਸ਼ਨਾ ਤੋਂ ਮੁਕਤ ਹੋਣਾ ਤੇ ਇਸ ਤੋਂ ਛੁਟਕਾਰਾ ਪ੍ਰਾਪਤ ਕਰਨਾ ਹੈ। ਦੁੱਖ ਤੋਂ ਮੁਕਤ ਹੋਣ ਦਾ ਇਹੀ ਸਾਧਨ ਹੈ।

ਹੇ ਭਿਕਸ਼ੂ ਜਨੋ! ਦੁੱਖ ਦਾ ਅੰਤ ਕਰਨ ਦਾ ਉੱਤਮ ਰਸਤਾ ਇਹੀ ਹੈ ਕਿ ਅਸ਼ਟਾਂਗ ਮਾਰਗ ਅਥਵਾ ਠੀਕ ਵਿਚਾਰ, ਠੀਕ ਇਰਾਦਾ, ਠੀਕ ਕਥਨੀ, ਠੀਕ ਅਮਲ, ਠੀਕ ਨਿਰਬਾਹ, ਠੀਕ ਕੋਸ਼ਿਸ਼, ਠੀਕ ਧਿਆਨ ਤੇ ਠੀਕ ਸਮਾਧੀ ਦਾ ਧਾਰਨੀ ਹੋਇਆ ਜਾਏ। *(ਮਹਾਵੱਗ ਪੰਨਾ 13)*

56 ਪੰਜ ਉਪਦੇਸ਼ (ਜਾਂ ਪੰਚ ਸ਼ੀਲ)

ਪੰਚਸ਼ੀਲ

1. ਮੈਂ ਕਿਸੇ ਜੀਵ ਨੂੰ ਮਾਰਨ ਜਾਂ ਕੋਈ ਜ਼ਖ਼ਮ ਜਾਂ ਚੋਟ ਲਾਣ ਤੋਂ ਪ੍ਰਹੇਜ਼ ਕਰਨ ਦਾ ਇਕਰਾਰ ਕਰਦਾ ਹਾਂ।
2. ਮੈਂ ਉਸ ਵਸਤੂ ਨੂੰ ਸਵੀਕਾਰ ਕਰਨ ਤੋਂ ਨਾ ਕਰਨ ਦਾ ਇਕਰਾਰ ਕਰਦਾ ਹਾਂ ਜਿਹੜੀ ਮੈਨੂੰ ਆਪ ਨਾ ਦਿੱਤੀ ਗਈ ਹੋਵੇ।
3. ਮੈਂ ਲਿੰਗ ਬਦਫੈਲੀ ਤੋਂ ਪਰਹੇਜ ਕਰਨ ਦਾ ਇਕਰਾਰ ਕਰਦਾ ਹਾਂ।
4. ਮੈਂ ਝੂਠ ਬੋਲਣ ਤੋਂ ਪ੍ਰਹੇਜ ਕਰਨ ਦਾ ਇਕਰਾਰ ਕਰਦਾ ਹਾਂ।
5. ਮੈਂ ਨਸ਼ੇ ਵਾਲੀਆਂ ਤੇ ਉਨ੍ਹਾਂ ਹੋਰ ਚੀਜ਼ਾਂ ਤੋਂ ਪ੍ਰਹੇਜ ਕਰਨ ਦਾ ਇਕਰਾਰ ਕਰਦਾ ਹਾਂ ਜਿਨ੍ਹਾਂ ਦੇ ਪੀਣ ਨਾਲ ਆਲਸ ਤੇ ਸੁਸਤੀ ਪੈਦਾ ਹੁੰਦੀ ਹੈ। *(ਖੁੱਦਕਪਾਠ)*

57 ਹੇ ਭਿਕਸ਼ੂ ਲੋਕੋ! ਤੁਹਾਡੇ ਪਾਸ ਮਾਤਾ ਤੇ ਪਿਤਾ ਨਹੀਂ ਹਨ ਜਿਹੜੇ
ਰੋਗੀ ਦੀ ਸੇਵਾ ਤੁਹਾਡੀ ਸੇਵਾ ਕਰ ਸਕਣ। ਜੇ ਤੁਸੀ ਇਕ ਦੂਜੇ ਦੀ ਸੇਵਾ ਨਹੀਂ ਕਰੋਗੇ ਤਾਂ ਕੌਣ ਤੁਹਾਡੀ ਸੇਵਾ ਕਰੇਗਾ? ਭਿਕਸ਼ੂ ਲੋਕੋ! ਜੋ ਕੋਈ ਮੇਰੀ ਸੇਵਾ ਕਰਨਾ ਚਾਹੁੰਦਾ ਹੈ ਉਸ ਨੂੰ ਰੋਗੀਆਂ ਦੀ ਸੇਵਾ ਕਰਨੀ ਚਾਹੀਦੀ ਹੈ। *(ਮਹਾਵੱਗ ਪੰਨਾ 317)*

ਭਗਵਾਨ ਬੁੱਧ ਦਾ ਵਾਕ ਹੈ :

58 ਸਭ ਤੋਂ ਵੱਡੀ ਦਾਤ ਇਹ ਹੈ ਕਿ ਮਨੁੱਖ ਮੂਰਖਾਂ ਨਾਲ ਭਾਈਚਾਰਾ
ਕਲਿਆਣਕਾਰੀ ਨਾ ਪਾਏ ਅਤੇ ਸਿਆਣਿਆਂ ਨਾਲ ਮਿਲ ਬੈਠੇ ਤੇ ਉਨ੍ਹਾਂ ਦਾ ਸਤਿਕਾਰ ਕਰੇ ਜਿਹੜੇ ਸਤਿਕਾਰ ਦੇ ਯੋਗ ਹਨ।

ਦੂਸਰੀ ਸਭ ਤੋਂ ਵੱਡੀ ਅਸੀਸ ਇਹ ਹੈ ਕਿ ਕਿਸੇ ਚੰਗੀ ਆਬਾਦੀ ਵਿਚ ਬਸੇਰਾ ਕਰੇ, ਬੀਤੇ ਸਮੇਂ ਵਿਚ ਵੀ ਭਲਾ ਕੰਮ ਕਰਦਾ ਆਇਆ ਹੋਵੇ ਤੇ ਭਵਿੱਖ ਵਿਚ ਵੀ ਠੀਕ ਰਸਤੇ ਤੇ ਚਲ ਰਿਹਾ ਹੋਵੇ।

ਇਹ ਵੀ ਵੱਡੀ ਦਾਤ ਹੈ ਕਿ ਮਨੁੱਖ ਕੋਲ ਵਿਦਿਆ ਹੋਵੇ, ਹੱਥ ਦਾ ਕਸਬ ਹੋਵੇ, ਸ਼ਾਸਨ ਅਧੀਨ ਰਹਿਣ ਦੀ ਸਿਖਲਾਈ ਹੋਵੇ ਤੇ ਚੰਗੀ ਗੱਲ ਬਾਤ ਕਰਨੀ ਆਉਂਦੀ ਹੋਵੇ।

ਆਪਣੇ ਮਾਤਾ ਪਿਤਾ ਦੀ ਸੇਵਾ ਕਰਨਾ, ਆਪਣੀ ਇਸਤ੍ਰੀ ਤੇ ਬੱਚਿਆਂ ਨਾਲ ਪਿਆਰ ਕਰਨਾ ਤੇ ਅਮਨ-ਚੈਨ ਨਾਲ ਆਪਣੇ ਕੰਮ ਵਿਚ ਰੁੱਝੇ ਰਹਿਣਾ, ਇਹ ਵੀ ਉੱਤਮ ਦਾਤ ਹੈ।

ਖੁਲ੍ਹ-ਦਿਲੀ ਨਾਲ ਦੇਣਾ, ਸ਼ੁਭ ਤੇ ਨੇਕ ਕਰਮ ਕਰਨਾ, ਆਪਣੇ ਸੰਬੰਧੀਆਂ ਦੀ ਸਹਾਇਤਾ ਕਰਨਾ, ਤੇ ਆਪਣੇ ਕੰਮ ਬਾਰੇ ਕਿਸੇ ਨੂੰ ਸ਼ਕਾਇਤਾਂ ਨਾ ਹੋਣ ਦੇਣਾ; ਇਹ ਵੀ ਬੜੀ ਵੱਡੀ ਦਾਤ ਹੈ।

ਬਦੀ ਤੋਂ ਘਿਰਣਾ ਕਰਨਾ ਤੇ ਇਸ ਤੋਂ ਬਚਕੇ ਰਹਿਣਾ, ਨਸ਼ਿਆਂ ਤੋਂ ਬਚਣਾ ਤੇ ਲਗਾਤਾਰ ਨੇਕੀ ਕਰਨਾ, ਇਹ ਬੜੀ ਵੱਡੀ ਦਾਤ ਹੈ।

ਸਤਿਕਾਰ ਭਰਪੂਰ ਹੋਣਾ, ਨਮ੍ਰਤਾਈ, ਸੰਤੁਸ਼ਟਤਾ ਤੇ ਸ਼ੁਕਰਾਨੇ ਵਿਚ ਰਹਿੰਦੇ ਸਮੇਂ ਧਰਮ ਦੀ ਗੱਲ ਸੁਣਨਾ, ਇਹ ਵੀ ਬੜੀ ਵੱਡੀ ਦਾਤ ਹੈ।

ਸਬਰ ਵਿਚ ਰਹਿਣਾ, ਹੁਕਮ ਪਾਲਣਾ, ਸੰਤਾਂ ਦੀ ਸੰਗਤ ਕਰਨਾ ਤੇ ਸਮੇਂ ਸਮੇਂ ਧਾਰਮਿਕ ਗੋਸ਼ਟੀਆਂ ਕਰਨਾ, ਇਹ ਵੀ ਬੜੀ ਵੱਡੀ ਦਾਤ ਹੈ।

ਆਪਣੇ ਆਪ ਤੇ ਕਾਬੂ ਰੱਖਣਾ, ਧਾਰਮਿਕ ਤੇ ਬ੍ਰਹਮਚਾਰੀ ਜੀਵਨ ਜੀਊਣਾ, ਚਾਰ ਪਵਿੱਤ੍ਰ ਸਚਾਈਆਂ ਨੂੰ ਸਮਝਣਾ, ਤੇ ਨਿਰਵਾਣ ਪ੍ਰਾਪਤ ਕਰ ਲੈਣਾ, ਇਹ ਵੀ ਇਕ ਵੱਡੀ ਰੱਬੀ ਦਾਤ ਹੈ।

ਕਿਸਮਤ ਦੇ ਉਤਾਰ ਚੜ੍ਹਾ ਤੋਂ ਅਭਿਜ ਰਹਿਣਾ, ਸੋਗ ਤੋਂ ਰਹਿਤ ਹੋਣਾ, ਮਨ ਨੂੰ ਮਲੀਨਤਾ ਤੋਂ ਬਚਾ ਕੇ ਰੱਖਣਾ, ਡਰ ਤੋਂ ਮੁਕਤ ਹੋਣਾ, ਇਹ ਸਭ ਤੋਂ ਵੱਡੀ ਦਾਤ ਹੈ। ਜਿਹੜੇ ਲੋਕ ਇਸ ਤਰ੍ਹਾਂ ਰਹਿੰਦੇ ਹਨ ਉਹ ਸਦਾ ਅਜਿੱਤ ਹਨ, ਉਨ੍ਹਾਂ ਦੀ ਖ਼ੁਸ਼ੀ ਸਦੀਵੀ

ਹੈ। ਇਹੀ ਮਹਾਨ ਦਾਤਾਂ ਹਨ। *(ਮਹਾਮੰਗਲਸੂਤ੍ਰ)*

59 ਜਦੋਂ ਕੋਈ ਘਰ ਸੜ ਰਿਹਾ ਹੋਵੇ ਤਾਂ ਇਸ ਵਿਚੋਂ ਕੱਢ ਕੇ ਬਚਾ
ਦਾਨ ਤੇ ਸੰਜਮ ਲਿਆ ਸਾਮਾਨ ਕੰਮ ਆ ਜਾਏਗਾ। ਪਰੰਤੂ ਜੋ ਕੁੱਝ ਸੜਕੇ ਸੁਆਹ ਹੋ ਜਾਏਗਾ ਉਹ ਕਿਸੇ ਕੰਮ ਨਹੀਂ। ਇਸੇ ਤਰ੍ਹਾਂ ਇਸ ਸੰਸਾਰ ਵਿਚ ਜਿਸ ਨੂੰ ਉਮਰ ਤੇ ਮੌਤ ਦੀ ਢਾਹ ਲੱਗੀ ਹੋਈ ਹੈ, ਤੁਸੀਂ ਜੋ ਕੁੱਝ ਤੁਹਾਡਾ ਹੈ, ਆਪਣੀ ਉਦਾਰਤਾ ਤੇ ਫਰਾਖ-ਦਿਲੀ ਨਾਲ ਬਚਾ ਲਉ। ਜੋ ਕੁੱਝ ਤੁਸੀਂ ਉਦਾਰਤਾ ਸਹਿਤ ਦਾਨ ਦੇ ਦਿਉਗੇ ਉਹ ਤੁਹਾਡੇ ਲਈ ਬਚ ਰਹੇਗਾ ਤੇ ਸੁਰੱਖਿਅਤ ਹੋਵੇਗਾ। ਜਿਹੜਾ ਪੁਰਸ਼ ਮਨ, ਬਚਨ ਤੇ ਸਰੀਰ ਨੂੰ ਆਪਣੇ ਕਾਬੂ ਵਿਚ ਰੱਖਦਾ ਹੈ ਉਹ ਇਸ ਸੰਸਾਰ ਤੋਂ ਵਿਦਾ ਹੋ ਕੇ ਸੁੱਖ ਨੂੰ ਪ੍ਰਾਪਤ ਕਰਦਾ ਹੈ ਜੇਕਰ ਉਹ ਜੀਉਂਦਿਆਂ ਸ਼ੁਭ ਕੰਮ ਕਰਦਾ ਰਿਹਾ ਹੋਵੇ। *(ਅੰਗੁਤੱਰਨਿਕਾਯ 1, 143)*

60 ਹੇ ਭਿਕਸ਼ੂ ਲੋਕੋ! ਸੰਬੰਧੀਆਂ, ਧਨ ਦੌਲਤ ਤੇ ਪ੍ਰਸਿੱਧੀ ਦੀ ਹਾਨੀ
ਗਿਆਨ ਬੜੀ ਮਾਮੂਲੀ ਗੱਲ ਹੈ। ਪਰੰਤੂ ਗਿਆਨ ਦੀ ਹਾਨੀ ਸਭ ਤੋਂ ਵੱਡਾ ਨੁਕਸਾਨ ਹੈ।

ਹੇ ਭਿਕਸ਼ੂ ਲੋਕੋ! ਸੰਬੰਧੀਆਂ, ਧਨ, ਦੌਲਤ ਤੇ ਪ੍ਰਸਿਧੀ ਵਿਚ ਵਾਧਾ ਹੋਣਾ ਬੜੀ ਮਾਮੂਲੀ ਚੀਜ਼ ਹੈ, ਪਰੰਤੂ ਸਿਆਣਪ ਵਿਚ ਵਾਧਾ ਸਭ ਤੋਂ ਵੱਡਾ ਲਾਭ ਹੈ।

ਇਸ ਲਈ ਹੇ ਭਿਕਸ਼ੂ ਲੋਕੋ! ਤੁਸੀਂ ਆਪ ਇਹ ਸਿਖਿਆ ਪ੍ਰਾਪਤ ਕਰੋ ਕਿ ਸਾਡੀ ਪ੍ਰਫੁਲਤਾ ਸਾਡੇ ਗਿਆਨ ਦੇ ਵਾਧੇ ਵਿਚ ਹੈ।

(ਅੰਗੁਤੱਰਨਿਕਾਯ, 1, 14)

61 ਹੇ ਭਿਕਸ਼ੂ ਲੋਕੋ! ਕੋਈ ਮਨੁੱਖ ਦੋ ਪੁਰਸ਼ਾਂ ਦਾ ਕਰਜ਼ਾ ਕਦੇ ਵੀ ਨਹੀਂ
ਮਾਤਾ ਪਿਤਾ ਦੀ ਸੇਵਾ ਉਤਾਰ ਸਕਦਾ। ਉਹ ਦੋ ਕੌਣ ਹਨ? ਮਾਤਾ ਤੇ ਪਿਤਾ।
ਜੇਕਰ ਕੋਈ ਆਪਣੀ ਮਾਤਾ ਨੂੰ ਆਪਣੇ ਇਕ ਮੋਢੇ ਤੇ, ਤੇ ਪਿਤਾ ਨੂੰ ਦੂਜੇ ਮੋਢੇ ਤੇ ਚੁੱਕ ਕੇ ਫਿਰੇ, ਤੇ ਅਜਿਹਾ ਕਰਦਾ ਸੌ ਸਾਲ ਤਕ ਜੀਉਂਦਾ ਰਹੇ ਫਿਰ ਆਪਣੇ ਮਾਤਾ ਪਿਤਾ ਦੀ ਸੇਵਾ ਕਰਦਿਆਂ ਉਨ੍ਹਾਂ ਨੂੰ ਸੁਗੰਧੀਆਂ ਦੀ ਮਾਲਸ਼ ਕਰੇ ਤੇ ਉਨ੍ਹਾਂ ਦੇ ਹੱਥ ਪੈਰ ਘੁੱਟੇ, ਦਬਾਏ ਤੇ ਅਜਿਹਾ ਕਰਦਿਆਂ ਉਸ ਦੇ ਮਾਪੇ ਉਸ ਉੱਪਰ ਟੱਟੀ ਪਿਸ਼ਾਬ ਵੀ ਕਰ ਦੇਣ, ਫਿਰ ਵੀ ਉਹ ਆਪਣੇ ਮਾਪਿਆਂ ਦੀ ਸੇਵਾ ਦਾ ਬਦਲਾ ਨਹੀਂ ਦੇ ਸਕੇਗਾ। ਜੇਕਰ ਉਹ ਆਪਣੇ ਮਾਪਿਆਂ ਨੂੰ

ਸੰਸਾਰ ਦਾ ਰਾਜਾ ਬਣਾ ਦੇਵੇ ਤੇ ਸੱਤ ਖਜ਼ਾਨੇ ਭਰਪੂਰ ਕਰਕੇ ਉਨ੍ਹਾਂ ਦੇ ਨਾਂ ਲਾ ਦੇਵੇ ਤਦ ਵੀ ਉਹ ਆਪਣੇ ਮਾਪਿਆਂ ਦੀ ਦੇਣ ਨਹੀਂ ਦੇ ਸਕਦਾ। ਇਸ ਦਾ ਕਾਰਣ ਕੀ ਹੈ? ਮਾਪੇ ਆਪਣੇ ਬੱਚਿਆਂ ਲਈ ਬਹੁਤ ਕੁੱਝ ਕਰਦੇ ਹਨ। ਉਹ ਉਨ੍ਹਾਂ ਨੂੰ ਪਾਲਦੇ ਹਨ, ਰੋਟੀ ਦਿੰਦੇ ਹਨ ਤੇ ਇਸ ਸੰਸਾਰ ਵਿਚ ਉਨ੍ਹਾਂ ਦਾ ਪਥ-ਪਰਦਰਸ਼ਨ ਕਰਦੇ ਹਨ।

ਪਰੰਤੂ ਉਹ ਪੁੱਤਰ ਜਿਹੜਾ ਆਪਣੇ ਅਧਰਮੀ (ਧਰਮ ਤੋਂ ਮੁਨਕਰ) ਮਾਤਾ ਪਿਤਾ ਦਾ ਪ੍ਰੇਰਨਾ ਰਾਹੀਂ ਧਰਮ ਵਿਚ ਪ੍ਰਵੇਸ਼ ਕਰਾ ਦੇਵੇ, ਤੇ ਉਹ ਪੁੱਤਰ ਜਿਹੜਾ ਆਪਣੇ ਆਚਰਣਹੀਣ ਮਾਪਿਆਂ ਨੂੰ ਸਦਾਚਾਰਕ ਜੀਵਨ ਵਿਚ ਪੱਕਾ ਕਰ ਦੇਵੇ, ਜਾਂ ਉਹ ਜਿਹੜਾ ਆਪਣੇ ਕੰਜੂਸ ਮਾਪਿਆਂ ਨੂੰ ਦਾਨੀ ਤੇ ਉਦਾਰਚਿਤ ਬਣਾ ਦੇਵੇ, ਜਾਂ ਫਿਰ ਉਹ ਪੁੱਤਰ ਜਿਹੜਾ ਆਪਣੇ ਨਾਦਾਨ ਤੇ ਗਿਆਨ-ਹੀਨ ਮਾਪਿਆਂ ਨੂੰ ਗਿਆਨ ਤੇ ਸਿਆਣਪ ਦੇ ਰਸਤੇ ਪਾਏ, ਹੇ ਭਿਕਸ਼ੂ ਲੋਕੋ! ਉਸ ਪੁੱਤਰ ਨੇ ਆਪਣੇ ਮਾਪਿਆਂ ਲਈ ਬਹੁਤ ਕੁੱਝ ਕਰ ਦਿੱਤਾ ਹੈ, ਉਸ ਨੇ ਉਨ੍ਹਾਂ ਦਾ ਕਰਜ਼ਾ ਲਾਹ ਕੇ ਉਨ੍ਹਾਂ ਨੂੰ ਉਸ ਤੋਂ ਕੁੱਝ ਵਧੀਕ ਵੀ ਦੇ ਦਿੱਤਾ ਹੈ। *(ਅੰਗੁਤੱਰਨਿਕਾਯ 1, 59)*

62 *ਇੱਛਾ ਦਾ ਤਿਆਗ*

ਜਿਥੇ ਕਿਧਰੇ ਵੀ ਲੋਕਾਂ ਵਿਚ ਝਗੜੇ ਪੈਦਾ ਹੁੰਦੇ ਹਨ, ਉਨ੍ਹਾਂ ਦਾ ਕਾਰਣ ਕੇਵਲ ਕਬਜ਼ਾ ਕਰਨ ਦੀ ਭਾਵਨਾ ਹੁੰਦੀ ਹੈ। ਇਸ ਲਈ ਇਕ ਮਨੁੱਖ ਨੂੰ ਉਹ ਥਾਂ ਤਿਆਗ ਦੇਣਾ ਚਾਹੀਦਾ ਹੈ, ਜਿਥੇ ਖਾਹਸ਼ ਜਾਂ ਇੱਛਾ ਪੈਦਾ ਹੁੰਦੀ ਹੈ। ਸੰਸਾਰ ਉਸ ਮਨੁੱਖ ਦੀ ਚਰਨੀ ਪੈਂਦਾ ਹੈ ਜਿਸ ਨੇ ਆਪਣੀ ਕਾਮਨਾ ਨੂੰ ਤਿਆਗ ਦਿੱਤਾ ਹੈ।

(ਅਨੰਤਮੁੱਖਨਿਰਹਾਰਧਾਰਣੀ ਹਵਾਲਾ ਸਿਕਸ਼ਾ ਸਮੁਚਯਾ, 14)

63 *ਆਤਮ ਸੰਜਮ*

ਮੈਂ ਕਿਤਨੇ ਦੁਸ਼ਟਾਂ ਨੂੰ ਮਾਰ ਮੁਕਾ ਸਕਦਾ ਹਾਂ? ਉਹ ਤੇ ਅਕਾਸ਼ ਵਾਂਗ ਅਮਿਤ ਹਨ। ਪਰੰਤੂ ਜਦੋਂ ਕਰੋਧ ਦੀ ਭਾਵਨਾ ਨੂੰ ਹੀ ਮਾਰ ਦਿੱਤਾ ਤਾਂ ਮੇਰੇ ਸਾਰੇ ਦੁਸ਼ਮਨ ਹੀ ਮਾਰੇ ਗਏ ਹਨ। ਸਾਰੀ ਧਰਤੀ ਨੂੰ ਢਕਣ ਲਈ ਚਮੜਾ ਲੱਭਣਾ ਤਾਂ ਅਸੰਭਵ ਹੈ (ਕੰਡਿਆਂ ਤੇ ਤੇਜ਼ ਪੱਥਰਾਂ ਦੇ ਪੈਰਾ ਵਿਚ ਚੁੱਭਣ ਤੋਂ ਬਚਣ ਲਈ), ਪਰੰਤੂ ਆਪਣੇ ਪੈਰਾਂ ਤੇ ਇਕੱਲੀ ਚਮੜੇ ਦੀ ਜੁੱਤੀ ਪਾ ਲੈਣ ਨਾਲ ਸਾਰੀ ਧਰਤੀ ਹੀ ਜਿਵੇਂ ਢਕੀ ਜਾਂਦੀ ਹੈ। ਇਸੇ ਤਰ੍ਹਾਂ ਮੈਂ ਆਪਣੇ ਤੋਂ ਬਾਹਰਲੀਆਂ

ਸ਼ਕਤੀਆਂ ਨੂੰ ਤਾਂ ਕਾਬੂ ਨਹੀਂ ਕਰ ਸਕਦਾ ਪਰ ਮੈਂ ਆਪਣੇ ਅੰਦਰ ਦੀ ਸ਼ਕਤੀ ਨੂੰ ਆਪਣੇ ਕਾਬੂ ਵਿਚ ਕਰ ਸਕਦਾ ਹਾਂ। ਫਿਰ ਮੈਨੂੰ ਬਾਹਰਲੀਆਂ ਸ਼ਕਤੀਆਂ ਨੂੰ ਆਪਣੇ ਕਾਬੂ ਵਿਚ ਕਰਨ ਦੀ ਲੋੜ ਹੀ ਨਹੀਂ ਰਹਿੰਦੀ। *(ਬੋਧਚਰਯਅਵਤਾਰ, 12-14)*

64 **ਉਪਦੇਸ਼** ਮਨੁੱਖਤਾ ਲਈ ਮੂਲ ਤੇ ਬੁਨਿਆਦੀ ਅਸੂਲ ਹੈ ਝਗੜਾ ਨਾ ਕਰਨਾ। ਲੜ ਝਗੜ ਕੇ ਪ੍ਰਾਪਤ ਕੀਤੀ ਦੌਲਤ ਨੂੰ ਤੁਸੀਂ ਕੀ ਕਰੋਗੇ? ਅਭਿਮਾਨ, ਹੰਕਾਰ ਨਾਲ ਤੇ ਨੇਕੀ ਨੂੰ ਦਬਾ ਕੇ ਪ੍ਰਾਪਤ ਕੀਤੀ ਦੌਲਤ ਤੇ ਜ਼ਿੰਦਗੀ ਤੁਹਾਡਾ ਕੀ ਸਵਾਰੇਗੀ? ਖਾਣ, ਪੀਣ, ਸੌਣ ਬਹਿਣ ਤੇ ਭੋਗ ਬਿਲਾਸ ਵਿਚ ਮਨੁੱਖ ਤੇ ਪਸ਼ੂ ਇਕ ਸਮਾਨ ਹਨ। ਜੇ ਧਰਮ ਦੀ ਸੂਝ ਨਹੀਂ ਹੈ ਤਾਂ ਕੀ ਮਨੁੱਖ ਤੇ ਪਸ਼ੂ ਦਾ ਪੱਧਰ ਇਕ ਨਹੀਂ? ਭਾਵੇਂ ਕੋਈ ਮਨੁੱਖ ਅਨੇਕ ਪੁਸਤਕਾਂ ਦਾ ਪਾਠੀ ਹੋਵੇ ਪਰੰਤੂ ਜੇਕਰ ਆਪਣੇ ਗਿਆਨ ਦੀ ਉਹ ਵਰਤੋਂ ਨਹੀਂ ਕਰਦਾ ਤਾਂ ਉਹ ਉਸ ਅੰਨ੍ਹੇ ਪੁਰਸ਼ ਦੀ ਤਰ੍ਹਾਂ ਹੈ ਜਿਹੜਾ ਹੱਥ ਵਿਚ ਲੈਂਪ ਹੁੰਦਿਆਂ ਵੀ ਸੜਕ ਨਹੀਂ ਦੇਖ ਸਕਦਾ। ਤੁਸੀਂ ਸਾਰੇ ਇਸ ਇਖਲਾਕੀ ਸਿਖਿਆ ਨੂੰ ਸੁਣ ਲਉ ਤੇ ਸੁਣ ਕੇ ਇਸ ਨੂੰ ਯਾਦ ਰੱਖੋ, ਜੋ ਵਰਤਾਰਾ ਤੁਹਾਡੇ ਲਈ ਖ਼ੁਸ਼ੀ ਦਾ ਕਾਰਣ ਨਹੀਂ, ਉਹ ਤੁਸੀਂ ਦੂਸਰਿਆਂ ਨਾਲ ਵੀ ਨਾ ਕਰੋ। *(ਪ੍ਰਗਯਾਦੰਡ)*

65 **ਬੋਧੀਚਿਤ** ਇਕ ਸਿਆਣਾ ਪੁਰਸ਼ ਗਿਆਨ ਪ੍ਰਾਪਤੀ ਦੇ ਆਸੇ ਦੀ ਪਾਲਣਾ ਬੜੀ ਮਿਹਨਤ ਨਾਲ ਜੀ ਲਾ ਕੇ ਕਰੇਗਾ। ਪਹਿਲਾਂ ਉਹ ਇਸ ਖ਼ਿਆਲ ਨੂੰ ਸੱਚੇ ਦਿਲੋਂ ਆਪਣੇ ਮਨ ਵਿਚ ਵਸਾਏਗਾ ਕਿ ਸੰਸਾਰ ਵਿਚ ਉਸ ਦੇ ਸਾਥੀ ਹੋਰ ਜੀਵ ਵੀ ਉਸ ਦੇ ਵਾਂਗ ਹੀ ਹਨ। ਸਾਰਿਆਂ ਨੂੰ ਉਸੇ ਤਰ੍ਹਾਂ ਹਰਖ ਤੇ ਸੋਗ ਹੁੰਦਾ ਹੈ ਇਸ ਲਈ ਉਸ ਦਾ ਇਹ ਫਰਜ਼ ਹੈ ਕਿ ਹੋਰਨਾਂ ਮਨੁੱਖਾਂ ਦੀ ਰਖਿਆ ਕਰੇ। ਜਿਸ ਤਰ੍ਹਾਂ ਸਰੀਰ ਦੀ ਸਮੁਚੇ ਤੌਰ ਤੇ ਸੰਭਾਲ ਹੋਣੀ ਚਾਹੀਦੀ ਹੈ, ਇਸੇ ਤਰ੍ਹਾਂ ਇਸ ਅਨੇਕ ਪੱਖੀ ਸੰਸਾਰ ਦੇ ਜੀਵਾਂ ਦੇ ਦੁੱਖ ਤੇ ਸੁੱਖ ਸਾਂਝੇ ਹਨ। ਭਾਵੇਂ ਮੇਰਾ ਦੁੱਖ ਦੂਜੇ ਸਰੀਰਾਂ ਨੂੰ ਕੋਈ ਦਰਦ ਵੀ ਨਾ ਦੇਂਦਾ ਹੋਵੇ, ਫਿਰ ਵੀ ਇਹ ਮੇਰੇ ਲਈ ਤਾਂ ਬੜਾ ਦਰਦ ਹੈ ਤੇ ਮੈਂ ਇਸ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਕਿਉਂਕਿ ਮੈਂ ਆਪਣੇ ਆਪ ਨਾਲ ਪਿਆਰ ਕਰਦਾ ਹਾਂ। ਇਸੇ ਤਰ੍ਹਾਂ ਭਾਵੇਂ ਮੈਂ ਕਿਸੇ ਹੋਰ ਦੇ ਦੁੱਖ ਨੂੰ

ਆਪਣੇ ਸਰੀਰ ਵਿਚ ਅਨੁਭਵ ਨਹੀਂ ਕਰ ਸਕਦਾ ਪਰ ਉਸ ਨੂੰ ਦੁੱਖ ਤੇ ਹੈ ਜਿਹੜਾ ਉਹ ਬਰਦਾਸ਼ਤ ਨਹੀਂ ਕਰ ਸਕਦਾ ਕਿਉਂਕਿ ਉਹ ਆਪੇ ਨੂੰ ਪਿਆਰ ਕਰਦਾ ਹੈ। ਮੇਰਾ ਫ਼ਰਜ਼ ਹੈ ਕਿ ਮੈਂ ਦੂਜਿਆਂ ਦਾ ਦੁੱਖ ਵੀ ਉਸੇ ਤਰ੍ਹਾਂ ਦੂਰ ਕਰਾਂ ਜਿਵੇਂ ਇਹ ਮੇਰਾ ਆਪਣਾ ਦੁੱਖ ਹੈ, ਕਿਉਂਕਿ ਦੁੱਖ ਦੁੱਖ ਹੀ ਹੈ। ਮੇਰਾ ਫ਼ਰਜ਼ ਹੈ ਕਿ ਮੈਂ ਦੂਜਿਆਂ ਨਾਲ ਮਿਹਰਬਾਨੀ ਭਰਿਆ ਵਰਤਾ ਕਰਾਂ ਕਿਉਂਕਿ ਉਹ ਵੀ ਮੇਰੇ ਵਰਗੇ ਮਨੁੱਖ ਹਨ। ਜਦੋਂ ਖ਼ੁਸ਼ੀ ਦੂਜਿਆਂ ਲਈ ਵੀ ਉਸੇ ਤਰ੍ਹਾਂ ਦੀ ਖ਼ੁਸ਼ੀ ਹੈ ਜਿਸ ਤਰ੍ਹਾਂ ਮੇਰੇ ਲਈ ਤਾਂ ਫਿਰ ਮੇਰੇ ਆਪਣੇ ਵਿਚ ਕੀ ਵਾਧਾ ਜਾਂ ਵਿਸ਼ੇਸ਼ਤਾ ਹੈ ਕਿ ਮੈਂ ਕੇਵਲ ਆਪਣੀ ਖ਼ੁਸ਼ੀ ਲਈ ਉਪਰਾਲਾ ਕਰਾਂ?

(ਬੋਧਚਰਯਅਵਤਾਰ, V, 90-95)

ਨੋਟਸ ਤੇ ਟਿੱਪਣੀਆਂ

ਬੁੱਧ : ਇਹ ਸਾਕੀ ਮੁਨੀ ਗੌਤਮ ਦਾ ਉਪਨਾਮ ਤਥਾ ਗੁਣਵਾਚਕ ਵਿਸ਼ੇਸ਼ਣ ਹੈ। ਇਸ ਦਾ ਅਰਥ ਹੈ ਉਹ ਜਿਸ ਨੇ ਆਤਮ ਸੱਚਾਈ ਨੂੰ ਪ੍ਰਾਪਤ ਕਰ ਲਿਆ ਹੋਵੇ। ਇਕ ਅਜਿਹਾ ਪੁਰਸ਼ ਜੋ ਮੁਕਤ ਹੋ ਗਿਆ ਹੋਵੇ ਜੋ ਤ੍ਰਿਕਾਲੀ ਦਰਸ਼ੀ ਤੇ ਸਰਬ ਗਿਆਤਾ ਹੋਵੇ। ਤਥਾਗਤ, ਆਰਹਤ, ਭਾਗਵਤਾ, ਗੁਰੂ, ਭਗਵਾਨ, ਧਰਮ, ਕਾਯ ਇਹ ਵੀ ਬੁੱਧ ਦੇ ਹੀ ਹੋਰ ਨਾਂ ਹਨ। ਬੁੱਧ ਮਤ ਦੇ ਅਨੁਯਾਈ ਮਹਾਤਮਾ ਬੁੱਧ ਦੀ ਬਹੁਲਤਾ ਵਿਚ ਵਿਸ਼ਵਾਸ ਰੱਖਦੇ ਹਨ।

ਸੰਯੁੱਤਨਿਕਾਯ : ਸੰਸਕ੍ਰਿਤ ਵਿਚ ਇਸ ਨੂੰ ਸੰਯੁਤ ਅਗਾਮਾ ਕਹਿੰਦੇ ਹਨ ਤੇ ਇਹ ਸੁਤਪਿਟਕ ਵਿਚ ਸੰਗ੍ਰਹਿ ਕੀਤੇ ਪੰਜ ਨਿਕਾਯਾਂ ਵਿਚੋਂ ਇਕ ਹੈ। ਆਰੰਭ ਸਮੇਂ ਦੇ ਬੋਧ ਧਰਮ ਗ੍ਰੰਥਾਂ ਨੂੰ ਤ੍ਰਿਪਿਟਕ ਵਿਚ ਇਕੱਠਾ ਕੀਤਾ ਗਿਆ ਹੈ। ਜਿਸ ਦਾ ਅਰਥ ਹੈ ਤਿੰਨ ਪਿਟਾਰੇ। ਪਿਟਕ ਦਾ ਅਰਥ ਹੈ ਪੁਸਤਕ ਜਾਂ ਸੰਗ੍ਰਹਿ। ਇਹ ਤਿੰਨ ਪਿਟਕ ਹਨ : ਵਿਨਯਪਿਟਕ (ਸ਼ਾਸਨ ਸੰਬੰਧੀ ਨਿਯਮਾਂ ਉਪਦੇਸ਼ਾਂ ਦਾ ਸੰਗ੍ਰਹਿ), ਸੁਤ੍ਰਪਿਟਕ (ਬੁੱਧ ਦੀਆਂ ਧਾਰਮਿਕ ਸਿਖਿਆਵਾਂ ਦਾ ਸੰਗ੍ਰਹਿ) ਤੇ ਅਭਿਧਾਮਾ-ਪਿਟਕ (ਧਰਮ ਸੰਬੰਧੀ ਸਿਧਾਂਤਾਂ ਦੀ ਵਿਆਖਿਆ)।

ਸੁੱਤਾ ਦਾ ਅਰਥ ਹੈ ਸੂਤਰ ਜਾਂ ਉਹ ਜਿਸ ਵਿਚ ਬੁੱਧ ਦੀ ਸਿਖਿਆ ਦਰਜ ਹੋਵੇ। ਸੁਤਪਿਟਕ ਵਿਚ ਪੰਜ ਨਿਕਾਯ ਜਾਂ ਪੁਸਤਕਾਂ ਹਨ : (1) ਦੀਘਨਿਕਾਯ (2) ਮਝਿੱਮਨਿਕਾਯ (3) ਸੰਯੁੱਤਨਿਕਾਯ (4) ਅੰਗੁੱਤਰਾਨਿਕਾਯ ਤੇ (5) ਖੁਦਕਨਿਕਾਯ। ਹਰ ਇਕ ਨਿਕਾਯ ਵਿਚ ਬੁੱਧ ਦੀ ਬਾਣੀ; ਕਵਿਤਾ ਜਾਂ ਵਾਰਤਕ ਦੇ ਰੂਪ ਵਿਚ ਦਰਜ ਹੈ।

ਧਰਮ : ਪਾਲੀ ਭਾਸ਼ਾ ਵਿਚ ਇਸ ਦੇ ਕਈ ਅਰਥ ਹਨ। ਅਸੀਂ ਇਨ੍ਹਾਂ ਵਿਚੋਂ ਹੇਠ ਲਿਖੇ ਜ਼ਰੂਰੀ ਅਰਥ ਨੋਟ ਕਰ ਸਕਦੇ ਹਾਂ :

1. ਧਰਮ ਦਾ ਅਰਥ ਹੈ ਬੁੱਧ ਦੀ ਸਿੱਖਿਆ, ਧਾਰਮਿਕ ਤੇ ਸਦਾਚਾਰਕ ਨਿਯਮ;
2. ਧਰਮ ਦਾ ਅਰਥ ਹੈ ਸਦਾਚਾਰਕ ਕਾਨੂੰਨ ਤੇ ਇਸ ਸੰਸਾਰ ਦਾ ਸਦੀਵੀ ਕਾਨੂੰਨ;
3. ਕਿਸੇ ਵਸਤੂ ਜਾਂ ਘਟਨਾ ਦਾ ਸੁਭਾਵ ਜਾਂ ਰੂਪ,
4. ਕਿਸੇ ਚੀਜ਼ ਦੀ ਕਿਸਮ ਜਾਂ ਉਸ ਦੇ ਗੁਣ;
5. ਕੋਈ ਵਸਤੂ ਜਾਂ ਤੱਤ, ਸਥੂਲ ਜਾਂ ਪਦਾਰਥਕ ਹੋਵੇ ਜਾਂ ਮਾਨਸਿਕ ਤਥਾ ਦਿਮਾਗ਼ੀ ਰੂਪ ਵਿਚ;
6. ਧਰਮ ਦਾ ਅਰਥ ਹੈ ਅੰਤਿਮ ਸੱਚਾਈ, ਨਿਰਵਾਣ।

ਇਸ ਅਰਥ ਅਨੁਸਾਰ ਇਹ ਬੁੱਧ ਮਤ ਦੇ ਅਨੁਕੂਲ ਹੈ। ਇਹ ਧਰਮ ਕਾਲ ਰਹਿਤ ਹੈ ਤੇ ਬਦਲਿਆ ਨਹੀਂ ਜਾ ਸਕਦਾ।

ਨਿਰਵਾਣ : ਇਸ ਸ਼ਬਦ ਦਾ ਅਰਥ ਹੈ ਸ਼ਾਂਤੀ, ਆਨੰਦ ਤੇ ਮੁਕਤੀ। ਇਸ ਦਾ ਅਰਥ ਉੱਚਤਮ ਸਿਆਣਪ ਤੇ ਪੂਰਣ ਗਿਆਨ ਵੀ ਹੈ। ਇਕ ਪੁਰਸ਼ ਨਿਰਵਾਣ ਪ੍ਰਾਪਤ ਕਰ ਕੇ ਬੁੱਧ ਬਣ ਜਾਂਦਾ ਹੈ। ਇਹ ਸਦੀਵੀ, ਸੀਮਾ ਰਹਿਤ ਤੇ ਕਾਲ ਰਹਿਤ ਹੈ ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ।

ਧੰਮਪਦ : ਪਾਲੀ ਭਾਸ਼ਾ ਵਿਚ ਇਕ ਗ੍ਰੰਥ ਦਾ ਨਾ ਹੈ ਜਿਹੜਾ ਕਿ ਸੁਤਪਿਟਕ ਦੇ ਖੁਦਕਨਕਾਯ ਦਾ ਇਕ ਭਾਗ ਹੈ। ਦੱਖਣੀ ਏਸ਼ੀਆ ਦੇ ਬੁੱਧ ਲੋਕ ਧੰਮਪਦ ਦਾ ਉਸੇ ਤਰ੍ਹਾਂ ਪਾਠ ਕਰਦੇ ਹਨ ਜਿਸ ਤਰ੍ਹਾਂ ਸਿੱਖ ਲੋਕ ਜਪੁਜੀ ਦਾ ਤੇ ਹਿੰਦੂ ਗੀਤਾ ਦਾ।

ਤਥਾਗਤ : ਬੁੱਧ ਦਾ ਇਕ ਨਾਂ ਹੈ। ਇਸ ਦਾ ਅਰਥ ਹੈ "ਇਸ ਤਰ੍ਹਾਂ ਚਲਾ ਗਿਆ।" ਇਸ ਦਾ ਦੂਜਾ ਅਰਥ ਹੈ "ਇਸ ਤਰ੍ਹਾਂ ਆਇਆ" ਜਾਂ ਨਿਰਵਾਣ ਤਕ ਪਹੁੰਚ ਗਿਆ।

ਮਹਾਵੱਗ : ਪਾਲੀ ਭਾਸ਼ਾ ਵਿਚ ਇਕ ਧਰਮ ਗ੍ਰੰਥ ਦਾ ਨਾਂ ਹੈ, ਇਹ ਵਿਨਯਪਿਟਕ ਦਾ ਇਕ ਭਾਗ ਹੈ। ਇਸ ਦਾ ਵਿਸ਼ਾ ਹੈ, ਭਿਕਸ਼ੂ ਤੇ ਭਿਕਸ਼ਣੀਆਂ ਦੇ ਜੀਵਨ ਦੇ ਨਿਯਮ।

ਦੀਘਨਿਕਾਯ : ਪਾਲੀ ਭਾਸ਼ਾ ਵਿਚ ਇਕ ਧਰਮ ਗ੍ਰੰਥ ਦਾ ਨਾ ਹੈ। ਇਹ ਸੁਤਪਿਟਾਕ ਦਾ ਪਹਿਲਾ ਗ੍ਰੰਥ ਹੈ। ਸੰਸਕ੍ਰਿਤ ਭਾਸ਼ਾ ਵਿਚ ਇਸ ਨੂੰ ਦੀਰਘ ਆਗਮ

ਕਹਿੰਦੇ ਹਨ।

ਮੱਝਿਮਨਿਕਾਯ : ਪਾਲੀ ਧਰਮ ਗ੍ਰੰਥ ਦਾ ਨਾਂ ਹੈ। ਇਹ ਸੁਤਪਿਟਾਕ ਦਾ ਇਕ ਹਿੱਸਾ ਹੈ। ਇਸ ਦਾ ਸੰਸਕ੍ਰਿਤ ਨਾਂ 'ਮਧਯਮ ਆਗਮੇ' ਹੈ।

ਪ੍ਰਤੀਤਯਸਮੂਹਪਾਦ : ਇਹ ਬੋਧ-ਦਰਸ਼ਨ (ਧਰਮ) ਦਾ ਖ਼ਾਸ ਸ਼ਬਦ ਹੈ। ਇਸ ਦਾ ਅਰਥ ਹੈ 'ਨਿਰਭਰ ਉਪਜ'। ਇਹ ਕਾਰਜ ਕਾਰਣ ਦਾ ਨਿਯਮ ਹੈ ਜਿਸ ਦੇ ਰਾਹੀਂ ਭਗਵਾਨ ਬੁੱਧ ਨੇ ਦੁੱਖ ਦੀ ਉਤਪੱਤੀ ਦਾ ਕਾਰਣ ਦੱਸਿਆ ਹੈ। ਕਾਰਜ ਕਾਰਣ ਦੇ ਇਸ ਨਿਯਮ ਵਿਚ ਬਾਰਾਂ ਕੜੀਆਂ ਹਨ। ਉਹ ਹਨ :

1. ਅਵਿਦਿਆ 2. ਸੰਸਕਾਰ 3. ਵਿਗਯਨ 4. ਨਾਮਰੂਪ 5. ਸ਼ੜਾਯਤਨ 6. ਸਪਰਸ਼ 7. ਵੇਦਨਾ 8. ਤਨਹਾ (ਤਰਿਸ਼ਨਾ) 9. ਉਪਾਦਾਨ 10. ਭਵ 11. ਜਾਤੀ (ਜਨਮ) 12. ਜਰਾਮਰਣ (ਦੁੱਖ)।

ਉਦਾਨ : ਇਹ ਇਕ ਪਾਲੀ ਭਾਸ਼ਾ ਦੇ ਗ੍ਰੰਥ ਦਾ ਨਾਂ ਹੈ, ਇਸ ਦਾ ਅਰਥ ਹੈ 'ਅਰਥ ਭਰਪੂਰ ਵਾਕ,' ਬੁੱਧਬਾਣੀ ਦੀ ਇਕ ਸਾਹਿੱਤਕ ਸ਼੍ਰੇਣੀ।

ਮਧਯਮਕਸ਼ਾਸਤ੍ਰ : ਆਚਾਰੀਆ ਨਾਗਾਰੰਜਨ (100 ਈ.) ਦੇ ਸਭ ਤੋ ਪ੍ਰਸਿੱਧ ਤੇ ਉੱਤਮ ਗ੍ਰੰਥ ਦਾ ਨਾਂ ਹੈ, ਇਹ ਸੰਸਕ੍ਰਿਤ ਭਾਸ਼ਾ ਵਿਚ ਹੈ। ਬੁੱਧ ਦੀ ਸਿੱਖਿਆ ਨੂੰ ਮਧਯਮ ਮਾਰਗ ਕਿਹਾ ਗਿਆ ਹੈ। ਇਸ ਗ੍ਰੰਥ ਵਿਚ ਮਧਯਮ ਮਾਰਗ ਦੀ ਦ੍ਰਿਸ਼ਟੀ ਤੋਂ ਬਹੁਤ ਸਾਰੇ ਮਤਾਂ ਦਾ ਖੰਡਨ ਕੀਤਾ ਗਿਆ ਹੈ।

ਲੰਕਾਵਤਾਰਸੂਤ੍ਰ : ਮਹਾਯਾਨੀ ਬੁੱਧ ਧਰਮ ਦਾ ਇਕ ਪਵਿੱਤਰ ਗ੍ਰੰਥ ਹੈ। ਇਹ ਸੰਸਕ੍ਰਿਤ ਭਾਸ਼ਾ ਵਿਚ ਹੈ। ਚੀਨ ਤੇ ਜਾਪਾਨ ਦੇ ਬੋਧੀਆਂ ਦਾ ਇਹ ਮੁਖ ਧਰਮ ਗ੍ਰੰਥ ਹੈ।

ਸੁਤਨਿਪਾਤ : ਪਾਲੀ ਭਾਸ਼ਾ ਵਿਚ ਇਕ ਧਰਮ ਗ੍ਰੰਥ ਦਾ ਨਾਂ ਹੈ ਜਿਹੜਾ ਕਿ ਸੁਤ ਪਿਟਕ ਦੀ ਖੁਦਕ ਦਾ ਭਾਗ ਹੈ।

ਇਤਿਉਤੱਕ : ਖੁਦਕਨਿਕਾਯ ਦੇ ਇਕ ਗ੍ਰੰਥ ਦਾ ਨਾਂ ਹੈ। ਇਹ ਵੀ ਪਾਲੀ ਭਾਸ਼ਾ ਵਿਚ ਹੈ।

ਸੁਵਰਣਭਾਸੋਤਮਸੂਤ੍ਰ : ਇਹ ਸੰਸਕ੍ਰਿਤ ਭਾਸ਼ਾ ਵਿਚ ਮਹਾਯਾਨ ਬੁੱਧ ਧਰਮ ਦੇ ਇਕ ਗ੍ਰੰਥ ਦਾ ਨਾਂ ਹੈ।

ਸਹਰਿਦ ਲੇਖ : ਇਹ ਆਚਾਰੀਆ ਨਾਗਾਰਜਨ ਦਾ ਲਿਖਿਆ ਇਕ ਗ੍ਰੰਥ ਹੈ ਜਿਸ ਦੀ ਭਾਸ਼ਾ ਸੰਸਕ੍ਰਿਤ ਹੈ।

ਸਿਕਸ਼ਾਸਮੁਚਯ : ਇਹ ਬੜਾ ਪ੍ਰਸਿੱਧ ਸੰਸਕ੍ਰਿਤ ਬੋਧ ਗ੍ਰੰਥ ਹੈ। ਇਸ ਵਿਚ ਬੁੱਧ ਦੀ ਸਿੱਖਿਆ ਦਾ ਸੰਗ੍ਰਹਿ ਦਰਜ ਹੈ ਜਿਹੜਾ ਇਕ ਸੌ ਦਸ ਮਹਾਯਾਨੀ ਗ੍ਰੰਥਾਂ

ਵਿਚੋਂ ਚੁਣ ਕੇ ਤਿਆਰ ਕੀਤਾ ਗਿਆ ਹੈ। ਇਸ ਦਾ ਸੰਗ੍ਰਹਿ ਕਰਤਾ ਆਚਾਰੀਆ ਸਾਂਤੀ ਦੇਵ (700 ਈ.) ਸੀ।

ਬੋਧੀਸਤਵ : ਇਸ ਸ਼ਬਦ ਦਾ ਅਰਥ ਹੈ ਉਹ ਵਿਅਕਤੀ ਜਿਸ ਨੇ ਬੁੱਧ ਹੋਣ ਦੀ ਪ੍ਰਤਿੱਗਿਆ ਕਰ ਲਈ ਹੈ। ਅਜਿਹਾ ਮਨੁੱਖ ਕੋਈ ਗ੍ਰਹਿਸਤੀ ਜਾਂ ਭਿਕਸ਼ੂ ਹੋ ਸਕਦਾ ਹੈ। ਦੂਜੇ ਪ੍ਰਾਣੀਆਂ ਦੀ ਮੁਕਤੀ ਲਈ ਕੋਸ਼ਿਸ਼ ਕਰਨ ਵਾਲਾ ਪ੍ਰਾਣੀ ਬੋਧੀਸਤਵ ਅਖਵਾਂਦਾ ਹੈ। ਉਹ ਕਰੁਣਾ, ਦਾਨ ਤੇ ਮਿੱਤਰਤਾ ਭਾਵ ਦਾ ਅਭਿਆਸ ਕਰਦਾ ਹੈ ਤੇ ਇਸ ਅਭਿਆਸ ਰਾਹੀਂ ਉਹ ਕਈ ਜਨਮਾਂ ਤਕ ਦੂਜਿਆਂ ਦਾ ਭਲਾ ਕਰਦਾ ਰਹਿੰਦਾ ਹੈ।

ਰਤਨੋਲਕਾਧਾਰਣੀ : ਇਹ ਸੰਸਕ੍ਰਿਤ ਭਾਸ਼ਾ ਵਿਚ ਇਕ ਬੋਧ ਗ੍ਰੰਥ ਦਾ ਨਾਂ ਹੈ।

ਦਸ਼ਧਰਮ ਸੂਤ੍ਰ : ਇਹ ਵੀ ਇਕ ਮਹਾਯਾਨ ਗ੍ਰੰਥ ਦਾ ਨਾਂ ਹੈ ਜਿਹੜਾ ਸੰਸਕ੍ਰਿਤ ਭਾਸ਼ਾ ਵਿਚ ਹੈ। ਨੇਪਾਲ, ਤਿੱਬਤ, ਚੀਨ, ਜਾਪਾਨ ਆਦਿ ਉੱਤਰੀ ਏਸ਼ੀਆ ਦੇ ਦੇਸ਼ਾਂ ਵਿਚ ਪ੍ਰਚਲਿਤ ਬੁੱਧ ਧਰਮ ਨੂੰ ਮਹਾਯਾਨ ਕਿਹਾ ਜਾਂਦਾ ਹੈ। ਲੰਕਾ, ਬਰ੍ਹਮਾ, ਥਾਈਦੇਸ਼, ਲਾਓਸ ਤੇ ਕੰਬੋਡੀਆ ਵਿਚ ਪ੍ਰਚਲਿਤ ਬੁੱਧ ਧਰਮ ਨੂੰ 'ਥੇਰਵਾਦ' ਕਿਹਾ ਜਾਂਦਾ ਹੈ। ਇਸ ਦਾ ਦੂਸਰਾ ਨਾਂ 'ਹੀਨਯਾਨ' ਹੈ ਪਰ ਇਸ ਨੂੰ ਉਚਿੱਤ ਨਹੀਂ ਸਮਝਿਆ ਜਾਂਦਾ।

ਅਸ਼ਟਾਂਗ ਮਾਰਗ : ਭਗਵਾਨ ਬੁੱਧ ਦੀ ਸਿੱਖਿਆ ਵਿਚ ਨਿਰਵਾਣ ਜਾਂ ਮੁਕਤੀ ਦੇ ਮਾਰਗ ਦਾ ਨਾਂ ਅਸ਼ਟਾਂਗ ਮਾਰਗ ਹੈ। ਇਸ ਦੇ ਅੱਠ ਅੰਗ ਹਨ :

1. ਠੀਕ ਵਿਚਾਰ 2. ਠੀਕ ਇਰਾਦਾ 3. ਠੀਕ ਵਾਕ 4. ਠੀਕ ਕਰਮ 5. ਠੀਕ ਨਿਰਬਾਹ 6. ਠੀਕ ਪ੍ਰਯਤਨ ਜਾਂ ਕੋਸ਼ਿਸ਼ 7. ਠੀਕ ਧਿਆਨ 8. ਠੀਕ ਸਮਾਧੀ।

ਇਨ੍ਹਾਂ ਅੱਠ ਅੰਗਾਂ ਦੀ ਤੁਲਨਾ ਪਾਤੰਜਲੀ ਦੇ ਯੋਗ ਦੇ ਅੱਠ ਅੰਗਾਂ ਨਾਲ ਕੀਤੀ ਜਾਂਦੀ ਹੈ।

ਨਿਰੋਧ : ਇਸ ਸ਼ਬਦ ਦਾ ਅਰਥ ਹੈ 'ਰੋਕ ਦੇਣਾ' ਬੰਦ ਕਰ ਦੇਣਾ, ਭਗਵਾਨ ਦੀ ਸਿੱਖਿਆ ਅਨੁਸਾਰ ਦੁੱਖ ਨੂੰ ਰੋਕਿਆ ਜਾ ਸਕਦਾ ਹੈ। ਇਹ ਭਗਵਾਨ ਬੁੱਧ ਦੀਆਂ ਦੱਸੀਆਂ ਚਾਰ ਸੱਚਾਈਆਂ ਵਿਚੋਂ ਤੀਜੀ ਸੱਚਾਈ ਹੈ।

ਪੰਚ ਸ਼ੀਲ : ਪੰਚ ਦਾ ਅਰਥ ਹੈ ਪੰਜ ਤੇ ਸ਼ੀਲ ਦਾ ਅਰਥ ਹੈ ਨੈਤਿਕਾ ਜਾਂ ਧਾਰਮਿਕ ਆਚਾਰ। ਹਰ ਬੋਧ ਨੂੰ ਪੰਜ ਨਿਯਮਾਂ ਦਾ ਪਾਲਣ ਕਰਨਾ ਜ਼ਰੂਰੀ ਹੈ। ਪੰਜ ਵਰਜਤ ਕਰਮ ਇਹ ਹਨ : 1. ਹਿੰਸਾ 2. ਚੋਰੀ 3. ਅਬ੍ਰਹਮਚਰੀਆ 4. ਝੂਠ

5. ਸ਼ਰਾਬ ਤੇ ਨਸ਼ੀਲੀਆਂ ਚੀਜ਼ਾਂ ਦੀ ਵਰਤੋਂ।

ਮੰਗਲ : ਇਸ ਸ਼ਬਦ ਦਾ ਅਰਥ ਹੈ ਕਲਿਆਣਕਾਰੀ, ਸ਼ੁਭ, ਚੰਗਾ।

ਮਹਾਮੰਗਲਸੂਤ੍ਰ : ਇਹ ਪਾਲੀ ਭਾਸ਼ਾ ਵਿਚ ਇਕ ਗ੍ਰੰਥ ਦਾ ਨਾਂ ਹੈ। 'ਸੂਤ੍ਰ' ਦਾ ਅਰਥ ਹੈ ਬੁੱਧ-ਵਾਣੀ। ਇਸ ਸੂਤ੍ਰ ਵਿਚ ਭਗਵਾਨ ਬੁੱਧ ਨੇ ਸ਼ੁਭ ਤੇ ਅਸ਼ੁਭ ਕਰਮਾਂ ਬਾਰੇ ਉਪਦੇਸ਼ ਦਿੱਤਾ ਹੈ। ਬੋਧ ਲੋਕ ਇਸ ਦਾ ਰੋਜ਼ ਪਾਠ ਕਰਦੇ ਹਨ।

ਅਗੁੱਤਰਨਿਕਾਯ : ਇਹ ਸੁਤਪਿਟਕ ਦੇ ਇਕ ਗ੍ਰੰਥ ਦਾ ਨਾਂ ਹੈ ਤੇ ਪਾਲੀ ਭਾਸ਼ਾ ਵਿਚ ਹੈ। ਸੰਸਕ੍ਰਿਤ ਵਿਚ ਇਸ ਨੂੰ 'ਏਕੋਤਰਾਗਮ' ਕਹਿੰਦੇ ਹਨ।

ਅਨਤਮੁੱਖਨਿਰਹਾਰਧਾਰਣੀ : ਇਹ ਸੰਸਕ੍ਰਿਤ ਭਾਸ਼ਾ ਵਿਚ ਰਚੇ ਇਕ ਬੋਧ ਗ੍ਰੰਥ ਦਾ ਨਾਂ ਹੈ। 'ਧਾਰਣੀ' ਸ਼ਬਦ ਦਾ ਅਰਥ ਉਹ ਹੀ ਹੈ ਜਿਹੜਾ 'ਮੰਤਰ' ਸ਼ਬਦ ਦਾ ਹੈ।

ਬੋਧਚਰਯਾਵਤਾਰ : ਸੰਸਕ੍ਰਿਤ ਭਾਸ਼ਾ ਵਿਚ ਇਕ ਗ੍ਰੰਥ ਦਾ ਨਾਮ ਹੈ। ਇਸ ਨੂੰ ਆਚਾਰੀਆ ਸ਼ਾਂਤੀ ਦੇਵ ਨੇ ਸੱਤਵੀਂ ਸਦੀ ਈਸਵੀ ਵਿਚ ਰਚਿਆ। ਇਸ ਗ੍ਰੰਥ ਦਾ ਮੁੱਖ ਵਿਸ਼ਾ 'ਬੋਧੀਸਤਵ' ਦੇ ਉੱਚੇ ਆਦਰਸ਼ਾਂ ਨੂੰ ਦੱਸਣਾ ਹੈ।

ਪ੍ਰਗਯਦੰਡ : ਇਹ ਸੰਸਕ੍ਰਿਤ ਬੋਲੀ ਵਿਚ ਰਚੇ ਇਕ ਗ੍ਰੰਥ ਦਾ ਨਾਂ ਹੈ। ਇਸ ਦੇ ਲੇਖਕ ਆਚਾਰੀਆ ਨਾਗਾਰਜਨ ਮੰਨੇ ਜਾਂਦੇ ਹਨ। ਇਸ ਦਾ ਸ਼ਾਬਦਿਕ ਅਰਥ ਹੈ 'ਗਿਆਨ ਦਾ ਬ੍ਰਿਛ'।

ਬੋਧੀਚਿਤ : ਇਸ ਦਾ ਅਰਥ ਹੈ 'ਬੋਧੀ ਦਾ ਵਿਚਾਰ'। ਜਿਸ ਮਨੁੱਖ ਨੇ ਨਿਰਵਾਣ ਪ੍ਰਾਪਤ ਕਰਨ ਦਾ ਦ੍ਰਿੜ੍ਹ ਨਿਸ਼ਚਾ ਕਰ ਲਿਆ ਹੈ ਉਸ ਨੂੰ 'ਬੋਧੀਸਤਵ' ਆਖਦੇ ਹਨ।

ਕਰੁਣਾ ਤੇ ਪ੍ਰਿਗਿਆਂ (ਗਿਆਨ) ਇਸ ਦੇ ਦੋ ਜ਼ਰੂਰੀ ਅੰਗ ਹਨ।

ਅਰਹਤ : ਇਹ ਜੈਨ ਤੇ ਬੋਧ ਧਰਮ ਦੀ ਸ਼ਬਦਾਵਲੀ ਵਿਚ ਇਕ ਖ਼ਾਸ ਸ਼ਬਦ ਹੈ ਜਿਸ ਦਾ ਅਰਥ ਹੈ ਜੀਵਨ ਮੁਕਤ ਵਿਅਕਤੀ ਜਿਸ ਨੇ ਕਾਮ, ਲੋਭ ਤੇ ਮੋਹ ਤੋਂ ਛੁਟਕਾਰਾ ਪਾ ਲਿਆ ਹੈ। ਅਜਿਹਾ ਵਿਅਕਤੀ ਦੁਬਾਰਾ ਜਨਮ ਨਹੀਂ ਲੈਂਦਾ।

ਸੰਘ : ਭਗਵਾਨ ਬੁੱਧ ਦੀ ਸਿੱਖਿਆ ਨੂੰ ਮੰਨਣ ਵਾਲਿਆਂ ਨੂੰ 'ਸੰਘ' ਆਖਦੇ ਹਨ। ਇਸ ਵਿਚ ਭਿਕਸ਼ੂ, ਭਿਕਸ਼ਣੀਆਂ, ਉਪਾਸ਼ਕ ਤੇ ਉਪਾਸ਼ਕਾਵਾਂ ਵੀ ਸ਼ਾਮਲ ਹਨ। ਬੁੱਧ ਮਤ ਦੇ ਅਨੁਯਾਈ ਬੁੱਧ ਧਰਮ ਤੇ ਸੰਘ ਦੀ ਸ਼ਰਨ ਵਿਚ ਜਾਂਦੇ ਹਨ। ਸੰਘ ਵਿਚ ਉਹ ਸਾਰੇ ਲੋਕ ਸ਼ਾਮਲ ਹਨ ਜਿਹੜੇ ਠੀਕ ਵਿਚਾਰ ਤੇ ਸ਼ੀਲ ਵਿਚ ਬੱਧੇ ਹੋਏ ਹਨ। ਇਸ ਸੰਘ ਵਿਚ ਅੱਠ ਪ੍ਰਕਾਰ ਦੇ ਲੋਕ ਮੰਨੇ ਗਏ ਹਨ। ਚਾਰ ਉਹ ਜਿਹੜੇ ਮਾਰਗ ਦੀਆਂ ਚਾਰ ਅਵਸਥਾਵਾਂ ਵਿਚ ਹਨ ਤੇ ਚਾਰ ਉਹ ਜਿਹੜੇ ਚਾਰ

ਅਵਸਥਾਵਾਂ ਦੇ ਫਲ ਪ੍ਰਾਪਤ ਕਰ ਚੁੱਕੇ ਹਨ। ਉਹ ਚਾਰ ਅਵਸਥਾਵਾਂ ਹਨ :

1. ਸ੍ਰੋਤਆਪਨ (ਨਿਰਵਾਣ ਦੀ ਧਾਰਾ ਵਿਚ ਪ੍ਰਵੇਸ਼ ਕਰ ਚੁੱਕਿਆ); 2. ਸਕ੍ਰਿਦ-ਆਗਾਮੀ (ਇਕ ਵਾਰ ਹੀ ਜਨਮ ਲੈਣ ਵਾਲਾ); 3. ਅਨਾਗਾਮੀ (ਜਿਸ ਨੇ ਫਿਰ) ਸੰਸਾਰ ਵਿਚ ਆਉਣਾ ਨਹੀਂ ਹੈ; 4. (ਅਰਹਤ ਮੁਕਤ ਪੁਰਸ਼)।

ਪੰਚਸਕੰਧ (ਪੰਚ ਸਮੂਹ) : ਬੁੱਧ ਮਤ ਵਿਚ ਮਨੁੱਖੀ ਸੰਸਾਰ ਨੂੰ ਪੰਜ ਸਕੰਧਾਂ ਦਾ ਬਣਿਆ ਹੋਇਆ ਮੰਨਿਆ ਗਿਆ ਹੈ। ਇਹ ਪੰਜ ਸਕੰਧ ਹਨ : 1. ਰੂਪ (matter) 2. ਵੇਦਨਾ (sensation) 3. ਸੰਗਿਆ (perception) 4. ਸੰਸਕਾਰ (volitional formations) 5. ਵਿਗਿਆਨ (consciousness)।

ਇਹ ਸਾਰੇ ਸਕੰਧ ਪਰਿਵਰਤਨਸ਼ੀਲ ਤੇ ਅਨਿਤ ਹਨ। ਰੂਪ ਦੇ ਅਧੀਨ ਚਾਰ ਮਹਾਭੂਤ ਅਥਵਾ ਪ੍ਰਿਥਵੀ, ਜਲ, ਤੇਜ ਤੇ ਵਾਯੂ ਆਉਂਦੇ ਹਨ।

ਯਹੂਦੀ ਧਰਮ

ਇਹ ਸੰਸਾਰ ਦਾ ਬਹੁਤ ਪੁਰਾਣਾ ਧਰਮ ਹੈ। ਈਸਾਈ ਤੇ ਇਸਲਾਮ ਧਰਮ ਯਹੂਦੀ ਧਾਰਮਿਕ ਪਰੰਪਰਾ ਵਿਚੋਂ ਹੀ ਉਗਮੇ ਹੋਏ ਹਨ। ਯਹੂਦੀ ਧਰਮ ਦੀ ਪਵਿੱਤਰ ਪੁਸਤਕ ਬਾਈਬਲ ਮੰਨੀ ਜਾਂਦੀ ਹੈ। ਇਸ ਨੂੰ ਓਲਡ ਟੈਸਟਾਮੈਂਟ (Old Testament) ਵੀ ਕਹਿੰਦੇ ਹਨ। ਬਾਈਬਲ ਜਾਂ ਓਲਡ ਟੈਸਟਾਮੈਂਟ ਅਨੇਕ ਗ੍ਰੰਥਾਂ ਦੇ ਸੰਗ੍ਰਹਿ ਦਾ ਨਾਂ ਹੈ। ਇਸ ਵਿਚ ਸਭ ਤੋਂ ਪੁਰਾਣੇ ਗ੍ਰੰਥ (ਮੋਜੇਜ਼ ਹਜ਼ਰਤ ਮੂਸਾ) ਦੇ ਪੰਜ ਗ੍ਰੰਥ ਜੈਨੇਸਿਸ (Genesis), ਇਕਸੋਡਸ (Exodus) ਲੇਵੀਟਿਕਸ (Levitics) ਨੰਬਰਜ਼ (Numbers) ਅਤੇ ਡਿਊਟੇਰੋਨਾਮੀ (Deuteronomy) ਹਨ। ਯਹੂਦੀ ਧਰਮ ਗ੍ਰੰਥਾਂ ਦੀ ਮੂਲ ਭਾਸ਼ਾ ਹਿਬਰੂ ਹੈ। ਇਸ ਗ੍ਰੰਥ ਵਿਚ ਅਸੀਂ ਕੇਵਲ ਜੈਨੇਸਿਸ, ਇਕਸੋਡਸ ਦੇ ਕੁੱਝ ਸਾਮਜ਼ (Psalms—ਗਾਨ) ਤੇ ਪ੍ਰੋਵਰਬਜ਼ (Proverbs) ਨਾਮੀ ਗ੍ਰੰਥ ਤੋਂ ਕੁੱਝ ਹਿੱਸੇ ਲਏ ਹਨ। ਮੋਜੇਜ਼ (ਮੂਸਾ) ਸਾਹਿਬ ਯਹੂਦੀ ਪੈਗੰਬਰਾਂ ਵਿਚ ਸਭ ਤੋਂ ਮੁੱਢਲੇ ਪੈਗੰਬਰ ਹਨ।

ਪਰਮਾਤਮਾ ਨੇ ਆਰੰਭ ਵਿਚ ਇਹ ਧਰਤੀ ਤੇ ਆਕਾਸ਼ ਪੈਦਾ ਕੀਤੇ।

(ਜੈਨੇਸਿਸ, 1.1)

1 *ਸ੍ਰਿਸ਼ਟੀ*

ਪਰਮਾਤਮਾ ਨੇ ਇੱਛਾ ਕੀਤੀ ਕਿ ਮੈਂ ਆਪਣੇ ਸਰੂਪ ਅਨੁਸਾਰ ਮਨੁੱਖ ਦੀ ਘਾੜਤ ਘੜਾਂ ਆਪਣੇ ਹੀ ਵਰਗਾ ਤੇ ਫਿਰ ਉਸ ਮਨੁੱਖ ਦੀ ਸਮੁੰਦਰ ਦੀਆਂ ਮੱਛੀਆਂ, ਹਵਾ ਵਿਚ ਉੱਡਣ ਵਾਲੇ ਪੰਛੀਆਂ, ਜਾਨਵਰਾਂ, ਧਰਤੀ ਤੇ ਰੀਂਗਣ ਵਾਲੇ ਸਾਰੇ ਜੀਵ ਜੰਤੂਆਂ ਅਥਵਾ ਹਰ ਇਕ ਜਾਨਦਾਰ ਉਪਰ, ਸਰਦਾਰੀ ਜਾਂ ਹਕੂਮਤ ਕਾਇਮ ਕਰਾਂ। ਸੋ ਪਰਮਾਤਮਾ ਨੇ ਮਨੁੱਖ ਨੂੰ ਆਪਣੇ ਹੀ ਸਰੂਪ ਅਨੁਸਾਰ ਸਾਜਿਆ, ਮਰਦ ਤੇ ਇਸਤ੍ਰੀ ਦੋਹਾਂ ਨੂੰ ਆਪਣੇ ਵਰਗਾ ਹੀ ਬਣਾਇਆ।

(ਜੈਨੇਸਿਸ 1.27)

2 *ਦਸ ਆਦੇਸ਼*

ਤੇ ਫਿਰ ਪਰਮਾਤਮਾ ਨੇ ਇਹ ਸ਼ਬਦ ਉਚਾਰੇ ਕਿ ਮੈਂ ਤੁਹਾਡਾ ਮਾਲਕ ਪ੍ਰਭੂ ਹਾਂ ਜਿਸ ਨੇ ਤੁਹਾਨੂੰ ਮਿਸਰ ਦੀ ਧਰਤੀ 'ਚੋਂ, ਉਸ ਬੰਧਨ ਦੇ

ਘਰ ਵਿਚੋਂ ਮੁਕਤ ਕੀਤਾ ਹੈ।

ਹੁਣ ਤੁਹਾਨੂੰ ਮੇਰੇ ਟਾਕਰੇ ਤੇ ਕਿਸੇ ਹੋਰ ਦੇਵਤਾ ਨੂੰ ਮੰਨਣਾ ਯੋਗ ਨਹੀਂ ਹੋਵੇਗਾ। ਜਾਂ ਇਸ ਧਰਤੀ ਉੱਪਰ ਦੀ ਜਾਂ ਪਾਣੀ ਵਿਚ ਦੀ ਜਾਂ ਥਲ ਦੀ ਕਿਸੇ ਹੋਰ ਚੀਜ ਨੂੰ ਮੇਰਾ ਰੂਪ ਨਹੀਂ ਦਿਉਂਗੇ। ਤੁਸੀਂ ਕਿਸੇ ਹੋਰ ਬੁੱਤ ਅਗੇ ਨਹੀਂ ਝੁਕੋਗੇ ਤੇ ਮੇਰੇ ਬਿਨਾਂ ਕਿਸੇ ਹੋਰ ਦੀ ਉਪਾਸ਼ਨਾ ਨਹੀਂ ਕਰੋਗੇ। ਇਹ ਜਾਣ ਲਉ ਕਿ ਮੈਂ ਪਰਮਾਤਮਾ, ਤੁਹਾਡਾ ਮਾਲਕ (ਪ੍ਰਭੂ) ਬੜਾ ਈਰਖਾਲੂ ਰੱਬ ਹਾਂ ਤੇ ਉਹਨਾਂ ਪਿਤਾਮਿਆਂ ਦੀ ਬੇਇਨਸਾਫੀ ਜਾਂ ਅਨਿਆਂ ਦਾ ਬਦਲਾ ਉਹਦੀ ਤੀਜੀ ਜਾਂ ਚੋਥੀ ਪੀੜ੍ਹੀ ਤੋਂ ਵੀ ਚੁਕਾਂਦਾ ਹਾਂ ਜਿਹੜੇ ਮੇਰੇ ਤੋਂ ਘਿਰਣਾ ਕਰਦੇ ਹਨ ਤੇ ਨਾਲ ਹੀ ਮੈਂ ਉਨ੍ਹਾਂ ਨੂੰ ਆਪਣਾ ਨਿਰੰਤਰ ਸਦੀਵੀ ਪਿਆਰ ਦਿੰਦਾ ਹਾਂ ਜਿਹੜੇ ਮੈਨੂੰ ਪ੍ਰੇਮ ਕਰਦੇ ਹਨ ਤੇ ਮੇਰੇ ਹੁਕਮ ਮੰਨਦੇ ਹਨ।

ਤੁਹਾਨੂੰ ਆਪਣੇ ਪ੍ਰਭੂ ਪਰਮਾਤਮਾ ਦਾ ਨਾਂ ਬਿਨਾਂ ਮਤਲਬ ਨਹੀਂ ਲੈਣਾ ਚਾਹੀਦਾ। ਪਰੰਤੂ ਪਰਮਾਤਮਾ ਉਸ ਮਨੁੱਖ ਨੂੰ ਨਿਰਅਪਰਾਧ ਨਹੀਂ ਸਮਝੇਗਾ ਜਿਹੜੇ ਉਸ ਦਾ ਨਾਂ ਬਿਨਾਂ ਲੋੜ ਦੇ ਲੈਂਦੇ ਹਨ।

ਸੱਬਾਥ (ਯਹੂਦੀਆਂ ਦਾ ਪਵਿੱਤਰ ਤਿਉਹਾਰ) ਦਾ ਦਿਨ ਯਾਦ ਰੱਖੋ ਤੇ ਇਸ ਦੀ ਪਵਿੱਤ੍ਰਤਾ ਨੂੰ ਕਾਇਮ ਰੱਖੋ।

ਆਪਣੇ ਮਾਤਾ ਤੇ ਪਿਤਾ ਦਾ ਸਤਿਕਾਰ ਕਰੋ ਤਾਂ ਜੋ ਤੁਸੀਂ ਆਪਣੇ ਦੇਸ਼ ਵਿਚ ਚਿਰੰਕਾਲ ਜੀਵਤ ਰਹੋ ਜੋ ਕਿ ਪ੍ਰਭੂ ਨੇ ਤੁਹਾਨੂੰ ਦਿੱਤਾ ਹੈ।

ਤੁਸੀਂ ਕਿਸੇ ਨੂੰ ਜਾਨ ਤੋਂ ਨਾ ਮਾਰੋ।

ਤੁਸੀਂ ਵਿਭਚਾਰ ਨਾ ਕਰੋ, ਚੋਰੀ ਨਾ ਕਰੋ।

ਕਿਸੇ ਵਿਰੁੱਧ ਝੂਠੀ ਗਵਾਹੀ ਨਾ ਦਿਓ, ਆਪਣੇ ਗਵਾਂਢੀ ਦੇ ਘਰ-ਮਾਲ ਨੂੰ ਲਾਲਚ ਦੀ ਦ੍ਰਿਸ਼ਟੀ ਨਾਲ ਨਾ ਵੇਖੋ ਤੇ ਨਾ ਹੀ ਉਸ ਦੀ ਇਸਤ੍ਰੀ ਵਲ ਮੈਲੀ ਅੱਖ ਕਰੋ। ਤੇ ਨਾ ਹੀ ਉਸ ਦੇ ਨੌਕਰ, ਨੌਕਰਾਣੀ, ਬਲਦ, ਗਧਾ ਜਾਂ ਉਸ (ਗਵਾਂਢੀ) ਦੀ ਕਿਸੇ ਹੋਰ ਚੀਜ਼ ਵਲ ਵੀ ਮਾੜੀ ਦ੍ਰਿਸ਼ਟੀ ਨਾਲ ਹੀ ਤੱਕੋ।

(ਇਕਸੋਡਸ XX, 1-7, 9, 12-17)

ਪ੍ਰਭੂ ਦਾ ਕਾਨੂੰਨ ਬੜਾ ਪੂਰਣ ਤੇ ਮੁਕੰਮਲ ਹੈ, ਉਹ ਆਤਮਾ ਨੂੰ ਸੁਰਜੀਤ ਕਰਦਾ ਹੈ।

ਪ੍ਰਭੂ ਦੀ ਗਵਾਹੀ ਪੱਕੀ ਤੇ ਯਕੀਨ ਵਾਲੀ ਹੈ, ਉਹ ਭੋਲਿਆਂ ਨੂੰ ਸਿਆਣਾ ਬਣਾਂਦਾ ਹੈ।

3 ਪਰਮਾਤਮਾ ਦੇ ਉਪਦੇਸ਼ ਦਰੁਸਤ ਹਨ,
ਪ੍ਰਭੂ ਦੀ ਸਿਫਤ ਉਹ ਦਿਲ ਵਿਚ ਹੁਲਾਸ (ਖੁਸ਼ੀ) ਪੈਦਾ ਕਰਦੇ ਹਨ,
ਪ੍ਰਭੂ ਦਾ ਹੁਕਮ ਪਵਿੱਤਰ ਹੈ,
ਉਹ ਮਨੁੱਖ ਦੇ ਨੇਤਰਾਂ ਨੂੰ ਗਿਆਨ ਦਾ ਚਾਨਣ ਦਿੰਦਾ ਹੈ,
ਪਰਮਾਤਮਾ ਦਾ ਭੈ ਨਿਰਮਲ ਹੈ,
ਉਹ ਸਦਾ ਕਾਇਮ ਦਾਇਮ ਹੈ,
ਪ੍ਰਭੂ ਦੇ ਹੁਕਮ ਬਿਲਕੁਲ ਸੱਚੇ ਤੇ ਸ਼ੁਭ ਹਨ।
ਉਨ੍ਹਾਂ ਨੂੰ ਸੋਨੇ ਤੋਂ ਵੀ ਵਧ, ਬਾਰਾਵੰਨੀ ਦੇ ਸੋਨੇ ਤੋਂ ਵੀ ਵਧ,
ਕੀਮਤੀ ਸਮਝਕੇ ਅਪਨਾਉਣਾ ਉਚਿਤ ਹੈ;
ਪ੍ਰਭੂ ਦੇ ਹੁਕਮ ਸ਼ਹਿਦ ਤੋਂ ਵੀ ਮਿਠੇ ਹਨ,
ਸ਼ਹਿਦ ਦੇ ਛੱਤੇ ਤੋਂ ਤ੍ਰਿਪਕਦੇ ਰਸ ਤੋਂ ਵੀ ਮਿਠੇ।

(ਸਾਮ IX, 7-10)

4 ਪਰਮਾਤਮਾ ਦੀ ਉਸਤਤ ਕਰੋ। ਧੰਨ ਉਹ ਪੁਰਸ਼ ਹੈ ਜਿਹੜਾ ਰੱਬ ਤੋਂ
ਸਚਿਆਰਾ ਪੁਰਸ਼ ਡਰਦਾ ਹੈ ਤੇ ਉਸ ਦੇ ਹੁਕਮ ਨੂੰ ਮੰਨ ਕੇ ਪ੍ਰਸੰਨ ਹੁੰਦਾ ਹੈ। ਉਸ ਦੀ ਸੰਤਾਨ ਆਪਣੇ ਦੇਸ਼ ਵਿਚ ਰਾਜ ਕਰੇਗੀ ਸਚਿਆਰੇ ਪੁਰਸ਼ਾਂ ਦੀ ਸੰਤਾਨ ਤੇ ਪ੍ਰਭੂ ਦੀ ਮਿਹਰ ਹੋਵੇਗੀ। ਸਚਿਆਰੇ ਪੁਰਸ਼ ਦੇ ਘਰ ਧਨ ਦੌਲਤ ਬੇਅੰਤ ਹੋਵੇਗਾ ਤੇ ਉਸ ਦੀ ਸੱਚਾਈ ਕਾਇਮ ਦਾਇਮ ਰਹੇਗੀ ਸਚਿਆਰੇ ਪੁਰਸ਼ ਦੇ ਹਨੇਰੇ (ਰਸਤੇ) ਵਿਚ ਵੀ ਚਾਨਣ ਹੋ ਜਾਂਦਾ ਹੈ, ਪ੍ਰਭੂ ਬੜਾ ਕ੍ਰਿਪਾਲੂ, ਦਿਆਲੂ ਤੇ ਸੱਤਵਾਦੀ ਹੈ।

5 ਹਿਰਦੇ ਵਿਚ ਪ੍ਰਭੂ ਭੈ ਦੀ ਉਤਪੱਤੀ ਗਿਆਨ ਦੇ ਉਦੇ ਹੋਣਗੇ ਪਰ
ਸਿੱਖਿਆ ਮੂਰਖ ਲੋਕ ਸਿਆਣਪ ਤੇ ਸਿਖਿਆ ਤੋਂ ਘਿਰਣਾ ਕਰਦੇ ਹਨ।

(ਸਾਮ CXII, 1-4)

ਹੇ ਮੇਰੇ ਪੁੱਤਰ, ਆਪਣੇ ਪਿਤਾ ਦੀ ਸਿਖਿਆ ਧਿਆਨ ਨਾਲ ਸੁਣ ਤੇ ਆਪਣੀ ਮਾਤਾ ਦੀ ਸਿਖਿਆ ਨੂੰ ਰੱਦ ਨਾ ਕਰ। ਅਜਿਹੀ ਸਿਖਿਆ ਤੇਰੇ ਸਿਰ ਦਾ ਸਿਹਰਾ ਹੈ ਤੇ ਤੇਰੇ ਗਲ ਦੀ ਇਕ ਸੋਹਣੀ

ਕੰਠੀ।

(ਪ੍ਰੋਵਰਬਜ਼ 1, 7-8)

6 ਪ੍ਰਭੂ ਛੇ ਚੀਜ਼ਾਂ ਤੋਂ ਬੜੀ ਘਿਰਣਾ ਕਰਦਾ ਹੈ ਤੇ ਸੱਤ ਹੋਰ ਚੀਜ਼ਾਂ ਉਸ ਲਈ ਅਸਹਿ ਹਨ : ਹੰਕਾਰ ਭਰੀਆਂ ਅੱਖਾਂ, ਝੂਠ ਬੋਲਣ ਵਾਲੀ ਜ਼ਬਾਨ, ਬੇਗੁਨਾਹਾਂ ਦਾ ਖ਼ੂਨ ਡੋਲ੍ਹਣ ਵਾਲੇ ਹੱਥ, ਦੂਜਿਆਂ ਲਈ ਭੈੜੀਆਂ ਵਿਉਂਤਾਂ ਸੋਚਣ ਵਾਲਾ ਹਿਰਦਾ, ਬੁਰਾਈ ਵਲ ਤੇਜ਼ੀ ਨਾਲ ਵਧਣ ਵਾਲੇ ਕਦਮ, ਝੂਠਾ ਗਵਾਹ ਜਿਹੜਾ ਲਗਾਤਾਰ ਕੂੜ ਬੋਲਦਾ ਹੈ, ਤੇ ਉਹ ਪੁਰਸ਼ ਜਿਹੜਾ ਭਰਾਵਾਂ ਵਿਚ ਵੈਰ ਪਾਂਦਾ ਹੈ।

ਵਰਜਿਤ ਕਰਮ

(ਪ੍ਰੋਵਰਬਜ਼ VI, 17, 19)

7 ਇਕ ਮਾਮੂਲੀ ਹੈਸੀਅਤ ਵਾਲਾ ਪੁਰਸ਼ ਜਿਹੜਾ ਆਪਣੀ ਰੋਟੀ ਲਈ ਮਿਹਨਤ ਕਰਦਾ ਹੈ ਉਸ ਆਦਮੀ ਨਾਲੋਂ ਬਹੁਤ ਚੰਗਾ ਹੈ ਜਿਸ ਪਾਸ ਖਾਣ ਨੂੰ ਰੋਟੀ ਤਾਂ ਹੈ ਨਹੀਂ ਪਰ ਉਹ ਵੱਡਾ ਬਣ ਕੇ ਵਿਖਾਂਦਾ ਹੈ।

ਮਿਹਨਤ ਦਾ ਮਹੱਤਵ

(ਪ੍ਰੋਵਰਬਜ਼ X II, 9)

ਨੋਟਸ ਤੇ ਟਿੱਪਣੀਆਂ

ਜੈਨੇਸਿਸ : ਇਹ ਹਿਬਰੂ ਬਾਈਬਲ ਦੀ ਪਹਿਲੀ ਪੁਸਤਕ ਹੈ। ਜੈਨੇਸਿਸ ਦਾ ਅਰਥ ਹੈ ਸ੍ਰਿਸ਼ਟੀ। ਇਸ ਪੁਸਤਕ ਵਿਚ ਈਸ਼ਵਰ ਦੀ ਰਚੀ ਸ੍ਰਿਸ਼ਟੀ ਦਾ ਵਰਣਨ ਹੈ।

ਇਕਸੋਡਸ : ਇਹ ਹਿਬਰੂ ਬਾਈਬਲ ਦੀ ਦੂਜੀ ਪੁਸਤਕ ਦਾ ਨਾਂ ਹੈ। ਇਸ ਵਿਚ "ਦਸ ਆਦੇਸ਼" ਦਰਜ ਹਨ ਜਿਹੜੇ ਯਹੂਦੀ ਤੇ ਈਸਾਈ ਲੋਕਾਂ ਲਈ ਜ਼ਰੂਰੀ ਹਨ।

ਸਬਾਥ : ਇਹ ਯਹੂਦੀਆਂ ਦਾ ਪਵਿੱਤਰ ਤੇ ਆਰਾਮ ਦਾ ਦਿਨ ਹੈ, ਜਿਸ ਤਰ੍ਹਾਂ ਈਸਾਈਆਂ ਲਈ ਐਤਵਾਰ ਦਾ ਦਿਨ ਹੈ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਪ੍ਰਮਾਤਮਾ ਨੇ ਛੇ ਦਿਨ ਸ੍ਰਿਸ਼ਟੀ ਦੀ ਰਚਨਾ ਕਰਨ ਮਗਰੋਂ ਸੱਤਵੇਂ ਦਿਨ ਆਰਾਮ ਕੀਤਾ ਸੀ।

ਸਾਮਜ਼ : ਇਹ ਪਰਮਾਤਮਾ ਦੀ ਸ਼ਾਨ ਵਿਚ ਧਾਰਮਿਕ ਭਾਵਨਾ ਨਾਲ ਭਰਪੂਰ ਗੀਤਾਂ ਦੇ ਸੰਗ੍ਰਹਿ ਦਾ ਨਾਂ ਹੈ। ਯਹੂਦੀ ਲੋਕ ਆਪਣੇ ਧਰਮ ਸਥਾਨ (ਸਿਨੇਗਾਗ) ਵਿਚ ਇਨ੍ਹਾਂ ਦਾ ਗਾਇਨ ਕਰਦੇ ਹਨ।

ਪ੍ਰੋਵਰਬਜ਼ : ਇਹ ਧਾਰਮਿਕ ਕਹਾਵਤਾਂ ਦੀ ਯਹੂਦੀ ਬਾਈਬਲ ਦਾ ਭਾਗ ਹਨ। ਇਨ੍ਹਾਂ ਦਾ ਵਿਸ਼ਾ ਵਿਉਹਾਰਕ ਤੇ ਨੈਤਿਕ ਸਿੱਖਿਆ ਹੈ।

ਈਸਾਈ ਧਰਮ

ਈਸਾਈ ਧਰਮ ਦਾ ਆਰੰਭ ਭਗਵਾਨ ਈਸਾ (ਜੇਸਸ ਕਰਾਇਸਟ) ਦੇ ਉਪਦੇਸ਼ਾਂ ਨਾਲ ਈਸਵੀ ਸੰਨ ਦੇ ਸ਼ੁਰੂ ਵਿਚ ਹੋਇਆ। ਈਸਾਈ ਧਰਮ ਸੰਸਾਰ ਦਾ ਇਕ ਮੁੱਖ ਧਰਮ ਮੰਨਿਆ ਜਾਂਦਾ ਹੈ। ਈਸਾ ਸਾਹਿਬ ਨੇ ਭਗਵਾਨ ਦੇ ਪੁੱਤਰ ਦੇ ਰੂਪ ਵਿਚ ਸੰਸਾਰ ਵਿਚ ਅਵਤਾਰ ਧਾਰਿਆ ਸੀ। ਉਨ੍ਹਾਂ ਨੇ ਯਹੂਦੀ ਧਰਮ ਦੀ ਨਵੀਂ ਵਿਆਖਿਆ ਕੀਤੀ ਤੇ ਇਕ ਸਰਲ ਅਤੇ ਵਿਸ਼ਵ ਵਿਆਪੀ ਧਰਮ ਦਾ ਪ੍ਰਚਾਰ ਕੀਤਾ।

ਬਾਈਬਲ ਦੇ ਦੋ ਪ੍ਰਮੁੱਖ ਭਾਗ ਹਨ। ਪਹਿਲੇ ਭਾਗ ਨੂੰ ਯਹੂਦੀ ਬਾਈਬਲ ਜਾਂ ਓਲਡ ਟੈਸਟਾਮੈਂਟ (Old Testament) ਕਿਹਾ ਜਾਂਦਾ ਹੈ ਅਤੇ ਦੂਜੇ ਭਾਗ ਨੂੰ ਈਸਾਈ ਬਾਈਬਲ ਜਾਂ ਨਿਊ ਟੈਸਟਾਮੈਂਟ (New Testament) ਆਖਿਆ ਜਾਂਦਾ ਹੈ। ਨਿਊ ਟੈਸਟਾਮੈਂਟ ਅਨੇਕ ਗ੍ਰੰਥਾਂ ਦਾ ਸੰਗ੍ਰਹਿ ਹੈ। ਇਨ੍ਹਾਂ ਗ੍ਰੰਥਾਂ ਵਿਚ ਚਾਰ ਉਪਦੇਸ਼ (ਗਾਸਪਲ) ਬਹੁਤ ਪ੍ਰਸਿੱਧ ਹਨ। ਇਸ ਪੁਸਤਕ ਵਿਚ ਅਸੀਂ ਮੈਥਿਊ, ਮਾਰਕ, ਲਿਊਕ ਤੇ ਜੌਨ ਸਾਹਿਬ ਦੇ ਗਾਸਪਲ ਤੋਂ ਕੁੱਝ ਉਪਦੇਸ਼ ਚੁਣੇ ਹਨ।

1

ਈਸਾ ਦਾ ਉਪਦੇਸ਼

ਜਦੋਂ ਯਸੂ ਮਸੀਹ ਨੇ ਲੋਕਾਂ ਦਾ ਇਕੱਠ ਵੇਖਿਆ ਤਾਂ ਉਹ ਪਹਾੜੀ ਉੱਪਰ ਚੜ੍ਹ ਗਏ। ਉਥੇ ਉਹ ਬੈਠ ਗਏ ਤੇ ਜਦੋਂ ਉਨ੍ਹਾਂ ਦੇ ਚੇਲੇ ਉਨ੍ਹਾਂ ਦੇ ਚੁਗਿਰਦੇ ਬੈਠ ਗਏ ਤਾਂ ਉਨ੍ਹਾਂ (ਯਸੂ ਮਸੀਹ) ਨੇ ਆਪਣੇ ਚੇਲਿਆਂ ਨੂੰ ਸੰਬੋਧਨ ਕਰਨਾ ਆਰੰਭ ਕੀਤਾ। ਇਹ ਹੈ ਉਨ੍ਹਾਂ ਦਾ ਉਪਦੇਸ਼ :

"ਉਹ ਕਿਤਨੇ ਭਾਗਵਾਨ ਲੋਕ ਹਨ ਜਿਹੜੇ ਇਹ ਜਾਣਦੇ ਹਨ ਕਿ ਉਹ ਨਿਰਧਨ ਹਨ ਤੇ ਸਵਰਗ ਦੀ ਸਲਤਨਤ ਉਨ੍ਹਾਂ ਦੀ ਮਲਕੀਅਤ ਹੈ।

ਸੋਗਵਾਨ ਲੋਕ ਵੀ ਉਸ (ਪ੍ਰਭੂ) ਦੀ ਕ੍ਰਿਪਾ ਦੇ ਪਾਤਰ ਹਨ ਕਿਉਂਕਿ ਰੱਬ ਉਨ੍ਹਾਂ ਨੂੰ ਧੀਰਜ ਬਨ੍ਹਾਏਗਾ।

ਨਰਮ ਤੇ ਠੰਢੇ ਸੁਭਾ ਦੇ ਲੋਕ ਵੀ ਕਿਤਨੇ ਭਾਗਵਾਨ ਹਨ। ਸਾਰੀ ਧਰਤੀ ਉਨ੍ਹਾਂ ਦੀ ਹੀ ਮਲਕੀਅਤ ਹੋਵੇਗੀ।

ਉਹ ਲੋਕ ਵੀ ਕਿਤਨੇ ਭਾਗਵਾਨ ਤੇ ਰੱਬ ਦੇ ਨਿਵਾਜੇ ਹਨ ਜਿਹੜੇ ਸੰਸਾਰ ਵਿਚ ਸੱਚ ਦੀ ਜੈ ਕਰਾਣ ਲਈ ਭੁੱਖ ਤੇ ਤ੍ਰੇਹ ਝਾਗਦੇ ਹਨ। ਰੱਬ ਉਨ੍ਹਾਂ ਦੀ ਆਸ ਪੂਰੀ ਕਰੇਗਾ।

ਤਰਸ ਤੇ ਦਇਆ ਕਰਨ ਵਾਲੇ ਲੋਕ ਵੀ ਕਿਤਨੇ ਭਾਗਵਾਨ ਹਨ। ਪਰਮਾਤਮਾ ਉਨ੍ਹਾਂ ਤੇ ਵੀ ਤਰਸ ਕਰੇਗਾ।

ਉਹ ਲੋਕ ਭਾਗਵਾਨ ਤੇ ਨਿਵਾਜੇ ਹੋਏ ਹਨ ਜਿਨ੍ਹਾਂ ਦੇ ਹਿਰਦੇ ਸ਼ੁੱਧ ਤੇ ਪਵਿੱਤ੍ਰ ਹਨ, ਰੱਬ ਉਨ੍ਹਾਂ ਨੂੰ ਦਰਸ਼ਨ ਦੇਵੇਗਾ।

ਪਰਮਾਤਮਾ ਦੇ ਲੋਕਾਂ ਵਿਚ ਸ਼ਾਂਤੀ ਸਥਾਪਨ ਕਰਨ ਵਾਲੇ ਵੀ ਕਿਤਨੇ ਭਾਗਵਾਨ ਹਨ। ਪਰਮਾਤਮਾ ਉਨ੍ਹਾਂ ਨੂੰ ਆਪਣੇ ਪੁੱਤਰ ਬਣਾਏਗਾ।

ਕਿਤਨੇ ਭਾਗਵਾਨ ਹਨ ਉਹ ਲੋਕ ਜਿਨ੍ਹਾਂ ਨੇ ਸੱਚ ਦੀ ਖਾਤਰ ਤਸੀਹੇ ਝੱਲੇ ਹਨ। ਸਵਰਗ ਦੀ ਸਲਤਨਤ ਉਨ੍ਹਾਂ ਦੀ ਹੈ।

(ਮੈਥਿਊ, V. 1, 10)

2 *ਪ੍ਰੇਮ*

ਤੁਸਾਂ ਜਾਣ ਲਿਆ ਹੈ ਕਿ ਸਾਡੇ ਵੱਡੇ ਵਡੇਰਿਆਂ ਨੂੰ ਦੱਸਿਆ ਗਿਆ ਸੀ ਕਿ ਕਿਸੇ ਨੂੰ ਜਾਨ ਤੋਂ ਨਾ ਮਾਰੋ। ਜਿਹੜਾ ਕੋਈ ਕਿਸੇ ਮਨੁੱਖ ਨੂੰ ਕਤਲ ਕਰਦਾ ਹੈ ਉਸ ਨਾਲ ਨਿਆਂ ਚੁਕਾਇਆ ਜਾਏਗਾ। ਪਰੰਤੂ ਜੋ ਕੁੱਝ ਮੈਂ ਤੁਹਾਨੂੰ ਦਸਦਾ ਹਾਂ ਉਹ ਇਹ ਹੈ ਕਿ ਜੋ ਕੋਈ ਆਪਣੇ ਭਰਾ ਵਿਰੁੱਧ ਗੁਸਾ ਵੀ ਦਿਲ ਵਿਚ ਧਾਰਦਾ ਹੈ ਉਸ ਨੂੰ ਵੀ ਹਿਸਾਬ ਦੇਣਾ ਪਏਗਾ। ਜੇ ਕਰ ਉਹ ਆਪਣੇ ਭਰਾ ਤੋਂ ਨੱਕ ਵੱਟਦਾ ਹੈ ਤਾਂ ਵੀ ਉਸ ਨੂੰ ਨਰਕ ਦੀ ਅੱਗ ਵਿਚ ਸੜ ਕੇ ਇਸ ਦੀ ਸਜ਼ਾ ਭੁਗਤਣੀ ਹੋਵੇਗੀ।

ਵਿਭਚਾਰ

ਤੁਸਾਂ ਪੜ੍ਹਿਆ ਹੈ ਕਿ ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਵਿਭਚਾਰ ਨਾ ਕਰੋ। ਪਰੰਤੂ ਜੋ ਕੁੱਝ ਮੈਂ ਤੁਹਾਨੂੰ ਦੱਸਦਾ ਹਾਂ ਉਹ ਇਹ ਹੈ ਕਿ ਜੇਕਰ ਕੋਈ ਪੁਰਸ਼ ਕਿਸੇ ਇਸਤ੍ਰੀ ਨੂੰ ਭੈੜੀ ਅੱਖ ਨਾਲ ਵੇਖਦਾ ਹੈ ਤਾਂ ਉਸ ਨੇ ਆਪਣੇ ਦਿਲ ਵਿਚ ਹੀ ਵਿਭਚਾਰ ਦਾ ਕੁਕਰਮ ਕਰ ਲਿਆ ਹੈ। *(ਮੈਥਿਊ, V. 21, 22, 27, 28)*

3 *ਸਹਿਨਸ਼ੀਲਤਾ*

ਤੁਸਾਂ ਜਾਣ ਲਿਆ ਹੈ ਕਿ ਉਨ੍ਹਾਂ ਨੂੰ ਦਸਿਆ ਗਿਆ ਸੀ ਕਿ ਆਪਣੇ ਪੜੋਸੀ ਨਾਲ ਪਿਆਰ ਕਰੋ ਤੇ ਆਪਣੇ ਵੈਰੀ ਤੋਂ ਘਿਰਣਾ ਕਰੋ। ਪਰੰਤੂ ਜੋ ਕੁੱਝ ਤੁਹਾਨੂੰ ਮੈਂ ਦੱਸਦਾ ਹਾਂ ਉਹ ਇਹ ਹੈ ਕਿ ਆਪਣੇ

ਵੈਰੀਆਂ ਨਾਲ ਵੀ ਪਿਆਰ ਕਰੋ ਤੇ ਤਸੀਹੇ ਦੇਣ ਵਾਲਿਆਂ ਲਈ ਵੀ ਪ੍ਰਾਰਥਨਾ ਕਰੋ। ਅਜਿਹਾ ਕਰਨ ਨਾਲ ਤੁਸੀਂ ਆਪਣੇ ਪ੍ਰਭੂ ਦੇ ਪਿਆਰੇ ਪੁੱਤਰ ਬਣ ਸਕਦੇ ਹੋ। ਤੁਹਾਡਾ ਪ੍ਰਭੂ ਭੈੜੇ ਤੇ ਚੰਗੇ ਦੋਹਾਂ ਪੁਰਸ਼ਾਂ ਨੂੰ ਆਪਣੇ ਸੂਰਜ ਦਾ ਚਾਨਣ ਦਿੰਦਾ ਹੈ ਤੇ ਦਿਆਨਤਦਾਰ ਤੇ ਬਦਦਿਆਨਤਦਾਰ ਦੋਹਾਂ ਤੇ ਵਰਖਾ ਕਰਦਾ ਹੈ। ਜੇ ਕਰ ਤੁਸੀਂ ਕੇਵਲ ਉਨ੍ਹਾਂ ਨਾਲ ਹੀ ਪਿਆਰ ਕਰਦੇ ਹੋ ਜਿਹੜੇ ਤੁਹਾਡੇ ਨਾਲ ਪਿਆਰ ਕਰਦੇ ਹਨ ਤਾਂ ਤੁਸੀਂ ਪਰਮਾਤਮਾ ਪਾਸੋਂ ਕਿਸ ਇਨਾਮ ਦੀ ਆਸ ਰੱਖ ਸਕਦੇ ਹੋ? *(ਮੈਥਿਊ V. 43-46)*

4 *ਨਿਮਰਤਾ*

ਇਸ ਗੱਲ ਦਾ ਧਿਆਨ ਰੱਖੋ ਕਿ ਤੁਸੀਂ ਆਪਣੇ ਧਰਮ ਦਾ ਵਿਖਾਵਾ ਕਿਸੇ ਸਾਮ੍ਹਣੇ ਨਹੀਂ ਕਰਦੇ। ਜੇ ਕਰ ਤੁਸੀਂ ਅਜਿਹਾ ਕਰਦੇ ਹੋ ਤਾਂ ਸਵਰਗ ਵਿਚ ਤੁਹਾਡੇ ਪਿਤਾ ਪ੍ਰਭੂ ਤੋਂ ਤੁਹਾਨੂੰ ਕੋਈ ਫਲ ਨਹੀਂ ਪ੍ਰਾਪਤ ਹੋਵੇਗਾ। *(ਮੈਥਿਊ, VI. 1)*

5 *ਅਸਲੀ ਧਨ*

ਇਸ ਸੰਸਾਰ ਵਿਚ ਆਪਣੇ ਲਈ ਧਨ ਪਦਾਰਥਾਂ ਦੇ ਖ਼ਜ਼ਾਨੇ ਨਾ ਇਕੱਠੇ ਕਰੋ। ਇੱਥੇ ਇਨ੍ਹਾਂ ਨੂੰ ਜੰਗਾਲ ਲੱਗ ਜਾਏਗਾ ਤੇ ਘੁਣ ਖਾ ਜਾਏਗਾ ਤੇ ਚੋਰ ਇਸ ਨੂੰ ਚੁਰਾਉਣ ਲਈ ਅੰਦਰ ਘੁਸ ਆਉਣਗੇ। ਆਪਣਾ ਖ਼ਜ਼ਾਨਾ ਸਵਰਗ ਵਿਚ ਜਮ੍ਹਾਂ ਕਰੋ ਜਿੱਥੇ ਇਸ ਨੂੰ ਵਿਗਾੜਨ ਲਈ ਨ ਘੁਣ ਹੈ ਤੇ ਨ ਜੰਗਾਲ ਤੇ ਨ ਹੀ ਕੋਈ ਚੋਰ ਇਸ ਨੂੰ ਚੁਰਾਣ ਲਈ ਉੱਥੇ ਘੁਸ ਸਕਦਾ ਹੈ। ਜਿੱਥੇ ਤੁਹਾਡੀ ਦੌਲਤ ਤੇ ਧਨ ਹੋਣਗੇ ਉੱਥੇ ਹੀ ਤੁਹਾਡਾ ਦਿਲ ਟਿਕਿਆ ਹੋਵੇਗਾ।

ਕੋਈ ਨੌਕਰ ਦੋ ਮਾਲਕਾਂ ਦਾ ਗੋਲਾ ਨਹੀਂ ਹੋ ਸਕਦਾ। ਕਿਉਂਕਿ ਜਾਂ ਤਾਂ ਉਹ ਪਹਿਲੇ ਤੋਂ ਘਿਰਣਾ ਕਰਕੇ ਦੂਜੇ ਨਾਲ ਪਿਆਰ ਕਰੇਗਾ ਜਾਂ ਉਹ ਪਹਿਲੇ ਵਲ ਆਪਣੀ ਸ਼ਰਧਾ ਪ੍ਰਗਟ ਕਰੇਗਾ ਤੇ ਦੂਜੇ ਦਾ ਕੋਈ ਖ਼ਿਆਲ ਨਹੀਂ ਕਰੇਗਾ। ਤੁਸੀਂ ਪਰਮਾਤਮਾ ਤੇ ਧਨ ਦੌਲਤ ਦੀ ਇਕੱਠੀ ਸੇਵਾ ਨਹੀਂ ਕਰ ਸਕਦੇ। *(ਮੈਥਿਊ, VI. 19-21, 24)*

6 *ਅਸਲੀ ਜੀਵਨ ਦਾ ਰਾਹ*

ਦੂਜਿਆਂ ਨਾਲ ਸਦਾ ਅਜਿਹਾ ਵਰਤਾ ਕਰੋ ਜਿਸ ਤਰ੍ਹਾਂ ਦਾ ਤੁਸੀਂ ਉਨ੍ਹਾਂ ਤੋਂ ਆਪਣੇ ਨਾਲ ਚਾਹੁੰਦੇ ਹੋ। ਇਹ ਹੀ ਨਿਯਮ (ਧਰਮ) ਤੇ ਪੈਗ਼ੰਬਰ ਹੈ।

ਤੁਸੀਂ ਹਮੇਸ਼ਾ ਤੰਗ ਦਰਵਾਜ਼ੇ ਵਿਚੋਂ ਅੰਦਰ ਦਾਖ਼ਲ ਹੋਵੋ। ਨਰਕ ਤੇ ਫ਼ਨ੍ਹਾ ਵਲ ਜਾਣ ਵਾਲਾ ਦਰਵਾਜ਼ਾ ਬੜਾ ਵੱਡਾ ਤੇ ਚੌੜਾ

ਹੈ, ਸੜਕ ਤੇ ਬੜੀ ਖੁਲ੍ਹੀ ਥਾਂ ਹੈ, ਬਹੁਤੇ ਉਸੇ ਰਸਤੇ ਪੈਂਦੇ ਹਨ। ਪਰੰਤੂ ਜਿਹੜਾ ਦਰਵਾਜ਼ਾ ਅਸਲੀ ਜੀਵਨ ਵਲ ਜਾਂਦਾ ਹੈ ਉਹ ਛੋਟਾ ਹੈ ਤੇ ਉਸ ਦੀ ਸੜਕ ਬੜੀ ਤੰਗ ਹੈ। ਜਿਹੜੇ ਇਸ ਦਰਵਾਜ਼ੇ ਨੂੰ ਲੱਭਦੇ ਹਨ ਉਨ੍ਹਾਂ ਦੀ ਗਿਣਤੀ ਬਹੁਤ ਥੋੜ੍ਹੀ ਹੈ।

(ਮੈਥਿਊ, VII, 12-14)

7 *ਭਾਣਾ ਮੰਨਣਾ*

ਉਹ (ਯਸੂ ਮਸੀਹ) ਲੋਕਾਂ ਦੇ ਇਕੱਠ ਨੂੰ ਆਪਣੀਆਂ ਗੱਲਾਂ ਸੁਣਾ ਰਹੇ ਸਨ ਤੇ ਉਪਦੇਸ਼ ਦੇ ਰਹੇ ਸਨ ਜਦੋਂ ਉਨ੍ਹਾਂ ਦੀ ਮਾਤਾ ਤੇ ਉਨ੍ਹਾਂ ਦਾ ਵੀਰ ਬਾਹਰ ਆ ਖੜੇ ਹੋਏ। ਉਹ ਯਸੂ ਮਸੀਹ ਨਾਲ ਗੱਲ ਬਾਤ ਕਰਨਾ ਚਾਹੁੰਦੇ ਸਨ। ਕਿਸੇ ਨੇ ਕਿਹਾ ਕਿ ਤੁਹਾਡੀ ਮਾਤਾ ਤੇ ਤੁਹਾਡੇ ਵੀਰ ਬਾਹਰ ਖੜ੍ਹੇ ਹਨ। ਉਹ ਤੁਹਾਡੇ ਨਾਲ ਗੱਲ ਬਾਤ ਕਰਨਾ ਚਾਹੁੰਦੇ ਹਨ ਤਾਂ ਯਸੂ ਮਸੀਹ ਨੇ ਉਸ ਆਦਮੀ ਤੋਂ ਜਿਹੜਾ ਇਹ ਸੁਨੇਹਾ ਲਿਆਇਆ ਸੀ, ਪੁਛਿਆ ਕਿ ਮੇਰੀ ਮਾਤਾ ਕੌਣ ਹੈ ਤੇ ਮੇਰੇ ਭਰਾ ਕਿਹੜੇ ਹਨ? ਤੇ ਫਿਰ ਆਪਣੇ ਚੇਲਿਆਂ ਵਲ ਇਸ਼ਾਰਾ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਇਹ ਮੇਰੀ ਮਾਤਾ ਤੇ ਮੇਰੇ ਵੀਰ ਹਨ। ਜੋ ਕੋਈ ਮੇਰੇ ਪ੍ਰਭੂ ਦਾ ਭਾਣਾ ਮੰਨਦਾ ਹੈ ਤੇ ਉਸ ਦੇ ਹੁਕਮ ਦੀ ਪਾਲਣਾ ਕਰਦਾ ਹੈ ਉਹ ਹੀ ਮੇਰਾ ਵੀਰ, ਉਹ ਹੀ ਮੇਰੀ ਭੈਣ ਤੇ ਉਹ ਹੀ ਮੇਰੀ ਮਾਤਾ ਹੈ। *(ਮੈਥਿਊ, XII, 4650)*

8 *ਲੋਭ*

ਤੇ ਫਿਰ ਪੁਰਸ਼ ਅੱਗੇ ਵੱਧ ਕੇ ਯਸੂ ਮਸੀਹ ਦੇ ਸਾਹਮਣੇ ਆਇਆ ਤੇ ਪੁੱਛਿਆ ਕਿ ਜੀ ਮੈਂ ਕਿਹੜਾ ਭਲਾ ਕਰਮ ਕਰਾਂ ਜਿਸ ਨਾਲ ਮੈਨੂੰ ਸਦੀਵੀ ਜੀਵਨ ਦੀ ਪ੍ਰਾਪਤੀ ਹੋਵੇ। ਤਾਂ ਯਸੂ ਮਸੀਹ ਨੇ ਕਿਹਾ ਬੜੀ ਚੰਗੀ ਗੱਲ ਹੈ ਪਰ ਤੁਸੀਂ ਮੈਨੂੰ ਇਸ ਬਾਰੇ ਕਿਉਂ ਪੁੱਛਦੇ ਹੋ? ਇਕੋ ਇਕ ਹੀ ਭਲਾ ਕਰਮ ਹੈ ਤੇ ਜੇਕਰ ਤੁਸੀਂ ਜੀਵਨ ਵਿਚ ਪ੍ਰਵੇਸ਼ ਕਰਨਾ ਚਾਹੁੰਦੇ ਤਾਂ ਪ੍ਰਭੂ ਹੁਕਮਾਂ ਉੱਪਰ ਅਮਲ ਕਰੋ। ਉਸ ਨੂੰ ਪੁੱਛਿਆ ਕਿ ਕਿਹੜੇ ਹੁਕਮ? ਤਦ ਯਸੂ ਮਸੀਹ ਨੇ ਜਵਾਬ ਦਿੱਤਾ ਕਿ ਕਿਸੇ ਨੂੰ ਕਤਲ ਨਾ ਕਰੋ, ਵਿਭਚਾਰ ਨਾ ਕਰੋ, ਚੋਰੀ ਨਾ ਕਰੋ ਝੂਠੀ ਗਵਾਹੀ ਨਾ ਦਿਉ। ਆਪਣੇ ਮਾਤਾ ਪਿਤਾ ਦਾ ਸਨਮਾਨ ਕਰੋ ਤੇ ਆਪਣੇ ਗਵਾਂਢੀ ਨਾਲ ਆਪਣੇ ਵਾਂਗ ਹੀ ਪਿਆਰ ਕਰੋ। ਉਸ ਨੌਜਵਾਨ ਨੇ ਜਵਾਬ ਦਿੱਤਾ, "ਮੈਂ ਇਨ੍ਹਾਂ ਸਾਰੀਆਂ ਗੱਲਾਂ ਉੱਪਰ ਅਮਲ ਕਰਦਾ ਰਿਹਾ ਹਾਂ। ਮੇਰੇ ਵਿਚ ਹਾਲਾਂ ਵੀ ਕਿਹੜੀ ਕਸਰ

ਹੈ?" ਯਸੂ ਮਸੀਹ ਨੇ ਕਿਹਾ, "ਜੇਕਰ ਤੁਸੀਂ ਮੇਰੇ ਦੱਸੇ ਰਾਹ ਤੇ ਪੂਰੀ ਤਰ੍ਹਾਂ ਚਲਣਾ ਚਾਹੁੰਦੇ ਹੋ ਤਾਂ ਆਪਣੀਆਂ ਸਾਰੀਆਂ ਚੀਜ਼ਾਂ ਵੇਚ ਦਿਉ ਤੇ ਗ਼ਰੀਬਾਂ ਵਿਚ ਵੰਡ ਦਿਉ। ਫਿਰ ਤੁਹਾਨੂੰ ਸਵਰਗ ਵਿਚ ਸਾਰੀ ਦੌਲਤ ਪ੍ਰਾਪਤ ਹੋਵੇਗੀ। ਆਉ, ਮੇਰੇ ਪਿੱਛੇ ਲਗੋ।" ਜਦੋਂ ਉਸ ਨੌਜੁਆਨ ਨੇ ਇਹ ਗੱਲ ਸੁਣੀ ਤਾਂ ਉਹ ਬੜਾ ਉਦਾਸ ਹੋ ਕੇ ਚਲਾ ਗਿਆ ਕਿਉਂਕਿ ਉਹ ਬੜਾ ਧਨਵਾਨ ਸੀ।

ਯਸੂ ਮਸੀਹ ਨੇ ਆਪਣੇ ਚੇਲਿਆਂ ਨੂੰ ਕਿਹਾ, "ਮੈਂ ਤੁਹਾਨੂੰ ਇਹ ਦੱਸਦਾ ਹਾਂ ਕਿ ਇਕ ਅਮੀਰ ਆਦਮੀ ਲਈ ਸਵਰਗ ਵਿਚ ਦਾਖ਼ਲ ਹੋਣਾ ਬੜਾ ਮੁਸ਼ਕਿਲ ਹੋਵੇਗਾ। ਮੈਂ ਫਿਰ ਕਹਿੰਦਾ ਹਾਂ ਕਿ ਇਕ ਊਠ ਲਈ ਇਕ ਸੂਈ ਦੇ ਨੱਕੇ ਵਿਚੋਂ ਲੰਘਣਾ ਸੌਖਾ ਹੈ ਪਰੰਤੂ ਇਸ ਧਨਾਢ ਪੁਰਸ਼ ਲਈ ਰੱਬ ਦੇ ਘਰ ਦਾਖ਼ਲ ਹੋਣਾ ਔਖਾ ਹੈ।"

(ਮੈਥਿਊ, XIX. 16-24)

9 *ਸੱਚੀ ਵਡਿਆਈ*

ਉਸ ਸਮੇਂ ਸਾਰੇ ਚੇਲੇ ਯਸੂ ਮਸੀਹ ਪਾਸ ਆਏ ਤੇ ਪੁਛਿਆ "ਰੱਬ ਦੀ ਸਲਤਨਤ (ਰਾਜ) ਵਿਚ ਸਭ ਤੋਂ ਵੱਡਾ ਕੌਣ ਹੈ?" ਤਦ ਯਸੂ ਮਸੀਹ ਨੇ ਇਕ ਬੱਚੇ ਨੂੰ ਬੁਲਾਇਆ ਤੇ ਉਨ੍ਹਾਂ ਦੇ ਸਾਹਮਣੇ ਉਸ ਨੂੰ ਖੜ੍ਹਾ ਕਰਕੇ ਕਿਹਾ, "ਮੈਂ ਤੁਹਾਨੂੰ ਇਹ ਦੱਸਦਾ ਹਾਂ ਕਿ ਜਦ ਤਕ ਤੁਸੀਂ ਬਦਲ ਕੇ ਬਾਲਕਾਂ ਵਾਂਗ ਨਹੀਂ ਬਣ ਜਾਂਦੇ ਤੁਸੀਂ ਰੱਬ ਦੀ ਸਲਤਨਤ (ਰਾਜ) ਵਿਚ ਦਾਖ਼ਲ ਨਹੀਂ ਹੋ ਸਕੋਗੇ। ਹਰ ਮਨੁੱਖ ਨੂੰ ਆਪਣੇ ਵਿਚ ਨਿਮਰਤਾ ਤੇ ਗ਼ਰੀਬੀ ਪੈਦਾ ਕਰਕੇ ਇਸ ਬਾਲਕ ਵਾਂਗ ਬਣਨਾ ਚਾਹੀਦਾ ਹੈ। ਤਦ ਫਿਰ ਉਹ ਰੱਬ ਦੇ ਘਰ ਵਿਚ ਸਭ ਤੋਂ ਮਹਾਨ ਹੋਵੇਗਾ। *(ਮੈਥਿਊ, XVIII. 28, 3-4)*

10 *ਸੇਵਾ*

ਤਦ ਫਿਰ ਯਸੂ ਮਸੀਹ ਬੈਠ ਗਏ। ਉਨ੍ਹਾਂ ਬਾਰਾਂ ਚੇਲਿਆਂ ਨੂੰ ਬੁਲਾਇਆ ਤੇ ਕਿਹਾ, "ਜੇਕਰ ਕੋਈ ਸਭ ਤੋ ਪਹਿਲਾਂ ਦਰਜਾ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਆਪਣੇ ਆਪ ਨੂੰ ਸਭ ਤੋਂ ਨੀਵਾਂ ਤੇ ਸਭ ਦਾ ਸੇਵਾਦਾਰ ਬਣਾਉਣਾ ਚਾਹੀਦਾ ਹੈ।"

(ਮਾਰਕ, IX. 35)

11 ਯਸੂ ਮਸੀਹ ਨੇ ਉਨ੍ਹਾਂ ਨੂੰ ਆਪਣੇ ਵਲ ਬੁਲਾਇਆ ਤੇ ਕਿਹਾ, "ਤੁਸੀਂ ਜਾਣਦੇ ਹੋ ਕਿ ਪ੍ਰਵਾਣਿਤ ਹਾਕਮ ਆਪਣੀ ਪਰਜਾ ਉੱਪਰ ਹੁਕਮ ਚਲਾਉਂਦੇ ਹਨ ਤੇ ਉਨ੍ਹਾਂ ਨੂੰ ਆਪਣੀ ਸ਼ਕਤੀ ਦਾ ਜ਼ੋਰ (ਰੋਬ)

ਅਨੁਭਵ ਕਰਾਉਂਦੇ ਹਨ। ਇਹ ਗੱਲ ਤੁਹਾਡੇ ਵਿਚ ਨਹੀਂ ਹੋਣੀ ਚਾਹੀਦੀ, ਤੁਹਾਡੇ ਵਿਚੋਂ ਜੇ ਕੋਈ ਵੱਡਾ ਜਾਂ ਮਹਾਨ ਬਣਨਾ ਚਾਹੁੰਦਾ ਹੈ ਉਸ ਨੂੰ ਦੂਜਿਆਂ ਦਾ ਸੇਵਾਦਾਰ ਬਣਨਾ ਚਾਹੀਦਾ ਹੈ। ਜਿਹੜਾ ਸਭ ਤੋਂ ਪ੍ਰਥਮ ਹੋਣਾ ਚਾਹੁੰਦਾ ਹੈ ਉਸ ਨੂੰ ਦੂਜਿਆਂ ਦਾ ਦਿਲੋਂ ਗੋਲਾ ਬਣਨਾ ਚਾਹੀਦਾ ਹੈ। ਮਨੁੱਖ ਦਾ ਪੁੱਤਰ ਸੇਵਾ ਕਰਾਉਣ ਲਈ ਨਹੀਂ ਸਗੋਂ ਸੇਵਾ ਕਰਨ ਲਈ ਤੇ ਦੂਜਿਆਂ ਦੇ ਬਚਾਅ ਲਈ ਆਪਣਾ ਜੀਵਨ ਵਾਰਨ ਲਈ ਆਇਆ ਹੈ। *(ਮਾਰਕ, X, 42-45)*

12
ਨਿਮਰਤਾ

ਜਦ ਯਸੂ ਮਸੀਹ ਨੇ (ਮਜਲਸ ਵਿਚ) ਮਹਿਮਾਨਾਂ ਨੂੰ ਸਨਮਾਨ ਵਾਲੀਆਂ ਪਹਿਲੀਆਂ ਥਾਂਵਾਂ ਪ੍ਰਾਪਤ ਕਰਨ ਲਈ ਕੋਸ਼ਿਸ਼ ਕਰਦਿਆਂ ਵੇਖਿਆ ਤਾਂ ਉਨ੍ਹਾਂ ਨੇ ਪ੍ਰਮਾਣ ਦੇ ਕੇ ਉਨ੍ਹਾਂ ਨੂੰ ਦੱਸਿਆ, "ਜੇਕਰ ਤੁਹਾਨੂੰ ਕਿਸੇ ਸ਼ਾਦੀ ਦੇ ਪ੍ਰੀਤੀ ਭੋਜਨ ਤੇ ਬੁਲਾਇਆ ਜਾਏ ਤਾਂ ਤੁਸੀਂ ਉੱਚੀ ਥਾਂ ਤੇ ਅੱਗੇ ਜਾ ਕੇ ਨਾ ਬੈਠੋ। ਇਹ ਸੰਭਵ ਹੈ ਤੁਹਾਡੇ ਨਾਲੋਂ ਵੀ ਵੱਧ ਪ੍ਰਤਿਸ਼ਠ ਪੁਰਸ਼ ਨੂੰ ਉੱਥੇ ਬੁਲਾਇਆ ਗਿਆ ਹੋਵੇ। ਤਦ ਤੁਹਾਡਾ ਮੇਜ਼ਬਾਨ ਆਵੇਗਾ ਤੇ ਕਹੇਗਾ, "ਤੁਸੀਂ ਆਪਣੀ ਥਾਂ ਇਸ ਪੁਰਸ਼ ਨੂੰ ਦੇ ਦਿਓ ਜੀ।" ਤਦ ਤੁਸੀਂ ਆਪਣੇ ਲਈ ਕੋਈ ਆਖਰੀ ਜਾਂ ਨੀਵੀਂ ਥਾਂ ਭਾਲਦੇ ਹੋਏ ਬੜੇ ਮੂਰਖ ਜਾਪੋਗੇ। ਇਸ ਲਈ ਜਦ ਕਦੇ ਤੁਹਾਨੂੰ ਸੱਦਾ ਪੱਤਰ ਮਿਲੇ ਤਾਂ ਤੁਸੀਂ ਉੱਥੇ ਜਾ ਕੇ ਸਭ ਤੋਂ ਨੀਵੀਂ ਥਾਂ 'ਤੇ ਬੈਠ ਜਾਉ ਤਾਂ ਜੋ ਤੁਹਾਡਾ ਮੇਜ਼ਬਾਨ ਤੁਹਾਨੂੰ ਆ ਕੇ ਆਖੇ, "ਮੇਰੇ ਦੋਸਤ ਤੁਸੀਂ ਉਚੇਰੀ ਥਾਂ ਤੇ ਅੱਗੇ ਆ ਕੇ ਬੈਠੋ।" ਤਦ ਤੁਹਾਡੇ ਨਾਲ ਦੇ ਸਾਰੇ ਮਹਿਮਾਨ ਵੇਖਣਗੇ ਕਿ ਤੁਹਾਡੀ ਕਿਤਨੀ ਇੱਜ਼ਤ ਤੇ ਸਤਿਕਾਰ ਹੈ। ਕਾਰਣ ਇਹ ਹੈ ਕਿ ਜੋ ਕੋਈ ਆਪਣੇ ਆਪ ਨੂੰ ਉੱਚਾ ਜਾਣਦਾ ਹੈ ਉਸ ਨੂੰ ਨੀਵਾਂ ਹੋਣਾ ਪੈਂਦਾ ਹੈ। ਜੋ ਕੋਈ ਨਿਮਰਤਾ ਵਿਚ ਰਹਿੰਦਾ ਹੈ ਉਸ ਨੂੰ ਸਤਿਕਾਰ ਮਿਲਦਾ ਹੈ।

(ਲਿਯੂਕ, XIV, 7.11)

13
ਪ੍ਰੇਮ

ਮੈਂ ਤੁਹਾਨੂੰ ਇਸ ਤਰ੍ਹਾਂ ਉਪਦੇਸ਼ ਦਿੱਤਾ ਹੈ ਤਾਂ ਜੋ ਮੇਰੀ ਸਾਰੀ ਖ਼ੁਸ਼ੀ ਨੂੰ ਤੁਸੀਂ ਮਾਣ ਸਕੋ ਤੇ ਤੁਹਾਡੇ ਅੰਦਰ ਵਿਸਮਾਦ (ਖ਼ੁਸ਼ੀ) ਆ ਜਾਏ। ਇਹੀ ਮੇਰਾ ਆਦੇਸ਼ ਹੈ। ਤੁਸੀਂ ਇਕ ਦੂਜੇ ਨੂੰ ਇੰਜ ਪਿਆਰ ਕਰੋ ਜਿਵੇਂ ਮੈਂ ਤੁਹਾਡੇ ਨਾਲ ਕੀਤਾ ਹੈ। ਇਸ ਨਾਲੋਂ ਹੋਰ ਕੋਈ ਵਡੇਰਾ ਪਿਆਰ ਨਹੀਂ ਹੈ ਕਿ ਇਕ ਪੁਰਸ਼ ਆਪਣੇ ਮਿਤਰਾਂ ਦੇ ਭਲੇ ਲਈ

ਆਪਣੀ ਜਾਨ ਵੀ ਵਾਰ ਦੇਵੇ। *(ਜੌਨ, XV, 11-13)*

ਨੋਟਸ ਤੇ ਟਿੱਪਣੀਆਂ

ਮੈਥਿਊ : ਈਸਾਈ ਬਾਈਬਲ ਵਿਚ ਸ਼ਾਮਲ ਪਹਿਲੀ ਪੁਸਤਕ ਦਾ ਨਾਂ ਹੈ। ਇਸ ਵਿਚ ਯਸੂ ਮਸੀਹ ਦੀਆਂ ਸਿਖਿਆਵਾਂ ਦਾ ਸੰਗ੍ਰਹਿ ਹੈ। ਇਸ ਦਾ ਸੰਗ੍ਰਹਿ ਕਰਤਾ ਮੈਥਿਯੂ ਸੀ ਜਿਸ ਦਾ ਕਾਲ ਲਗਭਗ 90 ਈਸਵੀ ਸੰਨ ਮੰਨਿਆ ਗਿਆ ਹੈ।

ਮਾਰਕ : ਈਸਾਈ ਬਾਈਬਲ ਦੀ ਦੂਸਰੀ ਪੁਸਤਕ ਨੂੰ 'ਮਾਰਕ ਦਾ ਗਾਸਪਾਲ' ਕਿਹਾ ਜਾਂਦਾ ਹੈ। ਮਾਰਕ ਇਸ ਦੇ ਸੰਗ੍ਰਹਿ ਕਰਤਾ ਦਾ ਨਾਂ ਹੈ।

ਲਿਊਕ : ਈਸਾਈ ਬਾਈਬਲ ਦੀ ਤੀਸਰੀ ਪੁਸਤਕ 'ਲਿਊਕ ਦਾ ਗਾਸਪਾਲ' ਹੈ। ਲਿਊਕ ਸੰਗ੍ਰਹਿ ਕਰਤਾ ਦਾ ਨਾਂ ਹੈ। ਇਹ ਮੈਥਿਊ ਤੇ ਮਾਰਕ ਦੋਹਾਂ ਤੋਂ ਮਗਰੋਂ ਸੰਗ੍ਰਹਿਤ ਕੀਤਾ ਗਿਆ।

ਜੌਨ : ਈਸਾਈ ਬਾਈਬਲ ਦਾ ਚੌਥਾ ਗਾਸਪਾਲ ਹੈ। ਇਸ ਗ੍ਰੰਥ ਦਾ ਸੰਗ੍ਰਹਿ ਕਰਤਾ 'ਜੌਨ' ਯਸੂ ਮਸੀਹ ਦਾ ਚੇਲਾ ਸੀ। ਪਰੰਤੂ ਇਹ ਗ੍ਰੰਥ ਉੱਪਰ ਦੱਸੇ ਤਿੰਨਾ ਗ੍ਰੰਥਾਂ ਦੇ ਮਗਰੋਂ ਰਚਿਆ ਗਿਆ। ਇਸ ਦੀ ਤਿਥੀ 200 ਈਸਵੀ ਮੰਨੀ ਗਈ ਹੈ।

ਪ੍ਰੇਮ : ਈਸਾਈ ਧਰਮ ਦੀ ਕੇਂਦਰੀ ਸਿੱਖਿਆ 'ਪ੍ਰੇਮ' ਬਾਰੇ ਹੈ। ਪਰਮਾਤਮਾ ਦਾ ਮਨੁੱਖ ਵਾਸਤੇ ਪ੍ਰੇਮ ਇਕ ਸੱਚਾਈ ਹੈ। ਪਰਮਾਤਮਾ ਮਨੁੱਖ ਦੀ ਮੁਕਤੀ ਵਾਸਤੇ ਆਪਣਾ ਪੁੱਤਰ ਭੇਜਦਾ ਤੇ ਉਸ ਦਾ ਬਲੀਦਾਨ ਕਰਦਾ ਹੈ। ਇਸ ਵਾਸਤੇ ਮਨੁੱਖ ਨੂੰ ਪਰਮਾਤਮਾ ਨਾਲ ਪ੍ਰੇਮ ਕਰਨਾ ਚਾਹੀਦਾ ਹੈ ਤੇ ਫਿਰ ਉਨ੍ਹਾਂ ਸਭ ਮਨੁੱਖਾਂ ਨਾਲ ਪ੍ਰੇਮ ਕਰਨਾ ਚਾਹੀਦਾ ਹੈ ਜਿਹੜੇ ਪ੍ਰਮਤਮਾ ਦੇ ਪੈਦਾ ਕੀਤੇ ਹੋਏ ਹਨ। ਯਸੂ ਮਸੀਹ ਨੇ ਆਪਣੇ ਉਪਦੇਸ਼ਾਂ ਵਿਚ ਕਿਹਾ ਹੈ ਕਿ ਆਪਣੇ ਦੁਸ਼ਮਨ ਨਾਲ ਵੀ ਪ੍ਰੇਮ ਕਰੋ।

ਇਸਲਾਮੀ ਧਰਮ

ਕੁਰਾਨ ਇਕ ਇਲਹਾਮੀ ਪੁਸਤਕ ਹੈ ਜਿਹੜੀ ਪੈਗੰਬਰ ਹਜ਼ਰਤ ਮੁਹੰਮਦ ਤੇ ਨਾਜ਼ਿਲ ਹੋਈ। ਹਜ਼ਰਤ ਮੁਹੰਮਦ 570 ਈ. ਵਿਚ ਮੱਕੇ ਵਿਖੇ ਪੈਦਾ ਹੋਏ ਅਤੇ 630 ਈ. ਵਿਚ ਮਦੀਨੇ ਵਿਖੇ ਸੁਰਗਵਾਸ ਹੋ ਗਏ। ਉਨ੍ਹਾਂ ਨੇ ਇਕ ਵਧੀਆ ਜੀਵਨ ਭੋਗਿਆ। ਉਹ ਬਚਪਨ ਤੋਂ ਹੀ ਈਮਾਨਦਾਰੀ ਲਈ ਪ੍ਰਸਿੱਧ ਸਨ। ਉਨ੍ਹਾਂ ਦੀ ਈਮਾਨਦਾਰੀ, ਕਠਿਨ ਘਾਲਣਾ ਤੇ ਦੂਜਿਆਂ ਲਈ ਹਮਦਰਦੀ ਨੇ ਲੋਕਾਂ ਨੂੰ ਮੋਹ ਲਿਆ। ਉਹ ਬੱਚਿਆਂ ਤੇ ਬੜੇ ਦਿਆਲੂ ਸਨ। ਚਾਲੀ ਸਾਲ ਦੀ ਆਯੂ ਪੂਰੀ ਹੋਣ ਉਪਰੰਤ ਉਨ੍ਹਾ ਨੇ ਦਾਅਵਾ ਕੀਤਾ ਕਿ ਖ਼ੁਦਾ ਇਕ ਫਰਿਸ਼ਤੇ ਰਾਹੀਂ ਆਪਣਾ ਕਲਾਮ ਉਨ੍ਹਾਂ ਤੇ ਉਤਾਰ ਰਿਹਾ ਹੈ।

ਸਮੇਂ ਸਮੇਂ ਸਿਰ ਵੀਹ ਸਾਲਾਂ ਵਿਚ ਪੁੱਜਾ ਖ਼ੁਦਾਈ ਕਲਾਮ ਕੁਰਾਨ ਦੀ ਸ਼ਕਲ ਵਿਚ ਇਕੱਠਾ ਕੀਤਾ ਗਿਆ। ਕੁਰਾਨ ਵਿਚ ਇਸਲਾਮ ਦੇ ਮਸਲੇ, ਸਵਰਗਾਂ ਤੇ ਨਰਕਾਂ ਦੇ ਵਿਸ਼ੇ ਸ਼ਾਮਲ ਹਨ। ਕੁਰਾਨ ਇਸਲਾਮੀ ਸਿੱਖਿਆ ਦਾ ਸੋਮਾ ਹੈ ਜਿਸ ਨੂੰ ਇਕ ਬਹੁਤ ਵੱਡੀ ਜਨਸੰਖਿਆ ਪ੍ਰਵਾਨ ਕਰ ਚੁੱਕੀ ਹੈ।

ਇਸਲਾਮੀ ਸਿੱਖਿਆ ਵਿਚੋਂ ਸਭ ਤੋਂ ਵੱਡੀ ਸਿੱਖਿਆ ਇਕ ਅਲਾਹ ਵਿਚ ਯਕੀਨ ਰੱਖਣਾ ਹੈ ਜੋ ਸਾਰੀ ਸ੍ਰਿਸ਼ਟੀ ਦਾ ਪੈਦਾ ਕਰਨ ਵਾਲਾ, ਤਬਾਹ ਕਰਨ ਵਾਲਾ ਤੇ ਪ੍ਰਤਿਪਾਲਕ ਹੈ। ਇਸਲਾਮ ਏਕਤਾ, ਨਿਆਂ, ਸਮਾਨਤਾ, ਨਿਮਰਤਾ, ਮਨੁੱਖਤਾ ਦੀ ਸੇਵਾ ਆਦਿ ਦੀ ਸਿੱਖਿਆ ਦਿੰਦਾ ਹੈ। ਇੱਥੇ ਕੁਰਾਨ ਵਿਚੋਂ ਕੁੱਝ ਹਵਾਲੇ ਦਿੱਤੇ ਗਏ ਹਨ ਜੋ ਇਸਲਾਮ ਦੇ ਵੱਡੇ ਲੱਛਣਾਂ ਨੂੰ ਪੇਸ਼ ਕਰਦੇ ਹਨ।

ਕੁਰਾਨ

1
ਈਮਾਨ

ਯਕੀਨਨ ਅਸੀਂ ਤੁਹਾਡਾ ਇਮਤਿਹਾਨ (ਪਰੀਖਿਆ) ਲਵਾਂਗੇ— ਤੁਹਾਨੂੰ ਭੁੱਖ ਭੈਅ, ਗਰੀਬੀ ਦੇ ਕੇ, ਤੁਹਾਡੀਆਂ ਫ਼ਸਲਾਂ ਤੇ ਜਾਨਾਂ ਦਾ ਨੁਕਸਾਨ ਕਰਕੇ। ਪਰੰਤੂ ਜਿਸ ਦਾ ਯਕੀਨ ਪੱਕਾ ਹੈ ਉਸ ਲਈ ਸਾਰੀ ਗੱਲ (ਖ਼ਬਰ, ਹਾਲ ਚਾਲ) ਚੰਗੀ ਹੋਵੇਗੀ। *(ਸੂਰਾ 2)*

2 ਹੇ ਮਾਨਵ ਲੋਕੋ! ਰੱਬ ਵੱਲ ਆਪਣਾ ਕਰਤੱਵ ਪਾਲਣ ਕਰਨ ਵਿਚ
ਮਨੁੱਖੀ ਏਕਤਾ ਸੁਚੇਤ ਰਹੋ, ਜਿਸ ਨੇ ਤੁਹਾਨੂੰ ਇਕ ਰੂਹ (ਆਤਮਾ) ਤੋਂ ਪੈਦਾ ਕੀਤਾ ਹੈ ਤੇ ਫਿਰ ਇਨ੍ਹਾਂ ਦੋਹਾਂ ਤੋਂ ਅਣਗਿਣਤ ਆਦਮੀ ਤੇ ਔਰਤਾਂ ਪੈਦਾ ਕੀਤੀਆਂ। ਅਲਾਹ ਵੱਲ ਆਪਣੇ ਫ਼ਰਜ਼ਾਂ ਨੂੰ ਸੁਚੇਤ ਹੋ ਕੇ ਪੂਰਾ ਕਰੋ। ਉਸ ਅਲਾਹ ਤੋਂ ਜਿਸ ਤੋਂ ਤੁਸੀਂ ਸਾਰੇ ਹੱਕ ਤੇ ਬਰਕਤਾਂ ਮੰਗਦੇ ਹੋ ਤੇ ਉਸ ਮਾਤਾ ਦੇ ਗਰਭ ਵੱਲ ਜਿਸ ਤੋਂ ਤੁਸੀਂ ਜਨਮੇ ਹੋ ਆਪਣੇ ਫ਼ਰਜ਼ ਪੂਰੇ ਕਰੋ। ਅਲਾਹ ਤੁਹਾਡੇ ਸਭ ਕਰਤੱਵ ਵੇਖਦਾ ਰਿਹਾ ਹੈ। *(ਸੂਰਾ 4)*

3 ਜਦੋਂ ਤੁਹਾਨੂੰ ਕੋਈ ਨਮਸਕਾਰ ਕਰਦਾ ਹੈ (ਸਲਾਮ ਜਾਂ ਪ੍ਰਣਾਮ
ਨਿਮਰਤਾ ਕਰਦਾ ਹੈ) ਤਾਂ ਉਸ ਨੂੰ ਹੋਰ ਝੁੱਕ ਕੇ ਸਲਾਮ ਕਰੋ ਜਾਂ ਉਸ ਨੂੰ ਮੋੜ ਦਿਉ। ਅਲਾਹ ਇਨ੍ਹਾਂ ਸਾਰੀਆਂ ਗੱਲਾਂ ਦਾ ਹਿਸਾਬ ਰੱਖਦਾ ਹੈ।

ਅਲਾਹ! ਉਸ ਤੋਂ ਸਿਵਾ ਹੋਰ ਕੋਈ ਰੱਬ ਨਹੀਂ। ਉਹ ਤੁਹਾਨੂੰ ਕਿਆਮਤ (ਪਰਲੋ) ਵਾਲੇ ਦਿਨ ਸੰਭਾਲੇਗਾ। ਇਸ ਬਾਰੇ ਕੋਈ ਸ਼ੱਕ ਨਹੀਂ ਅਲਾਹ ਨਾਲੋਂ ਸੱਚੀ ਗੱਲ ਕਹਿਣ ਵਾਲਾ ਹੋਰ ਕੌਣ ਹੈ?

(ਸੂਰਾ 4)

4 ਅਲਾਹ ਤੁਹਾਨੂੰ ਹੁਕਮ ਦਿੰਦਾ ਹੈ ਕਿ ਤੁਸੀਂ ਕਿਸੇ ਦੀ ਚੀਜ਼ ਉਸ ਦੇ
ਇਨਸਾਫ਼ ਮਾਲਕ ਨੂੰ ਵਾਪਸ ਕਰੋ। ਜੇ ਤੁਸੀਂ ਮਨੁੱਖਾਂ ਵਿਚ ਇਨਸਾਫ਼ ਕਰਨ ਲਈ ਬੈਠੋ ਤਾਂ ਠੀਕ ਇਨਸਾਫ਼ ਕਰੋ। ਰੱਬ ਦੀ ਸ਼ਾੜ ਵੀ ਤੁਹਾਡੇ ਲਈ ਬੜੀ ਸੁਆਦਲੀ ਹੈ। ਸੁਣੋ ਅਲਾਹ ਹਮੇਸ਼ਾ ਸੁਣਦਾ ਤੇ ਵੇਖਦਾ ਹੈ। *(ਸੂਰਾ 4)*

5 ਹੇ ਮੇਰੇ ਤੇ ਯਕੀਨ ਰੱਖਣ ਵਾਲੇ ਲੋਕੋ! ਇਨਸਾਫ਼ ਤੇ ਬਰਾਬਰੀ ਤੇ
ਫ਼ਰਜ਼ ਚਲਦਿਆਂ ਰੱਬ ਨੂੰ ਹਮੇਸ਼ਾ ਸਾਹਮਣੇ ਰੱਖੋ। ਕਿਸੇ ਦੀ ਨਫ਼ਰਤ ਕਾਰਣ ਤੁਸੀਂ ਕੋਈ ਅਜਿਹਾ ਕਰਮ ਨਾ ਕਰੋ ਜਿਸ ਬਾਰੇ ਤੁਸੀਂ ਰੱਬ ਨੂੰ ਜਵਾਬ ਨਾ ਦੇ ਸਕੋ। ਉਹ ਕੰਮ ਕਰੋ ਜਿਹੜਾ ਤੁਹਾਡਾ ਫ਼ਰਜ਼ ਹੈ। ਆਪਣਾ ਕਰਤੱਵ ਅਲਾਹ ਵੱਲ ਪੂਰਾ ਕਰੋ। ਅਲਾਹ ਨੂੰ ਤੁਹਾਡੇ ਸਭ ਕਰਮਾਂ ਦਾ ਪਤਾ ਹੈ। *(ਸੂਰਾ 5)*

6 ਅਲਾਹ (ਰੱਬ, ਪਰਮਾਤਮਾ) ਦੇ ਇਲਾਵਾ ਜੋ ਕਿਸੇ ਹੋਰ ਦੀ ਉਹ
ਸਹਿਨਸ਼ੀਲਤਾ ਇਬਾਦਤ (ਪੂਜਾ) ਕਰਦੇ ਹਨ ਤਾਂ ਉਨ੍ਹਾਂ ਨੂੰ ਬੁਰਾ ਭਲਾ ਨਾ ਕਹੋ। ਅਜਿਹਾ ਨਾ ਹੋਵੇ ਉਹ ਆਪਣੀ ਬੇਇਲਮੀ ਕਾਰਣ ਇਸ ਤਰ੍ਹਾਂ

ਕਰਕੇ ਅਲਾਹ ਦੀ ਨਿਰਾਦਰੀ ਕਰਨ। ਇਸ ਤਰ੍ਹਾਂ ਅਸੀਂ ਹਰ ਕੌਮ ਨੂੰ ਉਨ੍ਹਾਂ ਦੇ ਕੰਮ ਮੁਨਾਸਬ ਪ੍ਰਤੀਤ ਹੋਣ ਦਾ ਉਪਦੇਸ਼ ਦਿੱਤਾ ਹੈ।

(ਸੂਰਾ 6)

7
ਕਰਮਫਲ
ਜਿਹੜਾ ਕੋਈ ਭਲਾ ਕਰਮ ਕਰਦਾ ਹੈ ਉਸ ਨੂੰ ਉਸ ਦਾ ਦਸ ਗੁਣਾ ਫਲ ਮਿਲੇਗਾ (ਉੱਥੇ, ਅੱਗੇ) ਜਿਹੜਾ ਕੋਈ ਮਾੜਾ ਕਰਮ ਕਰਦਾ ਹੈ ਉਸ ਨੂੰ ਉਸੇ ਵਰਗਾ ਫਲ ਮਿਲੇਗਾ। *(ਸੂਰਾ 6)*

8
ਪੈਗੰਬਰ
ਤੇ ਹਰ ਕੌਮ ਲਈ ਇਕ ਪੈਗੰਬਰ ਹੈ ਤੇ ਜਦੋਂ ਕਿਆਮਤ (ਪਰਲੋ) ਦੇ ਦਿਨ ਇਹ ਪੈਗੰਬਰ ਆਵੇਗਾ ਤਾਂ ਉਨ੍ਹਾਂ ਦੇ ਨਾਲ ਠੀਕ ਇਨਸਾਫ਼ ਹੋਵੇਗਾ। ਉਨ੍ਹਾਂ ਨੂੰ ਕੋਈ ਹਾਨੀ ਨਹੀਂ ਹੋਵੇਗੀ। *(ਸੂਰਾ 11)*

9
ਅਲਾਹ
ਤੇ ਅਸਾਂ ਜਿਸ ਪੈਗੰਬਰ (ਅਵਤਾਰ, ਨਬੀ) ਨੂੰ ਭੇਜਿਆ ਉਸ ਨੇ ਉਨ੍ਹਾਂ ਲੋਕਾਂ ਦੀ ਬੋਲੀ ਵਿਚ (ਸਾਡਾ) ਸੁਨੇਹਾ (ਪੈਗਾਮ) ਸਾਫ਼ ਸਮਝਾਇਆ। ਅਲਾਹ ਜਿਸ ਨੂੰ ਚਾਹੁੰਦਾ ਹੈ, ਰਸਤੇ ਤੇ ਪਾ ਦਿੰਦਾ ਹੈ ਤੇ ਜਿਸ ਨੂੰ ਚਾਹੁੰਦਾ ਹੈ, ਕੁਰਾਹੇ ਪਾ ਦਿੰਦਾ ਹੈ। ਉਹ ਬੜਾ ਸ਼ਕਤੀਮਾਨ ਤੇ ਸਭ ਸਿਆਣਪਾਂ ਦਾ ਮਾਲਕ ਅਲਾਹ ਹੈ।

(ਸੂਰਾ 14)

10
ਮਾਪਿਆਂ ਦੀ ਸੇਵਾ
ਤੇ ਤੁਹਾਡੇ ਮਾਲਕ (ਸਾਈਂ, ਅਲਾਹ) ਦਾ ਹੁਕਮ ਹੈ ਕਿ ਤੁਸੀਂ ਸਿਵਾਏ ਉਸ ਦੇ ਕਿਸੇ ਹੋਰ ਦੀ ਸੇਵਾ ਨਹੀਂ ਕਰੋਗੇ ਤੇ ਆਪਣੇ ਮਾਪਿਆਂ ਨਾਲ ਚੰਗਾ ਵਰਤਾਉ ਕਰੋਗੇ। ਜੇਕਰ ਉਨ੍ਹਾਂ (ਮਾਪਿਆਂ) ਨਾਲ ਕੋਈ ਇਕ ਜਾਂ ਦੋਵੇਂ ਬਿਰਧ ਅਵਸਥਾ ਵਿਚ ਹੋਣ ਤਾਂ ਉਨ੍ਹਾਂ ਨੂੰ 'ਓਏ' ਕਰਕੇ ਵੀ ਨਾ ਬੋਲੋ ਤੇ ਨਾ ਕਦੇ ਉਨ੍ਹਾਂ ਨੂੰ ਝਿੜਕੋ। ਉਨ੍ਹਾਂ ਨਾਲ ਸੋਹਣੀ ਤੇ ਸੁਖਾਵੀ ਗੱਲ ਕਰੋ। ਉਨ੍ਹਾਂ ਦੀ ਆਗਿਆ ਦਾ ਪਾਲਣ ਕਰੋ ਤੇ ਪੂਰੀ ਫਰਮਾਬਰਦਾਰੀ ਕਰਕੇ ਉਨ੍ਹਾਂ ਨਾਲ ਮਿੱਠਾ ਤੇ ਦਇਆ ਦ੍ਰਿਸ਼ਟੀ ਵਾਲਾ ਸਲੂਕ ਕਰੋ, ਤੇ ਫਿਰ ਪ੍ਰਾਰਥਨਾ ਕਰੋ, "ਹੇ ਮੇਰੇ ਮਾਲਕ (ਰੱਬ) ਇਨ੍ਹਾਂ ਉੱਪਰ ਮਿਹਰ ਕਰ, ਦਇਆ ਕਰ, ਕਿਉਂਕਿ ਇਨ੍ਹਾਂ ਨੇ ਮੈਨੂੰ ਪਾਲਿਆ ਪੋਸਿਆ ਹੈ।" *(ਸੂਰਾ 15)*

11
ਮੁਨਕਰ
ਪੈਗੰਬਰ, ਨਬੀ, ਰਸੂਲ (ਅਵਤਾਰ) ਤੇ ਵਾਕਈ (ਸੱਚਮੁੱਚ) ਅਸਾਂ ਹਰ ਕੌਮ ਵਿਚ ਆਪਣਾ ਇਕ ਪੈਗੰਬਰ (ਸੁਨੇਹਾ ਪੁਚਾਉਣ ਵਾਲਾ) ਪੈਦਾ ਕੀਤਾ ਹੈ, (ਦੱਸਦਿਆਂ ਹੋਇਆਂ) ਅਲਾਹ (ਪਰਮਾਤਮਾ) ਦੀ ਸੇਵਾ ਕਰੋ। ਝੂਠ ਤੇ ਬਦੀ ਤੋਂ ਬਚੋ। ਤਦ ਉਨ੍ਹਾਂ ਵਿਚੋਂ ਕੁੱਝ ਅਜਿਹੇ

ਸਨ ਜਿਨ੍ਹਾਂ ਨੇ ਅਲਾਹ ਦੇ ਰਸਤੇ ਨੂੰ ਪਾ ਲਿਆ। ਕੁੱਝ ਅਜਿਹੇ ਸਨ ਜਿਹੜੇ ਭੁਲ ਭੁਲੇਖੇ ਵਿਚ ਰਹੇ। ਤੁਸੀਂ ਸੰਸਾਰ ਵਿਚ ਫਿਰ ਵੇਖੋ ਕਿ ਮੁਨਕਰ (ਰੱਬ ਨੂੰ ਨਾ ਮੰਨਣ ਵਾਲੇ) ਦਾ ਕੀ ਹਸ਼ਰ ਹੈ। *(ਸੂਰਾ 16)*

ਨੇਕੀ ਕਰਨ ਦੀ ਤਾਕੀਦ ਤੇ ਆਪਣੇ ਬਚਨ,
ਤੇ ਇਕਰਾਰ ਦਾ ਪਾਲਣ ਕਰਨ ਦੀ ਸਿਖਿਆ।

12 **ਦਇਆ ਤੇ ਇਨਸਾਫ** ਸੁਣੋ, ਅਲਾਹ ਇਨਸਾਫ ਤੇ ਦਇਆ ਕਰਨ ਦੀ ਤਾਕੀਦ ਕਰਦਾ ਹੈ ਤੇ ਆਪਣੇ ਸੰਬੰਧੀਆਂ ਨੂੰ (ਸਹਾਇਤਾ) ਦੇਣ ਦਾ ਉਪਦੇਸ਼ ਦਿੰਦਾ ਹੈ। ਅਲਾਹ ਨਫਸ਼-ਪ੍ਰਸਤੀ, ਬਦਕਾਰੀ, ਬਦਮਾਸ਼ੀ ਤੇ ਦੂਸਰਿਆਂ ਤੋਂ ਨਫ਼ਰਤ ਕਰਨ ਦੀ ਮਨਾਹੀ ਕਰਦਾ ਹੈ। ਉਹ ਤੁਹਾਨੂੰ ਜੋਰ ਨਾਲ ਇਹ ਕਹਿੰਦਾ ਹੈ (ਤਾਕੀਦ ਕਰਦਾ ਹੈ) ਤਾਂ ਜੋ ਤੁਸੀਂ ਦੂਜਿਆਂ ਨੂੰ ਰਸਤਾ ਵਿਖਾ ਸਕੋ ਤੇ ਅੱਗੇ ਵਧੋ।

ਜੋ ਤੁਸੀਂ ਅਲਾਹ (ਰੱਬ) ਨਾਲ ਇਕਰਾਰ ਕੀਤੇ ਹਨ ਉਨ੍ਹਾਂ ਨੂੰ ਪੂਰਾ ਕਰੋ ਤੇ ਜਦ ਤੁਸੀਂ ਅਲਾਹ ਨੂੰ ਆਪਣਾ ਸਾਂਈ ਸਰਤਾਜ ਮੰਨ ਲਿਆ ਹੈ ਤਾਂ ਆਪਣੀ ਕਸਮ ਨਾ ਤੋੜੋ। ਅਲਾਹ ਤੁਹਾਡੇ ਉੱਪਰ ਹੈ ਤੇ ਤੁਹਾਡੇ ਸਾਰੇ ਕਰਮਾਂ ਨੂੰ ਵੇਖਦਾ ਤੇ ਜਾਣਦਾ ਹੈ। *(ਸੂਰਾ 16)*

13 **ਪੈਗੰਬਰ** ਤੇ ਅਸਾਂ ਤੁਹਾਡੇ ਬਿਨਾਂ ਤੁਹਾਡੇ ਜਿਹਾ ਹੋਰ ਕਿਸੇ ਪੈਗੰਬਰ (ਨਬੀ, ਅਵਤਾਰ) ਨੂੰ ਪਹਿਲਾਂ ਨਹੀਂ ਭੇਜਿਆ। ਮੇਰੇ ਸਿਵਾ ਹੋਰ ਕੋਈ ਰੱਬ (ਅਲਾਹ) ਨਹੀਂ ਹੈ। ਇਸ ਲਈ ਮੇਰੀ ਪੂਜਾ (ਇਬਾਦਤ) ਕਰੋ।

(ਸੂਰਾ 21)

14 **ਅਲਾਹ ਦੀ ਸਿਫਤ** ਉਹ ਅਲਾਹ ਦੀ ਹੀ ਸਾਰੀ ਸਿਫਤ (ਉਪਮਾ) ਹੈ ਜਿਹੜਾ ਸਾਰੇ ਜਹਾਨਾਂ ਦਾ ਮਾਲਕ ਹੈ, ਉਹ ਜਿਹੜਾ ਦਿਆਲੂ ਤੇ ਤਰਸਵਾਨ ਹੈ, ਕਿਆਮਤ ਦੇ ਦਿਨ ਦਾ ਮਾਲਕ ਅਲਾਹ। ਅਸੀਂ ਕੇਵਲ ਤੇਰੀ (ਅਲਾਹ) ਦੀ ਪੂਜਾ (ਇਬਾਦਤ) ਕਰਦੇ ਹਾਂ, ਅਸੀਂ ਕੇਵਲ ਤੇਰੀ ਸਹਾਇਤਾ ਮੰਗਦੇ ਹਾਂ। ਹੇ ਅਲਾਹ! ਸਾਨੂੰ ਸਿੱਧਾ ਰਸਤਾ ਦਿਖਾਉ, ਉਨ੍ਹਾਂ ਦਾ ਰਾਹ ਜਿਨ੍ਹਾਂ ਤੇ ਤੁਸਾਂ ਕਿਰਪਾ ਕੀਤੀ ਹੈ। ਉਨ੍ਹਾਂ ਦਾ ਰਸਤਾ ਨਹੀਂ ਜਿਹੜੇ ਤੇਰੀ ਨਾਰਾਜ਼ਗੀ ਦੇ ਪਾਤਰ ਬਣੇ ਹਨ ਤੇ ਨਾ ਹੀ ਉਹ ਜਿਹੜੇ ਆਪਣੇ ਰਸਤੇ ਤੋਂ ਕੁਰਾਹੇ ਪੈ ਗਏ ਹਨ।

ਅਲਾਹ ਹੀ ਜ਼ਮੀਨ ਤੇ ਆਸਮਾਨ ਦਾ ਚਾਨਣ ਹੈ। ਉਸ ਦੇ ਚਾਨਣ ਦੀ ਮੁਸ਼ਾਹਬਤ ਉਸ ਆਲੇ ਵਰਗੀ ਹੈ ਜਿਸ ਵਿਚ ਇਕ

ਲੈਂਪ ਪਿਆ ਹੋਇਆ ਹੈ। ਉਹ ਲੈਂਪ ਇਕ ਗਿਲਾਸ ਵਿਚ ਹੈ। ਉਹ ਗਿਲਾਸ ਇਕ ਚਮਕਦੇ ਤਾਰੇ ਵਰਗਾ ਹੈ। ਇਸ ਲੈਂਪ ਨੂੰ ਇਕ ਪਵਿੱਤਰ ਦਰੱਖ਼ਤ ਤੋਂ ਜਗਾਇਆ ਹੋਇਆ ਹੈ। ਇਕ ਜੈਤੂਨ ਦਾ ਦਰੱਖ਼ਤ ਜਿਹੜਾ ਨਾ ਪੂਰਬ ਦਾ ਹੈ ਤੇ ਨਾ ਹੀ ਪੱਛਮ ਦਾ, ਉਸ ਦਾ ਤੇਲ ਵੀ ਚਾਨਣ ਵਾਂਗ ਚਮਕਦਾ ਹੈ ਭਾਵੇਂ ਇਸ ਨੂੰ ਕੋਈ ਅੱਗ ਨਹੀਂ ਲਾਈ ਗਈ। ਚਾਨਣ ਉੱਪਰ ਚਾਨਣ। ਅਲਾਹ ਜਿਸ ਤੇ ਕਿਰਪਾ ਕਰਦਾ ਹੈ ਉਸ ਨੂੰ ਆਪਣਾ ਚਾਨਣ ਦਿੰਦਾ ਹੈ। ਅਲਾਹ ਮਨੁੱਖਾਂ ਨਾਲ ਤਸਬੀਹਾਂ ਦੇ ਕੇ ਗੱਲਾਂ ਕਰਦਾ ਹੈ, ਕਿਉਂਕਿ ਉਹ ਸਭ ਦਾ ਜਾਣੀ ਜਾਣ ਹੈ।

(ਸੂਰਾ 24)

15
ਸ੍ਰਿਸ਼ਟੀ ਦਾ ਕਰਤਾ

ਉਸ ਅਲਾਹ ਨੇ ਹੀ ਇਹ ਧਰਤੀ ਤੁਹਾਡੇ ਆਰਾਮ ਕਰਨ ਵਾਸਤੇ ਸਾਜੀ। ਆਸਮਾਨ ਵੀ ਉਸੇ ਦੇ ਬਣਾਏ ਹੋਏ ਹਨ। ਉਸ ਨੇ ਤੁਹਾਨੂੰ ਬਣਾਇਆ ਤੇ ਇਹ ਸੋਹਣੀ ਸੂਰਤ ਦਿੱਤੀ ਹੈ। ਉਸ ਨੇ ਤੁਹਾਨੂੰ ਸੋਹਣੀਆਂ ਚੀਜ਼ਾਂ ਵਸਤਾਂ ਦਿੱਤੀਆਂ। ਉਹ ਅਲਾਹ (ਰੱਬ) ਤੁਹਾਡਾ ਮਾਲਕ ਹੈ। ਅਲਾਹ ਬੜਾ ਮੁਬਾਰਕ ਤੇ ਪਵਿੱਤਰ ਹੈ। ਉਹ ਸਾਰੀ ਸ੍ਰਿਸ਼ਟੀ ਦਾ ਮਾਲਕ ਹੈ।

ਉਹ (ਅਲਾਹ) ਹੀ ਜੀਵਨ ਦੀ ਦਾਤ ਦਿੰਦਾ ਹੈ। ਉਹ ਹੀ ਮੌਤ ਲਿਆਉਂਦਾ ਹੈ। ਜਦੋਂ ਉਹ ਕਿਸੇ ਕੰਮ ਲਈ ਹੁਕਮ ਕਰਦਾ ਹੈ ਤਾਂ ਉਸ ਦੇ ਕੇਵਲ ਹੁਕਮ ਦੀ ਦੇਰ ਹੁੰਦੀ ਹੈ ਤੇ ਉਹ ਕਾਰਜ ਹੋ ਜਾਂਦਾ ਹੈ।

(ਸੂਰਾ 40)

16
ਚੰਗਾ ਆਚਰਣ

ਹੇ ਲੋਕੋ! ਤੁਸੀਂ ਜਿਹੜੇ ਮੇਰੇ ਵਿਚ ਯਕੀਨ (ਸ਼ਰਧਾ) ਰੱਖਦੇ ਹੋ ਤੁਸੀਂ ਆਪਣੇ ਮਨ ਵਿਚ ਬਹੁਤਾ ਸ਼ੱਕ ਨਾ ਕਰੋ, ਕਿਉਂਕਿ ਸ਼ੱਕ ਕਰਨਾ ਇਕ ਜੁਰਮ (ਅਪਰਾਧ) ਹੈ। ਜਾਸੂਸੀ ਨਾ ਕਰੋ ਤੇ ਨਾ ਹੀ ਇਕ ਦੂਸਰੇ ਦੀ ਚੁਗਲੀ ਕਰੋ। ਕੀ ਤੁਹਾਡੇ ਵਿਚੋਂ ਕੋਈ ਆਪਣੇ ਮਿਰਤਕ ਭਰਾ ਦਾ ਮਾਸ ਖਾਣਾ ਚਾਹੇਗਾ। ਤੁਸੀਂ ਉਸ ਤੋਂ ਪਰਹੇਜ਼ ਕਰਦੇ ਹੋ। (ਇਸ ਤਰ੍ਹਾਂ ਦੂਜੇ ਦੇ ਤੋਂ ਵੀ ਪਰਹੇਜ਼ ਕਰੋ) ਤੇ ਰੱਬ ਵੱਲ ਆਪਣੇ ਕਰਤੱਵ ਦਾ ਪਾਲਣ ਕਰੋ। ਅਲਾਹ ਬਖ਼ਸ਼ੰਦ ਤੇ ਤਰਸਵਾਨ ਹੈ। ਮੈਂ ਮਨੁੱਖਤਾ ਨੂੰ ਸੰਬੋਧਨ ਕਰਕੇ ਕਹਿੰਦਾ ਹਾਂ। ਮੈਂ ਤੁਹਾਨੂੰ ਪੈਦਾ ਕੀਤਾ ਹੈ। ਮਰਦ ਨੂੰ ਤੇ ਇਸਤ੍ਰੀ ਨੂੰ ਤੇ ਤੁਹਾਡੀਆਂ ਕੌਮਾਂ ਤੇ ਕਬੀਲੇ ਬਣਾਏ ਹਨ ਤਾਂ ਜੋ ਤੁਸੀਂ ਇਕ ਦੂਜੇ ਨੂੰ ਜਾਣ ਸਕੋ। ਰੱਬ (ਅਲਾਹ)

ਦੀਆਂ ਨਜ਼ਰਾਂ ਵਿਚ ਤੁਹਾਡੇ ਵਿਚੋਂ ਸਭ ਤੋਂ ਸ਼ਰੀਫ ਤੇ ਅਮੀਰ (ਧਨਾਢ ਤੇ ਭਲਾਮਾਣਸ) ਉਹ ਹੈ ਜਿਸ ਦਾ ਇਖਲਾਕ (ਆਚਰਣ) ਚੰਗਾ ਹੈ। ਯਾਦ ਰੱਖੋ ਅਲਾਹ ਸਭ ਕੁੱਝ ਜਾਣਦਾ ਹੈ। ਇਸ ਲਈ ਚੇਤੰਨ ਰਹੋ। *(ਸੂਰਾ 49)*

17

ਅਲਾਹ ਦੀ ਸ਼ਾਨ

ਅਲਾਹ (ਰੱਬ) ਜਿਹੜਾ ਵਿਦਵਾਨ ਉਪਕਾਰੀ ਤੇ ਤਰਸਵਾਨ ਹੈ, ਦੇ ਨਾਂ ਤੇ।

ਇਹ ਕਰੋ। ਉਹ ਅਲਾਹ ਇਕ ਹੈ, (ਵਾਹਿਦ) ਅਲਾਹ ਉਹ ਹੈ ਜਿਸ ਤੇ ਸਾਰੇ ਨਿਰਭਰ ਹਨ। ਨਾ ਉਹ ਪੈਦਾ ਕੀਤਾ ਗਿਆ ਸੀ ਤੇ ਨਾ ਹੀ ਉਸ ਤੋਂ ਕੋਈ ਪੈਦਾ ਹੋਇਆ ਹੈ। ਕੋਈ ਵੀ ਉਸ ਵਰਗਾ ਨਹੀਂ ਉਸ ਦੀ ਕੋਈ ਜਾਤ ਪਾਤ ਨਹੀਂ।

ਜੋ ਕੁੱਝ ਵੀ ਇਸ ਜਹਾਨ (ਦੁਨੀਆਂ) ਵਿਚ ਹੈ ਤੇ ਅਗਲੇ ਜਹਾਨ (ਸਵਰਗ) ਵਿਚ ਹੈ ਉਹ ਸਰਬ ਸ਼ਕਤੀਮਾਨ ਹੈ ਤੇ ਉਹ ਸਭ ਸਿਆਣਪਾਂ ਦਾ ਮਾਲਕ ਹੈ। ਇਸ ਤੇ ਉਸ ਜਹਾਨ ਦੀ ਸਲਤਨਤ (ਰਾਜ) ਦਾ ਉਹ ਮਾਲਕ ਹੈ। ਉਹ ਪੈਦਾ ਕਰਦਾ ਹੈ ਤੇ ਉਹ ਹੀ ਮਾਰਦਾ ਹੈ। ਉਸ ਦੀ ਸ਼ਕਤੀ ਅਧੀਨ ਸਾਰਾ ਸੰਸਾਰ ਹੈ। ਉਹ ਆਦਿ ਹੈ ਤੇ ਉਹ ਹੀ ਅੰਤ ਹੈ। ਉਹ ਹੀ ਸਭ ਤੋਂ ਉੱਪਰ ਹੈ। ਉਹ ਸਭ ਭੇਦਾਂ ਦਾ ਮਾਲਕ ਤੇ ਜਾਣੀ-ਜਾਣ ਹੈ। ਉਹ (ਅਲਾਹ) ਸਭ ਨੂੰ ਜਾਣਦਾ ਤੇ ਪਛਾਣਦਾ ਹੈ। ਉਸ ਨੇ ਹੀ ਛੇ ਦਿਨਾਂ ਵਿਚ ਧਰਤੀ ਤੇ ਆਸਮਾਨ ਉਤਪੰਨ ਕੀਤੇ। ਉਸ ਦੀ ਸ਼ਕਤੀ ਪੱਕੀ ਤੇ ਅਟੱਲ ਹੈ। ਉਹ ਜਾਣਦਾ ਹੈ ਕਿ ਧਰਤੀ ਥੱਲੇ ਕੀ ਕੁੱਝ ਡੂੰਘਾ ਪਿਆ ਹੈ, ਕੀ ਕੁੱਝ ਉਸ ਵਿਚੋਂ ਬਾਹਰ ਆਉਂਦਾ ਹੈ, ਉਹ ਸਭ ਕੁੱਝ ਜਿਹੜਾ ਆਸਮਾਨ ਤੋਂ ਥੱਲੇ ਧਰਤੀ ਵੱਲ ਆਉਂਦਾ ਹੈ ਤੇ ਉਹ ਸਭ ਕੁੱਝ ਜਿਹੜਾ ਧਰਤੀ ਤੋਂ ਆਸਮਾਨ ਵੱਲ ਨੂੰ ਜਾਂਦਾ ਹੈ। ਜਿੱਥੇ ਵੀ ਤੁਸੀਂ ਹੋ ਉਹ ਸਦਾ ਤੁਹਾਡੇ ਨਾਲ ਹੈ ਜੋ ਕੁੱਝ ਤੁਸੀਂ ਕਰਦੇ ਹੋ ਉਹ ਸਭ ਕੁੱਝ ਵੇਖਦਾ ਹੈ। ਇਸ ਧਰਤੀ ਤੇ ਆਸਮਾਨ ਦਾ ਉਹ ਹੀ ਰਾਜਾ ਹੈ ਤੇ ਸਭ ਕੁੱਝ ਮੁੜ ਉਸ ਨੂੰ ਹੀ ਸੌਂਪਿਆ ਜਾਂਦਾ ਹੈ। *(ਸੂਰਾ 58)*

ਵਿਚਾਰਾਂ ਤੇ ਕਰਮਾਂ ਦੀ ਇਕਸਾਰਤਾ (ਇਕੋ ਜਿਹਾ ਹੋਣਾ) ਤੇ ਮਾਨਵ ਲੋਕੋ, ਤੁਸੀਂ ਜਿਹੜੇ ਅਲਾਹ ਵਿਚ ਯਕੀਨ (ਨਿਸ਼ਚਾ) ਰੱਖਦੇ ਹੋ ਤੁਸੀਂ ਉਹ ਗੱਲ ਕਿਉਂ ਕਹਿੰਦੇ ਹੋ ਜਿਹੜੀ ਤੁਸੀਂ ਨਹੀਂ ਕਰਦੇ। ਅਲਾਹ ਦੀਆਂ ਨਜ਼ਰਾਂ ਵਿਚ ਇਹ ਗੱਲ ਬੜੀ ਘ੍ਰਿਣਤ ਹੈ ਕਿ ਤੁਸੀਂ ਉਹ ਕੁੱਝ ਕਹੋ ਜਿਹੜੀ ਤੁਸੀਂ ਆਪ ਨਹੀਂ ਕਰਦੇ। *(ਸੂਰਾ 61)*

ਹੇ ਮੇਰੇ ਤੇ ਯਕੀਨ ਕਰਨ ਵਾਲੇ ਲੋਕੋ! ਸਦਾ ਚੰਗੀਆਂ ਚੀਜ਼ਾਂ ਖਾਉ, ਜਿਹੜੀਆਂ ਮੈਂ ਤੁਹਾਨੂੰ ਬਖ਼ਸ਼ੀਆਂ ਹਨ ਤੇ ਫਿਰ ਅਲਾਹ ਦਾ ਸ਼ੁਕਰ ਕਰੋ, ਉਸ ਦਾ ਜਿਸ ਦੀ ਤੁਸੀਂ ਪੂਜਾ ਕਰਦੇ ਹੋ।

ਸਿੱਖ ਧਰਮ

ਸਿੱਖ ਧਰਮ ਸੰਸਾਰ ਦਾ ਇਕ ਨਵੀਨ ਧਰਮ ਹੈ ਜਿਸ ਦੇ ਮੌਜੂਦ ਰੂਪ ਦੇ ਵਿਕਾਸ ਦਾ ਆਰੰਭ ਇਸ ਦੇ ਸੰਚਾਲਕ ਗੁਰੂ ਨਾਨਕ ਦੇਵ (1469-1539 ਈ.) ਤੋ ਮੰਨਿਆ ਜਾਂਦਾ ਹੈ। ਇਸ ਧਰਮ ਵਿਚ ਨਿਰੰਕਾਰ ਦੀ ਨਿਰਗੁਣ ਭਗਤੀ ਨੇ ਵੀ ਪੂਰਨ ਭਾਂਤ ਵਿਕਾਸ ਕੀਤਾ ਅਤੇ ਸਮਾਜਕ ਜੀਵਨ ਦੀ ਚੇਤਨਾ ਨੇ ਵੀ ਪੂਰਾ ਬਲ ਗ੍ਰਹਿਣ ਕੀਤਾ। ਸਿੱਖ ਧਰਮ ਨੂੰ ਸਮਨਵਈ ਧਰਮ ਕਿਹਾ ਜਾਂਦਾ ਹੈ ਪਰ ਆਪਣੇ ਅਧਿਕਾਰ ਵਿਚ ਇਹ ਉਤਨਾ ਹੀ ਪ੍ਰਭੂ-ਪ੍ਰਕਾਸ਼ਿਤ, ਮੌਲਿਕ ਤੇ ਗੌਰਵਮਈ ਹੈ ਜਿਤਨਾ ਸੰਸਾਰ ਦਾ ਕੋਈ ਹੋਰ ਧਰਮ ਹੈ।

ਸਿੱਖ ਧਰਮ ਦਾ ਪ੍ਰਮੁੱਖ ਗ੍ਰੰਥ *'ਗੁਰੂ ਗ੍ਰੰਥ'* ਹੈ ਜਿਸ ਨੂੰ *'ਆਦਿ ਗ੍ਰੰਥ'* ਵੀ ਕਿਹਾ ਜਾਂਦਾ ਹੈ। ਇਸ ਨੂੰ ਪ੍ਰਤੱਖ, ਜਿੰਦਾ-ਜਾਵੇਦ ਇਸ਼ਟ-ਗੁਰੂ ਦੀ ਪਦਵੀ ਦਿੱਤੀ ਗਈ ਹੈ ਅਤੇ ਇਸੇ ਰੂਪ ਵਿਚ ਇਸ ਦਾ ਸਤਿਕਾਰ ਕੀਤਾ ਜਾਂਦਾ ਹੈ। *'ਗੁਰੂ ਗ੍ਰੰਥ'* ਵਿਚ ਗੁਰੂ ਨਾਨਕ ਸਾਹਿਬ, ਉਨ੍ਹਾਂ ਦੇ ਨੌ ਉੱਤਰਾਧਿਕਾਰੀਆਂ ਵਿਚੋਂ ਪੰਜ ਗੁਰੂਆਂ, ਭਾਰਤ ਦੇ ਪੰਦਰਾਂ ਭਗਤਾਂ ਆਦਿ ਦੀ ਬਾਣੀ ਸ਼ਾਮਲ ਹੈ। ਇਸ ਗ੍ਰੰਥ ਦਾ ਸੰਪਾਦਨ 1604 ਈ. ਵਿਚ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਵਿਖੇ ਕੀਤਾ ਅਤੇ ਇਸ ਦਾ ਅੰਤਿਮ ਸੰਕਲਨ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਕੀ ਵਿਖੇ ਤਿਆਰ ਕੀਤਾ।

'ਗੁਰੂ ਗ੍ਰੰਥ' ਤੋਂ ਉਤਰ ਕੇ *'ਦਸਮ ਗ੍ਰੰਥ'* ਨੂੰ ਸਿੱਖ ਧਰਮ ਦਾ ਮਹਾਨ ਗ੍ਰੰਥ ਪ੍ਰਵਾਨ ਕੀਤਾ ਗਿਆ ਹੈ ਜੋ ਦਸਵੇਂ ਗੁਰੂ (ਗੁਰੂ ਗੋਬਿੰਦ ਸਿੰਘ) ਦੀ ਬਾਣੀ ਦਾ ਸੰਗ੍ਰਹਿ ਹੈ।

ਇਸ ਪਾਠ ਪੁਸਤਕ ਵਿਚ ਦਿੱਤੀਆਂ ਚੋਣਾਂ ਇਨ੍ਹਾਂ ਦੇ ਗ੍ਰੰਥਾਂ ਵਿਚੋਂ ਹੀ ਹਨ। ਪਰ ਇਨ੍ਹਾਂ ਤੋਂ ਛੁੱਟ ਸਿੱਖ ਮਤ ਵਿਚ ਭਾਈ ਗੁਰਦਾਸ, ਭਾਈ ਨੰਦ ਲਾਲ ਦੀ ਬਾਣੀ ਨੂੰ ਵੀ ਪ੍ਰਮਾਣਿਕ ਬਾਣੀ ਪ੍ਰਵਾਨ ਕੀਤਾ ਗਿਆ ਹੈ ਤੇ ਰਹਿਤਨਾਮੇ ਤੇ ਹੁਕਮਨਾਮੇ ਦੇ ਗ੍ਰੰਥਾਂ ਨੂੰ ਵੀ ਮਹਾਨਤਾ ਦਿੱਤੀ ਜਾਂਦੀ ਹੈ।

ਗੁਰੂ ਨਾਨਕ ਦੇਵ

1 ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਮੂਲ ਮੰਤਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥
2 ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥
ਸੋਦਰ ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥
ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥
ਗਾਵਹਿ ਈਸਰ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥
ਗਾਵਹਿ ਇੰਦ ਇੰਦਾਸਣਿ ਬੈਠੇ ਦੇਵਤਿਆ ਦਰ ਨਾਲੇ ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥
ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥
ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥
ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛੁ ਪਇਆਲੇ ॥
ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥
ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥
ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥
ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥
ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥
ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਾਤਿ ਸਾਹਿਬੁ ਨਾਨਕ ਰਹਣੁ ਰਜਾਈ ॥

(ਜਪੁ, ੨੭)

3 ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਨਾਮ ਚੇਤਨਾ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥

ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ਰਹਾਉ॥
ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥
ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥
ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥

(ਸਿਰੀ ਪਦਾ ੧)

4 ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥
ਅਮੁਲ ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥
ਸਾਚਾ ਨਿਰੰਕਾਰ ਨਿਜ ਥਾਇ ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ਰਹਾਉ॥
ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥
ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥
ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੩॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥

(ਸਿਰੀ ਪਦਾ ੨)

5 ਆਖਾ ਜੀਵਾ ਵਿਸਰੈ ਮਰਿ ਜਾਉ ॥
ਸਾਚਾ ਨਾਮ ਆਖਣਿ ਅਉਖਾ ਸਾਚਾ ਨਾਉ ॥

ਸਾਚੇ ਨਾਮ ਕੀ ਲਾਗੈ ਭੂਖ ॥
ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥
ਸੋ ਕਿਉ ਵਿਸਰੈ ਮੇਰੀ ਮਾਇ ॥
ਸਾਚਾ ਸਾਹਿਬੁ ਸਾਚੈ ਨਾਇ ॥੧॥ਰਹਾਉ॥
ਸਾਚੇ ਨਾਮ ਕੀ ਤਿਲੁ ਵਡਿਆਈ ॥
ਆਖਿ ਥਕੇ ਕੀਮਤਿ ਨਹੀ ਪਾਈ ॥
ਜੇ ਸਭਿ ਮਿਲਿ ਕੈ ਆਖਣ ਪਾਹਿ ॥
ਵਡਾ ਨ ਹੋਵੈ ਘਾਟਿ ਨ ਜਾਇ ॥੨॥
ਨ ਓਹੁ ਮਰੈ ਨ ਹੋਵੈ ਸੋਗੁ ॥
ਦੇਦਾ ਰਹੈ ਨ ਚੂਕੈ ਭੋਗੁ ॥
ਗੁਣੁ ਏਹੋ ਹੋਰੁ ਨਾਹੀ ਕੋਇ ॥
ਨਾ ਕੋ ਹੋਆ ਨਾ ਕੋ ਹੋਇ ॥੩॥
ਜੇਵਡੁ ਆਪਿ ਤੇਵਡ ਤੇਰੀ ਦਾਤਿ ॥
ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥
ਖਸਮੁ ਵਿਸਾਰਹਿ ਤੇ ਕਮਜਾਤਿ ॥
ਨਾਨਕ ਨਾਵੈ ਬਾਝੁ ਸਨਾਤਿ ॥੪॥੩॥ (ਆਸਾ, ਪਦਾ ੨)

6 ਸ਼ਿੰਗਾਰ
ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥੧॥
ਲਾਲ ਬਹੁ ਗੁਣਿ ਕਾਮਣਿ ਮੋਹੀ ॥
ਤੇਰੇ ਗੁਣ ਹੋਹਿ ਨ ਅਵਰੀ ॥੧॥ਰਹਾਉ॥
ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥
ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥੨॥
ਮਧੁਸੂਦਨ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥
ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ ॥੩॥
ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥
ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ
॥੪॥੧॥੩੫॥ (ਆਸਾ)

7 ਸੱਚ
ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥

ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥
ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥
ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥
ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥
ਸਚੁ ਤਾ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥

(ਵਾਰ ਆਸਾ, ੧੦, ੨)

8 ਆਰਤੀ

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥
ਕੈਸੀ ਆਰਤੀ ਹੋਇ ॥
ਭਵ ਖੰਡਨਾ ਤੇਰੀ ਆਰਤੀ ॥
ਅਨਹਤਾ ਸਬਦ ਵਾਜੰਤ ਭੇਰੀ ॥੧॥ਰਹਾਉ॥
ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋੁਹੀ ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥
ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰਸਾਖੀ ਜੋਤਿ ਪਰਗਟੁ ਹੋਇ ॥
ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥
ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋੁ ਮੋਹਿ ਆਹੀ ਪਿਆਸਾ ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥੩॥

(ਧਨਾਸਰੀ, ਪਦਾ ੩)

9 ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥

ਸੱਚ ਕੀ ਬਾਣੀ

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥
ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸਪੁਰੀ ਵਿਚਿ ਆਖੁ ਮਸੋਲਾ ॥
ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥
ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿੰਦੁਸਤਾਨੁ ਸਮਾਲਸੀ ਬੋਲਾ ॥
ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥
ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ
॥੨॥੩॥੫॥ (ਤਿਲੰਗ, ਪਦਾ ੫)

10 ਤੂੰ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥

ਤੇਰੇ ਗੁਣ ਗਾਵਾਂ

ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥
ਤੇਰੇ ਗੁਣ ਗਾਵਾ ਦੇਹਿ ਬੁਝਾਈ ॥
ਜੈਸੇ ਸਚ ਮਹਿ ਰਹਉ ਰਜਾਈ ॥੧॥ਰਹਾਉ॥
ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥
ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥੨॥
ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥
ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥੩॥
ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥
ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪, ੧॥
(ਬਿਲਾਵਲ, ਪਦਾ ੧)

ਗੁਰੂ ਅਮਰਦਾਸ

11 ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ॥

ਸਹਿਜ ਅਵਸਥਾ

ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ ॥
ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ ॥੧॥

ਭਾਈ ਰੇ ਗੁਰ ਬਿਨੁ ਸਹਜ ਨ ਹੋਇ ॥
ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ ॥੧॥ਰਹਾਉ॥
ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥
ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ ॥
ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥੨॥
ਸਹਜਿ ਸਾਲਾਹੀ ਸਦਾ ਸਦਾ ਸਹਿਜ ਸਮਾਧਿ ਲਗਾਇ ॥
ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥
ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥੩॥
ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ ॥
ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥
ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥੪॥
ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥
ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥
ਤ੍ਰਿਹ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥
ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥
ਭੁਲਿਆ ਸਹਿਜ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥
ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹ ਗੁਬਾਰੁ ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥
ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥
ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣ ਹਾਰੁ ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥
ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥
ਅਨਦਿਨੁ ਲਾਹਾ ਹਰਿਨਾਮੁ ਲੈਨਿ ਅਖੁਟ ਭਰੇ ਭੰਡਾਰ ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥੬॥੨੩॥

(ਸਿਰੀ ਅਸ਼ਟਪਦੀਆਂ, ੬)

12	ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਅਨੰਦ ਪ੍ਰਾਪਤੀ	ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥
	ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥
	ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥
	ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥
	(ਰਾਮਕਲੀ, ਅਨੰਦ)
13	ਭਗਤਾ ਕੀ ਚਾਲ ਨਿਰਾਲੀ ॥
ਭਗਤਾਂ ਦੀ	ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥
ਰਹਿਣੀ	ਲਬੁ ਲੋਭੁ ਅਹੰਕਾਰ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥
	ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥
	ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥
	ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥
	(ਰਾਮਕਲੀ, ਅਨੰਦ)
14	ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥
ਦਸਮ ਦੁਆਰ ਦੀ ਸੋਝੀ	ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥
	ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥
	ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ ॥
	ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥੩੮॥ (ਰਾਮਕਲੀ, ਅਨੰਦੁ)

ਗੁਰੂ ਰਾਮਦਾਸ

15	ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ ॥
ਸੋ ਪੁਰਖ	ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ ॥
	ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥
	ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ॥
	ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ ॥੧॥
	ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ ॥

ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ ॥
ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ ॥
ਤੂੰ ਪਾਰਬ੍ਰਹਮੁ ਬੇਅੰਤ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ ॥
ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ ॥੨॥
ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖ ਵਾਸੀ ॥
ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀਉ ਤਿਨ ਟੂਟੀ ਜਮ ਕੀ ਫਾਸੀ ॥
ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀਉ ਤਿਨਾ ਕਾ ਭਉ ਸਭੁ ਗਵਾਸੀ ॥
ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀਉ ਤੇ ਹਰਿ ਹਰਿ ਰੂਪਿ ਸਮਾਸੀ ॥
ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀਉ ਜਨੁ ਨਾਨਕੁ ਤਿਨ ਬਲਿ ਜਾਸੀ ॥
ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬੇਅੰਤ ਬੇਅੰਤਾ ॥
ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ ॥
ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ ॥
ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ ਕਰ ਕਿਰਿਆ ਖਟੁ ਕਰਮ ਕਰੰਤਾ ॥
ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ ॥੪॥
ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥
ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ॥

ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ॥
ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ ॥
ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ ॥੫॥੨॥

(ਆਸਾ)

16 ਪ੍ਰਭੂ ਪ੍ਰੇਮ

ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮ ਰਤੰਨਾ ਰਾਮ ਰਾਜੇ ॥
ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ ॥
ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ ॥
ਜਨੁ ਨਾਨਕ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ ॥੧॥
ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ ॥
ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ ॥
ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ ॥
ਜਨ ਨਾਨਕ ਸਤਿਗੁਰੁ ਮੇਲਿ ਹਰਿ ਜਗੁ ਦੁਤਰੁ ਤਰੀਆ ॥੨॥
ਹਮ ਮੂਰਖ ਮੁਗਧ ਸਰਣਾਗਤੀ ਮਿਲੁ ਗੋਵਿੰਦ ਰੰਗਾ ਰਾਮ ਰਾਜੇ ॥
ਗੁਰਿ ਪੂਰੈ ਹਰਿ ਪਾਇਆ ਹਰਿ ਭਗਤਿ ਇਕ ਮੰਗਾ ॥
ਮੇਰਾ ਮਨੁ ਤਨੁ ਸਬਦਿ ਵਿਗਾਸਿਆ ਜਪਿ ਅਨਤ ਤਰੰਗਾ ॥
ਮਿਲਿ ਸੰਤ ਜਨਾ ਹਰਿ ਪਾਇਆ ਨਾਨਕ ਸਤਸੰਗਾ ॥
ਦੀਨ ਦਿਆਲ ਸੁਣ ਬੇਨਤੀ ਹਰਿ ਪ੍ਰਭ ਹਰਿ ਰਾਇਆ ਰਾਮ ਰਾਜੇ ॥
ਹਉ ਮਾਗਉ ਸਰਣਿ ਹਰਿਨਾਮ ਕੀ ਹਰਿ ਹਰਿ ਮੁਖਿ ਪਾਇਆ ॥
ਭਗਤਿ ਵਛਲੁ ਹਰਿ ਬਿਰਦੁ ਹੈ ਹਰਿ ਲਾਜ ਰਖਾਇਆ ॥
ਜਨੁ ਨਾਨਕੁ ਸਰਣਾਗਤੀ ਹਰਿਨਾਮਿ ਤਰਾਇਆ ॥੪॥੮॥੧੫॥

ਗੁਰੂ ਅਰਜਨ ਦੇਵ ਜੀ

17 ਸਿਮਰਨ ਮਹਿਮਾ

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥
ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥
ਪ੍ਰਭ ਕੈ ਸਿਮਰਨਿ ਜਪ ਤਪ ਪੂਜਾ ॥
ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥
ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥
ਪ੍ਰਭ ਕੈ ਸਿਮਰਨਿ ਦਰਗਹ ਮਾਨੀ ॥
ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ॥

ਪ੍ਰਭ ਕੈ ਸਿਮਰਨਿ ਸੁਫਲ ਫਲਾ ॥
ਸੇ ਸਿਮਰਹਿ ਜਿਨ ਆਪਿ ਸਿਮਰਾਏ ॥
ਨਾਨਕ ਤਾ ਕੈ ਲਾਗਉ ਪਾਏ ॥੩॥ (ਸੁਖਮਨੀ ੧, ੩)

18 ਬ੍ਰਹਮ ਗਿਆਨੀ ਦੀ ਅਵਸਥਾ

ਬ੍ਰਹਮ ਗਿਆਨੀ ਸਦਾ ਨਿਰਲੇਪ ॥
ਜੈਸੇ ਜਲ ਮਹਿ ਕਮਲ ਅਲੇਪ ॥
ਬ੍ਰਹਮ ਗਿਆਨੀ ਸਦਾ ਨਿਰਦੋਖ ॥
ਜੈਸੇ ਸੂਰੁ ਸਰਬ ਕਉ ਸੋਖ ॥
ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥
ਬ੍ਰਹਮ ਗਿਆਨੀ ਕੈ ਧੀਰਜੁ ਏਕ ॥
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥
ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥
ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥੧॥ (ਸੁਖਮਨੀ ੧, ੮)

19 ਗੁਣਵੰਤੀ

ਜੋ ਦੀਸੈ ਗੁਰ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥
ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ ॥
ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ ॥
ਇਹੁ ਮਨੁ ਤੈ ਕੂੰ ਡੇਵਸਾ ਮੈ ਮਾਰਗੁ ਦੇਹੁ ਬਤਾਇ ਜੀਉ ॥
ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ ॥
ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ ॥
ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥
ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ॥
ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ ॥
ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥
ਹਰਿ ਭਗਤਿ ਖ਼ਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ ॥
ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ ॥
ਜੋ ਗੁਰ ਦੀਸੈ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥੩॥

(ਸੂਹੀ ਗੁਣਵੰਤੀ)

20 ਸੇਵਾ ਤੇ ਪ੍ਰੀਤ

ਮਾਨ ਮੋਹ ਅਰੁ ਲੋਭ ਵਿਕਾਰਾ ਬੀਉ ਚੀਤਿ ਨ ਘਾਲਿਓ ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥੧॥

ਸੇਵਕ ਕੀ ਓੜਕਿ ਨਿਬਹੀ ਪ੍ਰੀਤ ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ਰਹਾਉ॥
ਜੈਸੀ ਆਗਿਆ ਕੀਨੀ ਠਾਕੁਰ ਤਿਸ ਤੇ ਮੁਖੁ ਨਹੀ ਮੋਰਿਓ ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥੨॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ ॥
ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ ॥੪॥੫॥

ਗੁਰੂ ਤੇਗ ਬਹਾਦਰ

21 ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਊਤਮ ਜੀਵਨ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ਰਹਾਉ॥
ਜੁਗਤੀ ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨੁ ਅਪਮਾਨਾ ॥੧॥
ਆਸਾ ਮਨਸਾ ਸਗਲ ਤਿਆਗੀ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥
ਗੁਰਿ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧॥
(ਸੋਰਠਿ)

ਸ਼ੇਖ਼ ਫ਼ਰੀਦ

22 ਦਿਲਹੁ ਮੁਹਬਤਿ ਜਿੰਨ ਸੇਈ ਸਚਿਆ ॥
ਖ਼ੁਦਾ ਦੀ ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥
ਮੁਹੱਬਤ ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥
ਵਿਸਰਿਆ ਜਿਨ ਨਾਮੁ ਤੇ ਭੁਇ ਭਾਰੁ ਥੀਏ ॥੧॥ਰਹਾਉ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥
ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥੨॥
ਪਰਵਦਗਾਰ ਅਪਾਰ ਅਗਮ ਬੇਅੰਤ ਤੂੰ ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥੩॥
ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥੪॥ (ਆਸਾ)

ਭਗਤ ਕਬੀਰ

23 ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ ॥
ਸੂਰਾ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥

(ਮਾਰੂ, ਸਲੋਕ)

24 ਕਿਉ ਲੀਜੈ ਗਢੁ ਬੰਕਾ ਭਾਈ ॥
ਅਬਿਨਾਸ਼ੀ ਦੋਵਰ ਕੋਟ ਅਰੁ ਤੇਵਰ ਖਾਈ ॥੧॥ਰਹਾਉ॥
ਰਾਜ ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ ॥
ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ ॥੧॥
ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ ॥
ਕ੍ਰੋਧ ਪ੍ਰਧਾਨ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ ॥੨॥
ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ ॥
ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨ ਜਾਈ ॥੩॥
ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ ॥
ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ ॥੪॥
ਸਤੁ ਸੰਤੋਖ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥
ਸਾਧ ਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਜਾ ॥੫॥
ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥
ਦਾਸੁ ਕਮੀਰੁ ਚੜਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ ॥੬॥੯॥੧੭॥

(ਭੈਰਉ)

ਭਗਤ ਰਵੀਦਾਸ

25 ਬੇਗਮਪੁਰਾ ਸਹਰ ਕੋ ਨਾਉ ॥
ਬੇਗਮਪੁਰਾ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਸਹਿਰ ਨਾ ਤਸਵੀਸ ਖਿਰਾਜੁ ਨ ਮਾਲੁ ॥
ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥
ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥੧॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥

ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥
ਊਹਾਂ ਗਨੀ ਬਸਹਿ ਮਾਮੂਰ ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥
ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥
ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥ (ਗਉੜੀ)

ਭਗਤ ਧੰਨਾ

26 ਗੋਪਾਲ ਤੇਰਾ ਆਰਤਾ ॥
ਆਰਤੀ ਦੀ ਅਰਦਾਸ
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥੧॥ਰਹਾਉ॥
ਦਾਲਿ ਸੀਧਾ ਮਾਗਉ ਘੀਉ ॥
ਹਮਰਾ ਖੁਸੀ ਕਰੈ ਨਿਤ ਜੀਉ ॥
ਪਨੀਆ ਛਾਦਨੁ ਨੀਕਾ ॥
ਅਨਾਜੁ ਮਗਉ ਸਤ ਸੀ ਕਾ ॥੧॥
ਗਊ ਭੈਸ ਮਗਉ ਲਾਵੇਰੀ ॥
ਇਕ ਤਾਜਨਿ ਤੁਰੀ ਚੰਗੇਰੀ ॥
ਘਰ ਕੀ ਗੀਹਨਿ ਚੰਗੀ ॥
ਜਨੁ ਧੰਨਾ ਲੇਵੈ ਮੰਗੀ ॥੨॥੧॥ (ਧਨਾਸਰੀ)

ਗੁਰੂ ਗੋਬਿੰਦ ਸਿੰਘ

27 ਚਕ੍ਰ ਚਿਹਨ ਅਰੁ ਬਰਨ ਜਾਤਿ ਅਰ ਪਾਤਿ ਨਹਿਨ ਜਿਹ ॥
ਨਿਰੰਕਾਰ
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿਜੈ ॥
ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ॥
ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ ॥੧॥
(ਜਾਪੁ)

28 ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ ॥
ਪੁਰਖ ਅਪਾਰ
ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ ॥
ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ ॥

ਜਤ੍ਰ ਤਤ੍ਰ ਬਿਰਾਜਹੀ ਅਵਧੂਤ ਰੂਪ ਰਸਾਲ ॥੭੯॥ (ਜਾਪੁ)

29 ਰੇ ਮਨ ਐਸੋ ਕਰ ਸੰਨਿਆਸਾ ॥
ਐਸੋ ਕਰ ਸੰਨਿਆਸਾ
ਬਨਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ ॥ਰਹਾਉ॥
ਜਤ ਕੀ ਜਟਾ ਜੋਗ ਕੋ ਮਜਨੁ ਨੇਮ ਕੇ ਨਖਨ ਬਢਾਓ ॥
ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ ॥੧॥
ਅਲਪ ਅਹਾਰ ਸੁਲਪਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ ॥੨॥
ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲ੍ਯਾਵੈ ॥
ਤਬ ਹੀ ਆਤਮ ਤਤ ਕੋ ਦਰਸੈ ਪਰਮ ਪੁਰਖ ਕਹਿ ਪਾਵੈ ॥

(ਰਾਮਕਲੀ ਪਾਤਸ਼ਾਹੀ ੧੦)

30 ਦੇਹ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋ ॥
ਅਰਦਾਸ
ਨ ਡਰੋ ਅਰਿ ਸੋ ਜਬ ਜਾਇ ਲਰੋ ਨਿਸਚੈ ਕਰ ਆਪਨੀ ਜੀਤ ਕਰੋ ॥
ਅਰੁ ਸਿਖ ਹੋ ਆਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋ ॥
ਜਬ ਆਵਕੀ ਅਉਧ ਨਿਧਾਨ ਬਨੈ ਅਤ ਹੀ ਰਨ ਮੈਂ ਤਬ ਜੂਝ ਮਰੋ ॥੩੨॥

(ਚੰਡੀ ਚਰਿਤ੍ਰ)

31 ਜਾਗਤ ਜੋਤਿ ਜਪੈ ਨਿਸਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥
ਖ਼ਾਲਸਾ
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੈ ॥
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ ॥੧॥

(ਸਵੈਯੇ)

1. ਮੂਲ ਮੰਤਰ

ਅਕਾਲ ਪੁਰਖ ਕੇਵਲ ਇਕ ਹੈ ਜੋ ਇਕ ਰਸ ਵਿਆਪਕ ਹੈ, ਉਸ ਦਾ ਨਾਮ ਸਤਿ ਹੈ। ਉਹ ਜਗਤ ਦਾ ਰਚਣਹਾਰ ਹੈ। ਸਾਰੀ ਸ੍ਰਿਸ਼ਟੀ ਵਿਚ ਰਮ ਰਿਹਾ ਹੈ। ਡਰ ਤੋਂ ਰਹਿਤ ਹੈ। ਵੈਰ ਭਾਵ ਤੋਂ ਰਹਿਤ ਹੈ। ਨਾ ਮਰਨ ਵਾਲੀ ਹਸਤੀ ਹੈ। ਜਨਮ ਵਿਚ ਨਹੀਂ ਆਉਂਦਾ। ਜੋ ਆਪਣੇ ਆਪ ਤੋਂ ਹੋਇਆ ਹੈ। ਗੁਰੂ ਦੀ ਕਿਰਪਾ ਦੁਆਰਾ ਮਿਲਦਾ ਹੈ।

2. ਸੋਦਰ

ਉਹ ਦਰ ਘਰ ਬੜਾ ਹੀ ਅਸਚਰਜ ਹੈ ਜਿੱਥੇ ਬਹਿ ਕੇ ਤੂੰ ਸਾਰੇ ਜੀਵਾਂ ਦੀ ਸੰਭਾਲ ਕਰ ਰਿਹਾ ਹੈਂ। ਉੱਥੇ ਅਨੇਕਾਂ ਵਾਜੇ ਅਤੇ ਰਾਗ ਹਨ ਅਤੇ ਉਨ੍ਹਾਂ ਨੂੰ

ਵਜਾਉਣ ਵਾਲੇ ਵੀ ਬੇਅੰਤ ਹੀ ਹਨ। ਰਾਗਣੀਆਂ ਸਣੇ ਬੇਅੰਤ ਹੀ ਰਾਗ ਕਹੇ ਜਾਂਦੇ ਹਨ ਤੇ ਅਨੇਕਾਂ ਹੀ ਇਨ੍ਹਾਂ ਨੂੰ ਗਾਉਣ ਵਾਲੇ ਹਨ। ਹੇ ਅਕਾਲ ਪੁਰਖ! ਪੌਣ, ਪਾਣੀ, ਅਗਨੀ ਤੇਰੇ ਗੁਣ ਗਾ ਰਹੇ ਹਨ। ਧਰਮਰਾਜ ਤੇਰੇ ਦਰ ਤੇ ਤੈਨੂੰ ਵਡਿਆ ਰਿਹਾ ਹੈ। ਚਿਤ੍ਰਗੁਪਤ ਵੀ ਤੈਨੂੰ ਗਾਉਂਦੇ ਹਨ, ਜੋ ਮਨੁੱਖਾਂ ਦੇ ਕਰਮਾਂ ਨੂੰ ਲਿਖਣਾ ਜਾਣਦੇ ਹਨ ਅਤੇ ਜਿਨ੍ਹਾਂ ਦੇ ਲਿਖੇ ਉੱਤੇ ਧਰਮਰਾਜ ਜੀਵਾਂ ਦੀ ਗਤੀ ਵਿਚਾਰਦਾ ਹੈ। ਦੇਵੀਆਂ, ਸ਼ਿਵ ਤੇ ਬ੍ਰਹਮਾ ਜੋ ਤੇਰੇ ਸਵਾਰੇ ਹੋਏ ਹਨ, ਤੈਨੂੰ ਗਾ ਰਹੇ ਹਨ। ਕਈ ਇੰਦਰ ਆਪਣੇ ਤਖ਼ਤ ਤੇ ਬੈਠੇ ਹੋਏ ਦੇਵਤਿਆਂ ਸਮੇਤ ਤੇਰੇ ਦਰ ਤੇ ਤੈਨੂੰ ਸਲਾਹ ਰਹੇ ਹਨ। ਸਿੱਧ ਲੋਕ ਸਮਾਧੀਆਂ ਵਿਚ ਤੈਨੂੰ ਗਾ ਰਹੇ ਹਨ ਤੇ ਸਾਧੂ ਵੀਚਾਰ ਕਰ ਕੇ ਤੈਨੂੰ ਸਲਾਹ ਰਹੇ ਹਨ। ਜਤਧਾਰੀ, ਦਾਨ ਕਰਨ ਵਾਲੇ ਅਤੇ ਸੰਤੋਖ ਵਾਲੇ ਪੁਰਸ਼ ਤੇਰੇ ਗੁਣ ਗਾ ਰਹੇ ਹਨ ਤੇ ਬੇਅੰਤ ਸੂਰਮੇ ਤੇਰੀਆਂ ਵਡਿਆਈਆਂ ਕਰ ਰਹੇ ਹਨ। ਪੰਡਿਤ ਤੇ ਮਹਾਂਰਿਖੀ ਵੇਦਾਂ ਨੂੰ ਪੜ੍ਹਦੇ ਹੋਏ ਤੇਰੀ ਉਪਮਾ ਕਰ ਰਹੇ ਹਨ। ਸੁੰਦਰ ਇਸਤ੍ਰੀਆਂ, ਜੋ ਮਨ ਨੂੰ ਮੋਹ ਲੈਂਦੀਆਂ ਹਨ, ਤੈਨੂੰ ਗਾ ਰਹੀਆਂ ਹਨ। ਤੈਨੂੰ ਤੇਰੇ ਪੈਦਾ ਕੀਤੇ ਹੋਏ ਰਤਨ ਅਠਾਹਠ ਤੀਰਥਾਂ ਸਮੇਤ ਗਾ ਰਹੇ ਹਨ। ਵੱਡੇ ਬਲ ਵਾਲੇ ਜੋਧੇ ਤੇ ਸੂਰਮੇ ਤੇਰੀ ਸਿਫ਼ਤ ਕਰ ਰਹੇ ਹਨ ਅਤੇ ਚਾਰਾਂ ਹੀ ਖਾਣੀਆਂ ਦੇ ਜੀਵ ਤੈਨੂੰ ਗਾ ਰਹੇ ਹਨ। ਸਾਰੇ ਖੰਡ ਅਤੇ ਚੱਕਰ, ਜੋ ਤੂੰ ਪੈਦਾ ਕਰਕੇ ਟਿਕਾ ਰੱਖੇ ਹਨ, ਤੈਨੂੰ ਗਾਉਂਦੇ ਹਨ। ਉਹੋ ਤੇਰੇ ਪ੍ਰੇਮ ਵਿਚ ਰੱਤੇ ਭਗਤ ਲੋਕ ਤੈਨੂੰ ਗਾਉਂਦੇ ਹਨ ਜੋ ਤੈਨੂੰ ਚੰਗੇ ਲੱਗਦੇ ਹਨ। ਅਨੇਕ ਹੋਰ ਜੀਵ ਤੈਨੂੰ ਗਾ ਰਹੇ ਹਨ, ਜਿਹੜੇ ਮੈਥੋਂ ਗਿਣੇ ਵੀ ਨਹੀਂ ਜਾ ਸਕਦੇ। ਨਾਨਕ ਇਸ ਬਾਰੇ ਕੀ ਵਿਚਾਰ ਕਰ ਸਕਦਾ ਹੈ। ਜਿਸ ਅਕਾਲ ਪੁਰਖ ਨੇ ਇਹ ਸ੍ਰਿਸ਼ਟੀ ਪੈਦਾ ਕੀਤੀ ਹੈ, ਉਹ ਸੱਚਾ ਹੈ ਉਸ ਦੀ ਵਡਿਆਈ ਵੀ ਸੱਚੀ ਹੈ। ਉਹ (ਅਕਾਲ ਪੁਰਖ) ਇਸ ਵੇਲੇ ਮੌਜੂਦ ਹੈ, ਸਦਾ ਰਹੇਗਾ, ਉਹ ਨਾ ਜੰਮਿਆ ਹੈ ਅਤੇ ਨਾ ਮਰੇਗਾ ਜਿਸ ਨੇ ਇਹ ਸਾਰੀ ਸ੍ਰਿਸ਼ਟੀ ਰਚੀ ਹੈ। ਉਸ ਨੇ ਕਈ ਰੰਗਾਂ, ਕਿਸਮਾਂ ਤੇ ਜਿਨਸਾਂ ਦੀ ਮਾਇਆ ਰਚ ਦਿੱਤੀ ਹੈ। ਉਹ ਜਿਵੇਂ ਉਸ ਦੀ ਰਜ਼ਾ ਹੈ ਆਪਣੇ ਪੈਦਾ ਕੀਤੇ ਹੋਏ ਦੀ ਸੰਭਾਲ ਵੀ ਕਰ ਰਿਹਾ ਹੈ ਜੋ ਕੁੱਝ ਅਕਾਲ ਪੁਰਖ ਨੂੰ ਭਾਉਂਦਾ ਹੈ ਉਹੋ ਹੀ ਕਰੇਗਾ ਉਸ ਨੂੰ ਹੁਕਮ ਨਹੀਂ ਕੀਤਾ ਜਾ ਸਕਦਾ। ਅਕਾਲ ਪੁਰਖ ਪਾਤਸ਼ਾਹ ਹੈ, ਪਾਤਸ਼ਾਹਾਂ ਦਾ ਵੀ ਪਾਤਸ਼ਾਹ ਹੈ। ਹੇ ਨਾਨਕ! ਉਸ ਦੀ ਰਜ਼ਾ ਵਿਚ ਹੀ ਰਹਿਣਾ ਫੱਬਦਾ ਹੈ।

3. ਨਾਮ ਚੇਤਨਾ

ਜੇ ਮੋਤੀਆਂ ਦੇ ਮਹਿਲ ਮਾੜੀਆਂ ਉਸਰ ਪੈਣ ਤੇ ਉਹ ਰਤਨਾਂ ਨਾਲ ਜੜਾਊ ਹੋ ਜਾਣ, ਕਸਤੂਰੀ, ਕੇਸਰ ਤੇ ਚੰਦਨ ਨਾਲ ਲਿਪਾਈ ਕਰਕੇ ਮੈਨੂੰ ਚਾਉ ਚੜ੍ਹੇ। ਪਰ

ਮੈਨੂੰ ਇਸ ਤੋਂ ਹੇ ਪ੍ਰਭੂ! ਡਰ ਹੈ ਕਿ ਤੈਨੂੰ ਭੁਲਾ ਨਾ ਬੈਠਾਂ, ਤੂੰ ਮੈਨੂੰ ਵਿਸਰ ਨਾ ਜਾਵੇਂ। ਮੈਂ ਆਪਣੇ ਗੁਰੂ ਨੂੰ ਪੁੱਛ ਕੇ ਵੇਖ ਲਿਆ ਹੈ ਕਿ ਪ੍ਰਭੂ ਤੋਂ ਵਿਛੜ ਕੇ ਜਿੰਦ ਸੜ ਬਲ ਜਾਂਦੀ ਹੈ ਤੇ ਹੋਰ ਕੋਈ ਥਾਂ ਸਹਾਰਾ ਵੀ ਪ੍ਰਭੂ ਦੀ ਯਾਦ ਤੋਂ ਬਿਨਾਂ ਨਹੀਂ ਹੈ।

ਜੇ ਧਰਤੀ ਹੀਰੇ ਲਾਲਾਂ ਨਾਲ ਜੜੀ ਜਾਏ ਤੇ ਮੇਰੇ ਪਲੰਘ ਉੱਤੇ ਲਾਲ ਜੜੇ ਜਾਣ। ਜੇ ਮੇਰੇ ਸਾਹਮਣੇ ਉਹ ਸੁੰਦਰ ਇਸਤ੍ਰੀ ਹਾਵ ਭਾਵ ਕਰੇ ਜਿਸ ਦੇ ਮੱਥੇ ਉੱਤੇ ਮਣੀ ਸ਼ੋਭ ਰਹੀ ਹੋਵੇ। ਪਰ ਮੈਨੂੰ ਇਸ ਤੋਂ ਹੇ ਪ੍ਰਭੂ! ਡਰ ਹੈ ਕਿ ਮੈਂ ਤੈਨੂੰ ਭੁਲਾ ਨਾ ਬੈਠਾਂ, ਤੂੰ ਮੈਨੂੰ ਵਿਸਰ ਨਾ ਜਾਵੇਂ।

ਜੇ ਮੈਂ ਜੋਗੀ ਬਣ ਜਾਵਾਂ ਤੇ ਮੈਂ ਉਸ ਤੋਂ ਪ੍ਰਾਪਤ ਹੋ ਸਕਣ ਵਾਲੀਆਂ ਬਰਕਤਾਂ ਨੂੰ ਆਪਣੇ ਪਾਸ ਬੁਲਾ ਸਕਾਂ। ਕਦੀ ਮੈਂ ਲੁਕ ਸਕਾਂ ਤੇ ਕਦੀ ਪ੍ਰਗਟ ਹੋ ਕੇ ਬੈਠ ਜਾਵਾਂ ਤੇ ਲੋਕ ਮੇਰਾ ਆਦਰ ਕਰਨ। ਪਰ ਮੈਨੂੰ ਇਸ ਤੇ ਹੇ ਪ੍ਰਭੂ! ਡਰ ਹੈ ਕਿ ਮੈਂ ਤੈਨੂੰ ਭੁਲਾ ਨਾ ਬੈਠਾਂ, ਤੇ ਤੂੰ ਮੈਨੂੰ ਵਿਸਰ ਹੀ ਨਾ ਜਾਵੇਂ।

ਜੇ ਮੈਂ ਫ਼ੌਜਾਂ ਇਕੱਠੀਆਂ ਕਰ ਕੇ ਬਾਦਸ਼ਾਹ ਬਣ ਜਾਵਾਂ ਤੇ ਮੈਂ ਤਖ਼ਤ ਉੱਤੇ ਬੈਠਾ ਹੁਕਮ ਚਲਾ ਸਕਾਂ ਤਾਂ ਵੀ ਹੇ ਨਾਨਕ! ਇਹ ਸਭ ਕੁੱਝ ਵਿਅਰਥ ਹੈ। ਪਰ ਮੈਨੂੰ ਇਸ ਤੋਂ ਹੇ ਪ੍ਰਭੂ! ਡਰ ਹੈ ਕਿ ਮੈਂ ਤੈਨੂੰ ਭੁਲਾ ਨਾ ਬੈਠਾਂ, ਤੇ ਤੂੰ ਮੈਨੂੰ ਵਿਸਰ ਹੀ ਨਾ ਜਾਵੇਂ।

4. ਅਮੁੱਲ

ਜੇ ਮੇਰੀ ਉਮਰ ਕਰੋੜਾਂ ਵਰ੍ਹਿਆਂ ਦੀ ਹੋ ਜਾਵੇ ਤੇ ਕੇਵਲ ਹਵਾ ਹੀ ਮੇਰਾ ਖਾਣਾ ਪੀਣਾ ਹੋਵੇ। ਮੈਂ ਇਕ ਹਨੇਰੀ ਗੁਫ਼ਾ ਵਿਚ ਬੈਠਾ ਚੰਨ ਤੇ ਸੂਰਜ ਨੂੰ ਵੀ ਨਾ ਵੇਖਾਂ ਤੇ ਨਾ ਕਦੇ ਮੈਨੂੰ ਸੋਣ ਦੀ ਥਾਂ ਹੀ ਮਿਲੇ। ਪਰੰਤੂ ਫਿਰ ਵੀ ਹੇ ਪ੍ਰਭੂ! ਮੇਥੋਂ ਤੇਰਾ ਮੁੱਲ ਨਹੀਂ ਪਾਇਆ ਜਾ ਸਕਦਾ। ਮੈਂ ਤੇਰੀ ਵਡਿਆਈ ਨਹੀਂ ਦੱਸ ਸਕਦਾ। ਸੱਚਾ ਨਿਰੰਕਾਰ ਪਰਮਾਤਮਾ ਆਪਣੇ ਆਪ ਵਿਚ ਟਿਕਿਆ ਹੋਇਆ ਹੈ। ਅਸੀਂ ਸੁਣ ਸੁਣ ਕੇ ਹੀ ਉਸ ਦੀ ਵਡਿਆਈ ਬਿਆਨ ਕਰਦੇ ਹਾਂ। ਜੇਕਰ ਉਸ ਨੂੰ ਭਾਵੇ ਤਾਂ ਸਾਡੇ ਅੰਦਰ ਤਾਂਘ ਪੈਦਾ ਕਰ ਦਿੰਦਾ ਹੈ।

ਜੇ ਮੈਂ ਆਪਣੇ ਆਪ ਨੂੰ ਵਾਰ ਵਾਰ ਕੁੱਹ ਸੁੱਟਾਂ ਤੇ ਆਪਣਾ ਬੰਦ ਬੰਦ ਕਟਾ ਦਿਆਂ ਤੇ ਚੱਕੀ ਵਿਚ ਪਾ ਕੇ ਪੀਹ ਦਿਆਂ, ਆਪਣੇ ਆਪ ਨੂੰ ਅੱਗ ਨਾਲ ਸਾੜ ਸੁੱਟਾਂ ਤੇ ਸੁਆਹ ਨਾਲ ਰਲਾ ਦਿਆਂ, ਫਿਰ ਵੀ ਮੈਂ ਤੇਰੀ ਵਡਿਆਈ ਦੱਸਣ ਯੋਗ ਨਹੀਂ ਹਾਂ।

ਜੇ ਮੈਂ ਪੰਛੀ ਬਣ ਕੇ ਉੱਡ ਸਕਾਂ ਤੇ ਸੈਂਕੜੇ ਅਸਮਾਨਾਂ ਤੱਕ ਪਹੁੰਚ ਸਕਾਂ। ਇਤਨਾ ਉੱਚਾ ਉੱਡ ਕੇ ਜਾਵਾਂ ਕਿ ਮੈਨੂੰ ਕੋਈ ਵੀ ਵੇਖ ਨਾ ਸਕੇ, ਤੇ ਮੈਂ ਕੁੱਝ ਵੀ ਨਾ

ਪੀਵਾਂ ਫਿਰ ਵੀ ਹੇ ਪ੍ਰਭੂ! ਮੈਂ ਤੇਰੇ ਬਰਾਬਰ ਕਿਸੇ ਨੂੰ ਲੱਭ ਨਹੀਂ ਸਕਦਾ ਤੇ ਤੇਰੀ ਸਿਫਤ ਸਲਾਹ ਕਰਨ ਦੇ ਯੋਗ ਨਹੀਂ ਹੋ ਸਕਦਾ।

ਜੇ ਮੇਰੇ ਪਾਸ ਲੱਖ ਮਣ ਕਾਗਜ ਤੇਰੀ ਵਡਿਆਈ ਨਾਲ ਭਰੇ ਹੋਣ ਤੇ ਮੈਂ ਉਨ੍ਹਾਂ ਨੂੰ ਪੜ੍ਹ ਪੜ੍ਹ ਕੇ ਤੇਰੇ ਨਾਲ ਪਿਆਰ ਕਰਾਂ। ਮੈਂ ਹਵਾ ਨੂੰ ਕਲਮ ਬਣਾ ਕੇ ਲਿਖਾਂ ਤੇ ਸਿਆਹੀ ਮੁੱਕਣ ਨੂੰ ਨਾ ਆਵੇ, ਫਿਰ ਵੀ, ਹੇ ਪ੍ਰਭੂ! ਮੈਂ ਤੇਰਾ ਮੁੱਲ ਨਹੀਂ ਪਾ ਸਕਦਾ; ਮੈਂ ਤੇਰੀ ਵਡਿਆਈ ਦੱਸਣ ਯੋਗ ਨਹੀਂ ਹਾਂ।

5. ਸਾਚਾ ਨਾਮ

ਜਿਉਂ ਜਿਉਂ ਮੈਂ ਵਾਹਿਗੁਰੂ ਦਾ ਨਾਮ ਉਚਰਦਾ ਹਾਂ ਮੇਰੇ ਅੰਦਰ ਆਤਮਿਕ ਜੀਵਨ ਪੈਦਾ ਹੁੰਦਾ ਹੈ ਤੇ ਵਿਸਰਨ ਨਾਲ ਮੇਰੀ ਆਤਮਿਕ ਮੌਤ ਹੋ ਜਾਂਦੀ ਹੈ। ਪਰੰਤੂ ਇਹ ਜਾਣਦਿਆਂ ਵੀ ਉਸ ਦਾ ਸੱਚਾ ਨਾਮ ਸਿਮਰਨਾ ਬੜਾ ਔਖਾ ਕੰਮ ਹੈ। ਜਿਸ ਮਨੁੱਖ ਦੇ ਅੰਦਰ ਨਾਮ ਜਪਣ ਦੀ ਭੁੱਖ ਪੈਦਾ ਹੁੰਦੀ ਹੈ, ਇਸ ਭੁੱਖ ਦੀ ਬਰਕਤ ਨਾਲ ਉਸ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ, ਹੇ ਮੇਰੀ ਮਾਤਾ! ਉਹ ਪ੍ਰਭੂ ਮੈਨੂੰ ਕਦੀ ਵੀ ਨਾ ਭੁੱਲੇ। ਉਹ ਸੱਚਾ ਸਾਹਿਬ ਹੈ, ਜਿਸ ਦਾ ਨਾਮ ਸੱਚਾ ਤੇ ਸ਼ਾਂਤੀ ਦੇਣ ਵਾਲਾ ਹੈ।

ਉਸ ਥਿਰ ਰਹਿਣ ਵਾਲੇ ਦੀ ਵਡਿਆਈ ਕਰ ਕੇ ਮਨੁੱਖ ਥੱਕ ਜਾਂਦਾ ਹੈ ਪਰ ਉਸ ਦੀ ਕੀਮਤ ਨਹੀਂ ਪਾਈ ਜਾ ਸਕਦੀ। ਜੇ ਸਾਰੇ ਜੀਵ ਰਲ ਕੇ ਉਸ ਦੀ ਕੀਮਤ ਬਿਆਨ ਕਰਨ ਦਾ ਯਤਨ ਕਰਨ ਤਾਂ ਉਹ ਇਸ ਕਾਰਣ ਵੱਡਾ ਨਹੀਂ ਹੋ ਜਾਂਦਾ ਤੇ ਜੇਕਰ ਨਾ ਕਰਨ ਤਾਂ ਉਸ ਦਾ ਕੁੱਝ ਘੱਟ ਨਹੀਂ ਜਾਂਦਾ।

ਉਹ ਪਰਮਾਤਮਾ ਕਦੇ ਮਰਦਾ ਨਹੀਂ ਤੇ ਨ ਹੀ ਉਸ ਦਾ ਸੋਗ ਹੁੰਦਾ ਹੈ। ਉਸ ਦੀਆਂ ਦਿੱਤੀਆਂ ਦਾਤਾਂ ਦਾ ਭੋਗ ਵਰਤਣਾ ਕਦੇ ਮੁੱਕਦਾ ਨਹੀਂ। ਉਸ ਦੀ ਵੱਡੀ ਸਿਫਤ ਇਹ ਹੈ ਕਿ ਉਸ ਵਰਗਾ ਹੋਰ ਕੋਈ ਨਹੀਂ। ਨਾ ਹੀ ਉਸ ਵਰਗਾ ਕੋਈ ਹੋਇਆ ਹੈ ਤੇ ਨਾ ਹੀ ਹੋਏਗਾ।

ਹੇ ਪ੍ਰਭੂ! ਜਿਤਨਾ ਵੱਡਾ ਤੂੰ ਆਪ ਹੈਂ ਉਤਨੀ ਹੀ ਵੱਡੀ ਤੇਰੀ ਦਾਤ ਹੈ। ਹੇ ਪ੍ਰਭੂ! ਤੂੰ ਦਿਨ ਬਣਾਇਆ ਹੈ ਤੇ ਰਾਤ ਵੀ ਬਣਾਈ ਹੈ। ਹੇ ਨਾਨਕ! ਉਹ ਲੋਕ ਜਿਹੜੇ ਅਜਿਹੇ ਮਾਲਕ ਪਰਮਾਤਮਾ ਨੂੰ ਵਿਸਾਰ ਦਿੰਦੇ ਹਨ ਉਹ ਬੜੇ ਖੁੰਝੇ ਹੋਏ ਨੀਚ ਲੋਕ ਹਨ।

6. ਸ਼ਿੰਗਾਰ

ਹੇ ਪ੍ਰਭੂ! ਜੇਕਰ ਜੀਵ ਇਸਤ੍ਰੀ ਆਪਣੇ ਮਨ ਨੂੰ ਮੋਤੀ ਵਰਗਾ ਗਹਿਣਾ ਬਣਾ ਲਏ ਤੇ ਸੁਆਸ ਸੁਆਸ ਸਿਮਰਨ ਦਾ ਧਾਗਾ ਬੁਣੇ, ਦੁਨੀਆਂ ਦੀ ਵਧੀਕੀ ਨੂੰ ਸਹਾਰ ਲੈਣ ਦੇ ਸੁਭਾਅ ਨੂੰ ਆਪਣਾ ਸ਼ਿੰਗਾਰ ਬਣਾਏ ਤੇ ਆਪਣੇ ਤਨ ਉੱਤੇ ਸਜਾਏ ਤਾਂ

ਪ੍ਰਭੂ ਦੀ ਪਿਆਰੀ ਹੋ ਕੇ ਉਸ ਨੂੰ ਮਿਲ ਪੈਂਦੀ ਹੈ। ਹੇ ਲਾਲ, ਪ੍ਰਭੂ ਜਿਹੜੀ ਜੀਵ ਇਸਤ੍ਰੀ ਤੇਰੇ ਬਹੁ ਗੁਣਾਂ ਨਾਲ ਮੋਹੀ ਜਾਂਦੀ ਹੈ, ਉਸ ਨੂੰ ਤੇਰੇ ਗੁਣ ਕਿਸੇ ਹੋਰ ਵਿਚ ਨਹੀਂ ਦਿਸਦੇ।

ਜੇ ਉਹ ਜੀਵ ਇਸਤ੍ਰੀ ਤੇਰੀ ਯਾਦ ਨੂੰ ਹਾਰ ਬਣਾ ਕੇ ਆਪਣੇ ਗਲ ਵਿਚ ਪਾ ਲਏ ਤੇ ਸਿਮਰਨ ਦਾ ਹੀ ਦੰਦਾਸਾ ਵਰਤੇ ਪ੍ਰਭੂ ਸੇਵਾ ਤੇ ਭਗਤੀ ਨੂੰ ਕੰਗਣੀ ਬਣਾ ਕੇ ਹੱਥ ਵਿਚ ਪਾ ਲਏ ਤਾਂ ਇਸ ਤਰ੍ਹਾਂ ਉਸ ਦਾ ਚਿੱਤ ਪ੍ਰਭੂ ਚਰਨਾਂ ਵਿਚ ਟਿਕਿਆ ਰਹਿੰਦਾ ਹੈ।

ਜੇ ਪਰਮਾਤਮਾ ਦੇ ਭਜਨ ਨੂੰ ਮੁੰਦਰੀ ਬਣਾ ਕੇ ਹੱਥ ਵਿਚ ਪਾ ਲਏ ਤੇ ਪਰਮੇਸ਼ਰ ਦੀ ਹਸਤੀ ਨੂੰ ਹੀ ਆਪਣੀ ਪਤ ਦਾ ਰਾਖਾ ਸਮਝ ਕੇ ਉਸ ਦਾ ਦੁਪੱਟਾ ਓੜ੍ਹ ਲਏ, ਧੀਰਜ ਤੇ ਗੰਭੀਰਤਾ ਦੀਆਂ ਪੱਟੀਆਂ ਢਾਲੇ ਤੇ ਪ੍ਰਭੂ ਦੇ ਨਾਮ ਦਾ ਸੁਰਮਾ ਪਾਵੇ, ਆਪਣੇ ਮਨ ਦੇ ਮਹਲ ਵਿਚ ਗਿਆਨ ਦਾ ਦੀਵਾ ਜਗਾਏ ਤੇ ਆਪਣੇ ਹਿਰਦੇ ਨੂੰ ਪ੍ਰਭੂ ਦੀ ਸੇਜ ਬਣਾਏ, ਜਦੋਂ ਗਿਆਨ ਦਾਤਾ ਪ੍ਰਭੂ ਉਸ ਦੀ ਹਿਰਦੇ ਸੇਜ ਉੱਪਰ ਪ੍ਰਗਟ ਹੁੰਦਾ ਹੈ ਤਾਂ ਉਸ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ।

7. ਸੱਚ

ਸੱਚ, ਅਸਲੇ ਦੀ ਸਮਝ ਤਦੋਂ ਹੀ ਆਉਂਦੀ ਹੈ ਜਦੋਂ ਉਹ ਸੱਚ ਸਾਡੇ ਹਿਰਦੇ ਵਿਚ ਟਿਕ ਜਾਂਦਾ ਹੈ। ਮਾਇਆ ਛਲ ਦਾ ਕੂੜ ਸਾਡੇ ਮਨ ਤੋਂ ਉਤਰ ਜਾਂਦਾ ਹੈ ਤੇ ਸਰੀਰ ਧੁਲ ਕੇ ਸਾਫ ਸੁੰਦਰ ਹੋ ਜਾਂਦਾ ਹੈ। ਸੱਚ ਦਾ ਗਿਆਨ ਤਦੋਂ ਹੀ ਹੁੰਦਾ ਹੈ ਜਦੋਂ ਸੱਚ ਨਾਲ ਮਨੁੱਖ ਦਾ ਪਿਆਰ ਪੈਦਾ ਹੁੰਦਾ ਹੈ। ਨਾਮ ਸੁਣ ਕੇ ਉਸ ਦੇ ਮਨ ਵਿਚ ਖੇੜਾ ਤੇ ਹੁਲਾਸ ਆਉਂਦਾ ਹੈ ਤੇ ਉਸ ਨੂੰ ਮੁਕਤੀ, ਸੁਤੰਤਰਤਾ ਦਾ ਰਾਹ ਮਿਲ ਜਾਂਦਾ ਹੈ। ਪ੍ਰਭੂ ਦੀ, ਅਸਲੀਅਤ ਜਾਂ ਸੱਚ ਦੀ ਸਮਝ ਤਦੋਂ ਪੈਂਦੀ ਹੈ ਜਦੋਂ ਮਨੁੱਖ ਰੱਬੀ ਜੀਵਨ ਗੁਜ਼ਾਰਨ ਦੀ ਜੁਗਤੀ ਜਾਣੇ, ਜਦੋਂ ਉਹ ਸਰੀਰ ਰੂਪੀ ਧਰਤੀ ਨੂੰ ਤਿਆਰ ਕਰਕੇ ਇਸ ਵਿਚ ਪ੍ਰਭੂ ਦਾ ਨਾਮ ਬੀਜ ਦੇਵੇ। ਸੱਚ ਦੀ ਪਰਖ ਤਦੋਂ ਹੁੰਦੀ ਹੈ ਜਦੋਂ ਉਹ ਗੁਰੂ ਪਾਸੋਂ ਸੱਚੀ ਸਿੱਖਿਆ ਲੈਂਦਾ ਹੈ, ਜੇਕਰ ਜੀਵ ਜੀਵਾਂ ਉੱਪਰ ਤਰਸ ਕਰਨ ਦੀ ਜਾਚ ਸਿੱਖੇ ਤੇ ਪੁੰਨ ਦਾਨ ਕਰੇ।

ਪਰਮਾਤਮਾ ਸੱਚੇ ਦੀ ਪਛਾਣ ਤਦ ਹੀ ਹੁੰਦੀ ਹੈ ਜੇ ਮਨੁੱਖ ਆਪਣੇ ਧੁਰ ਅੰਦਰਲੇ ਤੀਰਥ, ਆਤਮਾ ਉੱਪਰ ਟਿਕੇ। ਆਪਣੇ ਸਤਿਗੁਰੂ ਤੋਂ ਉਪਦੇਸ਼ ਲੈ ਕੇ ਉਸ ਅੰਦਰਲੇ ਤੀਰਥ ਉੱਤੇ ਬੈਠਾ ਰਹੇ। ਜਿਨ੍ਹਾਂ ਦੇ ਅੰਦਰ ਸੱਚ ਵੱਸਿਆ ਹੈ ਉਨ੍ਹਾਂ ਦੇ ਸਾਰੇ ਦੁੱਖਾਂ ਦਾ ਉਹ ਦਾਰੂ ਬਣ ਜਾਂਦਾ ਹੈ ਤੇ ਉਨ੍ਹਾਂ ਦੇ ਸਾਰੇ ਪਾਪਾਂ ਵਿਕਾਰਾਂ ਨੂੰ ਧੋ ਕੇ ਕੱਢ ਦਿੰਦਾ ਹੈ।

ਹੇ ਨਾਨਕ! ਉਹ ਬੇਨਤੀ ਕਰਦਾ ਹੈ ਜਿਸ ਦੇ ਪੱਲੇ ਸੱਚ ਹੁੰਦਾ ਹੈ।

8. ਆਰਤੀ

ਹੇ ਅਕਾਲ ਪੁਰਖ! ਤੇਰੀ ਆਰਤੀ ਕਰਨ ਲਈ ਸਾਰਾ ਆਕਾਸ਼ ਮੇਰਾ ਥਾਲ ਹੈ ਤੇ ਤਾਰਿਆਂ ਦੇ ਝੁੰਡ ਉਸ ਥਾਲ ਵਿਚ ਰੱਖੇ ਮੋਤੀ ਹਨ। ਮਲਯ ਪਹਾੜੀ ਵੱਲੋਂ ਆਉਂਦੀ ਹਵਾ ਧੂਪ ਧੁਖਾ ਰਹੀ ਹੈ ਤੇ ਹਵਾ ਚੋਰ ਕਰਦੀ ਹੈ। ਸਾਰੀ ਬਨਸਪਤੀ ਹਰਿਆਵਲ ਜੋਤ ਰੂਪ (ਆਰਤੀ ਲਈ) ਫੁੱਲ ਦੇ ਰਹੀ ਹੈ। ਹੇ ਜੀਵਾਂ ਦਾ ਜਨਮ ਮਰਨ ਕੱਟਣ ਵਾਲੇ ਪ੍ਰਭੂ! ਤੇਰੀ ਕੈਸੀ ਸੁੰਦਰ ਆਰਤੀ ਹੋ ਰਹੀ ਹੈ। ਤੇਰੀ ਆਰਤੀ ਵਾਸਤੇ (ਇਕ ਰਸ ਜੀਵਨ ਰੋ) ਨਗਾਰੇ ਵੱਜ ਰਹੇ ਹਨ।

ਤੇਰੀਆਂ ਹਜ਼ਾਰਾਂ ਅੱਖਾਂ ਹਨ। ਪ੍ਰਭੂ ਤੂੰ ਨਿਰੰਕਾਰ ਹੈਂ ਇਸ ਲਈ ਤੇਰੀ ਕੋਈ ਅੱਖ ਵੀ ਨਹੀਂ। ਤੇਰੀਆਂ ਹਜ਼ਾਰਾਂ ਸ਼ਕਲਾਂ ਹਨ ਪਰ ਤੂੰ ਸ਼ਕਲ ਰਹਿਤ ਵੀ ਹੈਂ, ਹਜ਼ਾਰਾਂ ਤੇਰੇ ਸੋਹਣੇ ਪੈਰ ਹਨ ਪਰ ਤੇਰਾ ਇਕ ਵੀ ਪੈਰ ਨਹੀਂ। ਹਜ਼ਾਰਾਂ ਤੇਰੇ ਨੱਕ ਹਨ ਪਰ ਤੇਰਾ ਇਕ ਵੀ ਨੱਕ ਨਹੀਂ। ਤੇਰੇ ਅਜਿਹੇ ਕੌਤਕਾਂ ਨਾਲ ਮੈਂ ਬੜਾ ਹੈਰਾਨ ਹੋਇਆ ਹਾਂ।

ਸਾਰੇ ਜੀਵਾਂ ਵਿਚ ਪਰਮਾਤਮਾ ਦੀ ਇਕੋ ਜੋਤ ਪਸਰ ਰਹੀ ਹੈ। ਉਸ ਜੋਤ ਦੇ ਪ੍ਰਕਾਸ਼ ਨਾਲ ਸਾਰੇ ਜੀਵਾਂ ਵਿਚ ਚਾਨਣ ਹੈ। ਗੁਰੂ ਦੀ ਸਿੱਖਿਆ ਨਾਲ ਇਕ ਜੋਤ ਦਾ ਗਿਆਨ ਹੁੰਦਾ ਹੈ। ਉਸ ਸਰਬ ਵਿਆਪਕ ਦੀ ਆਰਤੀ ਇਹ ਹੈ ਕਿ ਸੰਸਾਰ ਵਿਚੋਂ ਹੋ ਰਿਹਾ ਵਰਤਾਰਾ ਉਸ ਜੀਵ ਨੂੰ ਚੰਗਾ ਲੱਗੇ। ਉਸ ਦੇ ਭਾਣੇ ਨੂੰ ਮੰਨਣਾ ਹੀ ਉਸ ਦੀ ਆਰਤੀ ਹੈ।

ਹੇ ਪ੍ਰਭੂ! ਤੇਰੇ ਚਰਨ ਰੂਪ ਕੌਲ ਫੁੱਲਾਂ ਲਈ ਮੇਰਾ ਮਨ ਲੋਚਦਾ ਹੈ। ਮੈਨੂੰ ਦਿਨ ਰਾਤ ਇਹੋ ਹੀ ਪਿਆਸ ਹੈ। ਮੈਨੂੰ, ਦਾਸ ਨਾਨਕ ਪਪੀਹੇ ਨੂੰ, ਆਪਣੀ ਮਿਹਰ ਦਾ ਜਲ ਦੇਹ ਜਿਸ ਨਾਲ ਮੈਂ ਤੇਰੇ ਨਾਮ ਵਿਚ ਟਿਕਿਆ ਰਹਾਂ।

9. ਸੱਚ ਕੀ ਬਾਣੀ

ਹੇ ਭਾਈ ਲਾਲੋ! ਮੈਨੂੰ ਜਿਸ ਤਰ੍ਹਾਂ ਖਸਮ ਪ੍ਰਭੂ ਵੱਲੋਂ ਪ੍ਰੇਰਨਾ ਆਈ ਹੈ ਮੈਂ ਉਸੇ ਤਰ੍ਹਾਂ ਤੈਨੂੰ ਦੱਸ ਰਿਹਾ ਹਾਂ (ਸੈਦਪੁਰ ਸ਼ਹਿਰ ਦੀ ਘਟਨਾ ਬਾਰੇ)। ਜ਼ਾਲਮ (ਬਾਬਰ ਬਾਦਸ਼ਾਹ) ਪਾਪ ਕੀ ਜੰਞ ਕਾਬਲ ਤੋਂ ਲੈ ਕੇ ਆ ਚੜ੍ਹਿਆ ਹੈ, ਧੱਕੇ ਜ਼ੋਰ ਨਾਲ ਹਿੰਦ ਦੀ ਹਕੂਮਤ ਦਾ ਦਾਨ ਮੰਗਦਾ ਹੈ। ਸ਼ਰਮ ਤੇ ਧਰਮ ਦੋਵੇਂ ਛੁਪ ਗਏ ਹਨ ਤੇ ਸਭ ਪਾਸੇ ਕੂੜ ਕੁਸੱਤ ਹੀ ਪ੍ਰਧਾਨ ਹਨ। ਕਾਜ਼ੀਆਂ ਤੇ ਬ੍ਰਾਹਮਣਾਂ ਦੀ ਮਰਯਾਦਾ ਮੁੱਕ ਚੁੱਕੀ ਹੈ ਤੇ ਸ਼ੈਤਾਨ ਹੀ ਵਿਆਹ ਪੜ੍ਹਾ ਰਿਹਾ ਹੈ ਭਾਵ ਇਸਤ੍ਰੀਆਂ ਉੱਪਰ ਅੱਤਿਆਚਾਰ ਹੋ ਰਹੇ ਹਨ। ਮੁਸਲਮਾਨ ਇਸਤ੍ਰੀਆਂ ਵੀ ਜ਼ੁਲਮ ਦਾ ਸ਼ਿਕਾਰ ਹੋ ਰਹੀਆਂ ਹਨ ਤੇ

ਕੁਰਾਨ ਸ਼ਰੀਫ਼ ਪੜ੍ਹ ਕੇ ਰੱਬ ਰੱਬ ਕਰ ਰਹੀਆਂ ਹਨ। ਉੱਚੀਆਂ ਤੇ ਨੀਵੀਆਂ ਜਾਤਾਂ ਦੀਆਂ ਇਸਤ੍ਰੀਆਂ ਉੱਪਰ ਵੀ ਉਹੀ ਅੱਤਿਆਚਾਰ ਹੋ ਰਹੇ ਹਨ। ਹੇ ਨਾਨਕ! ਇਸ ਸ਼ਹਿਰ ਵਿਚ ਸਭ ਪਾਸੇ ਖ਼ੂਨ ਦੇ ਗੀਤ ਗਾਏ ਜਾਂਦੇ ਹਨ ਅਤੇ ਲਹੂ ਦਾ ਕੇਸਰ ਛਿੜਕਿਆ ਹੋਇਆ ਹੈ।

ਲੋਥਾਂ ਭਰੇ ਇਸ ਸ਼ਹਿਰ ਵਿਚ ਬੈਠਾ ਨਾਨਕ ਵੀ ਉਸ ਮਾਲਕ ਪ੍ਰਭੂ ਦੇ ਗੁਣ ਗਾ ਰਿਹਾ ਹੈ। ਜਿਸ ਮਾਲਕ ਪ੍ਰਭੂ ਨੇ ਇਹ ਸ੍ਰਿਸ਼ਟੀ ਪੈਦਾ ਕੀਤੀ ਹੈ ਉਸ ਨੇ ਇਸ ਨੂੰ ਮਾਇਆ ਦੇ ਮੋਹ ਵਿਚ ਪਰਵਿਰਤ ਕੀਤਾ ਹੋਇਆ ਹੈ। ਉਹ ਮਾਲਕ ਪ੍ਰਭੂ ਅਟੱਲ ਨਿਯਮਾਂ ਵਾਲਾ ਹੈ। ਉਸ ਦਾ ਨਿਆਂ ਅਟੱਲ ਹੈ। ਉਹ ਅਟੱਲ ਨਿਯਮ ਵਰਤਾਏਗਾ। ਉਸ ਅਟੱਲ ਨਿਯਮ ਅਨੁਸਾਰ ਇਸ ਸ਼ਹਿਰ ਵਿਚ ਮਨੁੱਖੀ ਸਰੀਰ ਰੂਪੀ ਕੱਪੜਾ ਟੋਟੇ ਟੋਟੇ ਹੋ ਰਿਹਾ ਹੈ। ਇਸ ਭਿਆਨਕ ਘਟਨਾ ਨੂੰ ਹਿੰਦੁਸਤਾਨ ਕਦੇ ਭੁੱਲ ਨਹੀਂ ਸਕੇਗਾ। ਪਰ ਹੇ ਭਾਈ ਲਾਲੋ! ਜਦ ਤੱਕ ਮਨੁੱਖ ਮਾਇਆ ਦੇ ਮੋਹ ਵਿਚ ਫਸੇ ਹੋਏ ਹਨ ਤਦ ਤੱਕ ਇਹ ਜ਼ੁਲਮ ਹੁੰਦੇ ਰਹਿਣਗੇ। ਇਹ ਮੁਗ਼ਲ ਸੰਮਤ ਅਠੱਤਰ ਵਿਚ ਆਏ ਹਨ ਤੇ ਸਤਾਨਵੇਂ ਵਿਚ ਚਲੇ ਜਾਣਗੇ। ਕੋਈ ਹੋਰ ਸੂਰਮਾ ਵੀ ਉਠ ਖੜ੍ਹਾ ਹੋਵੇਗਾ। ਨਾਨਕ ਤਾਂ ਸਦਾ ਸੱਚੇ ਪ੍ਰਭੂ ਦੀ ਸਿਫ਼ਤ ਸਲਾਹ ਹੀ ਕਰਦਾ ਰਹੇਗਾ। ਇਹ ਮਨੁੱਖੀ ਜਨਮ ਸੱਚੀ ਸਿਫ਼ਤ ਸਲਾਹ ਵਾਸਤੇ ਹੀ ਮਿਲਿਆ ਹੈ।

10. ਤੇਰੇ ਗੁਣ ਗਾਵਾਂ

ਹੇ ਪ੍ਰਭੂ! ਤੇਰੀ ਸਿਫ਼ਤ ਸਲਾਹ ਕਰ ਕੇ ਮੈਂ ਤੇਰੀ ਕੋਈ ਵਡਿਆਈ ਨਹੀਂ ਕਰ ਰਿਹਾ। ਤੂੰ ਬਾਦਸ਼ਾਹ ਹੈਂ ਤੇ ਮੈਂ ਤੈਨੂੰ ਮੀਆਂ ਆਖ ਰਿਹਾ ਹਾਂ। ਜਿਤਨਾ ਕੁ ਬਲ ਤੂੰ ਦਿੰਦਾ ਹੈਂ ਮੈਂ ਉਤਨਾ ਕੁ ਤੇਰੇ ਗੁਣ ਗਾ ਲੈਂਦਾ ਹਾਂ। ਮੈਂ ਤਾਂ ਅੰਞਾਣ ਹਾਂ। ਮੇਰੇ ਵਿਚ ਤੇਰੇ ਗੁਣ ਗਾਇਨ ਕਰਨ ਦੀ ਸਮਰੱਥਾ ਨਹੀਂ ਹੈ। ਮੈਨੂੰ ਇਤਨੀ ਸਮਝ ਬਖ਼ਸ਼ ਕਿ ਮੈਂ ਤੇਰੇ ਗੁਣ ਦੱਸ ਸਕਾਂ ਤੇ ਮੈਂ ਤੇਰੇ ਚਰਨਾਂ ਵਿਚ ਟਿਕਿਆ ਰਹਾਂ।

ਇਹ ਸਾਰਾ ਸੰਸਾਰ ਤੇਰਾ ਬਣਾਇਆ ਹੋਇਆ ਹੈ ਤੇ ਇਹ ਤੇਰੀ ਬਜ਼ੁਰਗੀ ਹੈ। ਹੇ ਮੇਰੇ ਮਾਲਕ! ਮੈਂ ਤੇਰਾ ਅੰਤ ਨਹੀਂ ਪਾ ਸਕਦਾ, ਮੈਂ ਤਾਂ ਅੰਨ੍ਹਾ ਹਾਂ। ਮੇਰੇ ਵਿਚ ਅਕਲ ਤੇ ਸਮਝ ਨਹੀਂ ਹੈ।

ਮੈਂ ਤੇਰੇ ਗੁਣ ਬਿਲਕੁੱਲ ਨਹੀਂ ਕਹਿ ਸਕਦਾ। ਤੂੰ ਅਕੱਥ ਹੈਂ ਤੇ ਮੇਰੀ ਕਥਨੀ ਤੋਂ ਪਰੇ ਹੈਂ। ਜੋ ਤਿਲ ਮਾਤਰ ਵਡਿਆਈ ਮੈਂ ਆਖਦਾ ਹਾਂ ਉਹ ਤੇਰੇ ਹੁਕਮ ਤੇ ਭਾਣੇ ਅਨੁਸਾਰ ਹੈ।

ਇੱਥੇ ਕਾਮ, ਕਰੋਧ, ਹੰਕਾਰ ਆਦਿ ਕਈ ਕੁੱਤੇ ਹਨ। ਮੈਂ ਉਨ੍ਹਾਂ ਵਿਚ ਬਿਗਾਨਾ ਜਾਂ ਓਪਰਾ ਹਾਂ ਤੇ ਉਨ੍ਹਾਂ ਕੁੱਤਿਆਂ ਤੋਂ ਆਪਣੇ ਆਪ ਨੂੰ ਬਚਾਉਣ ਲਈ ਭੌਂਕਦਾ ਹਾਂ।

ਜੇ ਨਾਨਕ ਭਗਤੀ ਤੋਂ ਸੱਖਣਾ ਵੀ ਹੋਏਗਾ ਤਾਂ ਮੇਰਾ ਖਸਮ, ਆਪਣੀ ਸ਼ੋਭਾ ਅਨੁਸਾਰ ਉਸ ਸਰਨ ਆਏ ਦੀ ਲਾਜ ਰੱਖੇਗਾ।

11. ਸਹਿਜ ਅਵਸਥਾ

ਸਾਰੀ ਸ੍ਰਿਸ਼ਟੀ ਮਨ ਦੀ ਸ਼ਾਂਤੀ ਲਈ ਤਰਸਦੀ ਹੈ ਪਰ ਗੁਰੂ ਦੀ ਸ਼ਰਨ ਤੋਂ ਬਿਨਾਂ ਇਹ ਸਹਿਜ ਅਵਸਥਾ ਨਹੀਂ ਮਿਲਦੀ। ਪੰਡਿਤ ਤੇ ਜੋਤਸ਼ੀ ਪੜ੍ਹ ਪੜ੍ਹ ਕੇ ਥੱਕ ਗਏ ਪਰ ਇਸ ਨੂੰ ਪ੍ਰਾਪਤ ਨਾ ਕਰ ਸਕੇ। ਛੇ ਭੇਖਾਂ ਦੇ ਸਾਧੂ ਵੀ ਭਟਕਦੇ ਹੀ ਰਹੇ। ਜਿਨ੍ਹਾਂ ਉੱਤੇ ਪਰਮਾਤਮਾ ਆਪਣੀ ਰਜ਼ਾ ਅਨੁਸਾਰ ਕਿਰਪਾ ਕਰਦਾ ਹੈ ਉਹ ਗੁਰੂ ਨੂੰ ਮਿਲ ਕੇ ਸਹਿਜ ਅਵਸਥਾ ਪ੍ਰਾਪਤ ਕਰਦੇ ਹਨ।

ਹੇ ਭਾਈ! ਗੁਰੂ ਦੀ ਸ਼ਰਨ ਵਿਚ ਆਏ ਬਿਨਾਂ ਸਹਿਜ ਅਵਸਥਾ, ਮਨ ਦੀ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ। ਗੁਰੂ ਦੇ ਸ਼ਬਦ ਵਿਚ ਜੁੜਨ ਤੋਂ ਹੀ ਆਤਮਿਕ ਅਡੋਲਤਾ ਪੈਦਾ ਹੁੰਦੀ ਹੈ ਤੇ ਉਹ ਸਦਾ ਥਿਰ ਰਹਿਣ ਵਾਲਾ ਹਰੀ ਮਿਲਦਾ ਹੈ। ਆਤਮਿਕ ਅਡੋਲਤਾ ਵਿਚ ਰਹਿ ਕੇ ਕੀਤਾ ਪ੍ਰਭੂ ਕੀਰਤਨ ਹੀ ਪ੍ਰਵਾਨ ਹੁੰਦਾ ਹੈ। ਇਸੇ ਵਿਚ ਹੀ ਮਨੁੱਖ ਪ੍ਰਭੂ ਪਿਆਰ ਵਿਚ ਲੀਨ ਹੁੰਦਾ ਹੈ। ਆਤਮਿਕ ਸ਼ਾਂਤੀ ਵਿਚ ਹੀ ਜੀਵਨ ਦੀ ਸਫਲਤਾ ਹੈ ਤੇ ਇਸ ਤੋਂ ਬਿਨਾਂ ਜ਼ਿੰਦਗੀ ਵਿਅਰਥ ਹੈ।

ਇਸ ਸਹਿਜ ਅਵਸਥਾ ਵਿਚ ਹੀ ਤੂੰ ਸਮਾਧੀ ਲਾ ਕੇ ਪਰਮਾਤਮਾ ਦੀ ਸਿਫ਼ਤ ਸਲਾਹ ਕਰਦਾ ਰਹੀਂ। ਜਿਹੜਾ ਮਨੁੱਖ ਆਤਮਿਕ ਅਡੋਲਤਾ ਵਿਚ ਪਰਮਾਤਮਾ ਦੇ ਗੁਣ ਗਾਉਂਦਾ ਹੈ ਉਸ ਦੇ ਮਨ ਵਿਚ ਪਰਮਾਤਮਾ ਆ ਵੱਸਦਾ ਹੈ। ਉਸ ਦੀ ਜੀਭ ਹਰੀ ਦੇ ਨਾਮ ਦਾ ਰਸ ਚੱਖਦੀ ਰਹਿੰਦੀ ਹੈ।

ਇਸ ਅਵਸਥਾ ਵਿਚ ਪ੍ਰਭੂ ਦੀ ਸ਼ਰਨ ਵਿਚ ਰਹਿ ਕੇ ਜਿਨ੍ਹਾਂ ਨੇ ਮੌਤ ਦੇ ਡਰ ਨੂੰ ਮਾਰ ਲਿਆ, ਇਸ ਸੱਚੀ ਕਾਰ ਕਰਨ ਵਾਲੇ ਹਰੀ ਦਾ ਨਾਮ ਉਨ੍ਹਾਂ ਦੇ ਮਨ ਵਿਚ ਵੱਸ ਗਿਆ। ਜਿਨ੍ਹਾਂ ਨੇ ਪਰਮਾਤਮਾ ਦਾ ਨਾਮ ਪ੍ਰਾਪਤ ਕਰ ਲਿਆ। ਉਹ ਬੰਦੇ ਬੜੇ ਵੱਡੇ ਭਾਗਾਂ ਵਾਲੇ ਹਨ ਤੇ ਉਹ ਸਦਾ ਉਸ ਵਿਚ ਲੀਨ ਰਹਿੰਦੇ ਹਨ।

ਮਾਇਆ ਵਿਚ ਖਚਤ ਰਹਿਣ ਨਾਲ ਮਨ ਦੀ ਸ਼ਾਂਤੀ ਪੈਦਾ ਨਹੀਂ ਹੁੰਦੀ। ਜੀਵ ਭਟਕਣਾਂ ਵਿਚ ਪਿਆ ਰਹਿੰਦਾ ਹੈ। ਮਨਮੁੱਖਤਾ ਵਾਲੇ ਕਰਮ ਕਰਦਿਆਂ ਜੀਵ ਹਉਮੈ ਵਿਚ ਹੀ ਸੜਦਾ ਹੈ। ਉਸ ਦਾ ਜੰਮਣ ਮਰਨ ਦਾ ਗੇੜ ਨਹੀਂ ਮੁੱਕਦਾ ਤੇ ਉਹ ਮੁੜ ਮੁੜ ਜੰਮਦਾ ਰਹਿੰਦਾ ਹੈ।

ਮਾਇਆ ਦੇ ਤਿੰਨ ਗੁਣਾਂ ਵਿਚ ਫਸੇ ਰਹਿਣ ਨਾਲ ਮਨ ਦੀ ਸ਼ਾਂਤੀ ਨਹੀਂ ਮਿਲਦੀ, ਜੀਵ ਭਟਕਣਾਂ ਵਿਚ ਹੀ ਪਿਆ ਰਹਿੰਦਾ ਹੈ। ਧਾਰਮਿਕ ਪੁਸਤਕਾਂ ਪੜ੍ਹਨ ਸੁਣਨ ਦਾ ਕੋਈ ਲਾਭ ਨਹੀਂ ਹੁੰਦਾ ਜੇਕਰ ਮਨੁੱਖ ਆਪਣੇ ਪ੍ਰਭੂ ਤੋਂ ਨਿਖੜ ਕੇ ਪਰੇ ਹੋ

ਜਾਂਦਾ ਹੈ। ਮਾਇਆ ਦੇ ਤਿੰਨ ਗੁਣਾਂ ਤੋਂ ਲੰਘ ਕੇ ਚੋਥੀ ਆਤਮਿਕ ਅਵਸਥਾ ਵਿਚ ਅਪੜਿਆ ਹੀ ਮਨ ਦੀ ਸ਼ਾਂਤੀ ਮਿਲਦੀ ਹੈ, ਤੇ ਇਸ ਲਈ ਗੁਰੂ ਦੀ ਸ਼ਰਨ ਪੈਣਾ ਲੋੜੀਂਦਾ ਹੈ।

ਪਰਮਾਤਮਾ ਦਾ ਨਿਰਗੁਣ ਨਾਮ ਹੀ ਖ਼ਜ਼ਾਨਾ ਹੈ ਤੇ ਇਸ ਦੀ ਸੋਝੀ ਆਤਮਿਕ ਅਡੋਲਤਾ ਵਿਚ ਪਿਆਂ ਹੁੰਦੀ ਹੈ। ਗੁਣਾਂ ਵਾਲੇ ਜੀਵ ਹੀ ਉਸ ਪ੍ਰਭੂ ਦੀ ਸਿਫ਼ਤ ਸਲਾਹ ਕਰਦੇ ਹਨ ਤੇ ਉਨ੍ਹਾਂ ਦੀ ਸ਼ੋਭਾ ਵੀ ਅਟੱਲ ਹੋ ਜਾਂਦੀ ਹੈ। ਉਹ ਪਰਮਾਤਮਾ ਕੁਰਾਹੇ ਪਏ ਬੰਦਿਆਂ ਨੂੰ ਵੀ ਆਤਮਿਕ ਅਡੋਲਤਾ ਦੇ ਦਿੰਦਾ ਹੈ। ਗੁਰੂ ਦੇ ਸ਼ਬਦ ਦੁਆਰਾ ਉਨ੍ਹਾਂ ਦਾ ਪ੍ਰਭੂ ਨਾਲ ਮੇਲ ਹੋ ਜਾਂਦਾ ਹੈ।

ਮਨ ਦੀ ਸ਼ਾਂਤੀ ਤੋਂ ਬਿਨਾਂ ਸਾਰਾ ਸੰਸਾਰ ਅੰਨ੍ਹਾ ਹੋਇਆ ਰਹਿੰਦਾ ਹੈ। ਸੱਚੇ ਪ੍ਰਭੂ ਦੀ ਸਿਫ਼ਤ ਸਲਾਹ ਦੇ ਸ਼ਬਦ ਦੇ ਰਾਹੀਂ ਉਸ ਅਪਾਰ ਪ੍ਰਭੂ ਦੀ ਸੋਝੀ ਪੈਂਦੀ ਹੈ। ਪੂਰੇ ਗੁਰੂ, ਕਰਤਾਰ ਨੇ ਆਪ ਹੀ ਮਿਹਰ ਕਰਕੇ ਮਿਲਾ ਲਿਆ ਹੁੰਦਾ ਹੈ।

ਆਤਮਿਕ ਅਡੋਲਤਾ ਦੀ ਅਵਸਥਾ ਰਾਹੀਂ ਹੀ ਉਸ ਪ੍ਰਭੂ ਨੂੰ ਪਛਾਣੀਦਾ ਹੈ ਜਿਹੜਾ ਨਿਰਭਉ, ਨਿਡਰ ਤੇ ਆਕਾਰ ਤੋਂ ਰਹਿਤ ਹੈ ਤੇ ਨਿਰਾ ਚਾਨਣ ਹੈ। ਉਹ ਪਰਮਾਤਮਾ ਸਾਰੇ ਜੀਵਾਂ ਦਾ ਦਾਤਾ ਹੈ ਤੇ ਸਭ ਦੀ ਜੋਤ ਨੂੰ ਆਪਣੀ ਜੋਤ ਵਿਚ ਮਿਲਾਉਣ ਦੇ ਸਮਰੱਥ ਹੈ। ਉਸ ਪਰਮਾਤਮਾ ਦੀ ਸਿਫ਼ਤ ਸਲਾਹ ਪੂਰੇ ਗੁਰੂ ਦੇ ਸ਼ਬਦ ਰਾਹੀਂ ਕਰਨੀ ਚਾਹੀਦੀ ਹੈ ਜਿਸ ਦਾ ਅੰਤ ਤੇ ਪਾਰਲਾ ਬੰਨਾ ਨਹੀਂ ਹੈ।

ਪਰਮਾਤਮਾ ਦਾ ਗਿਆਨ ਰੱਖਣ ਵਾਲੇ ਪੁਰਖਾਂ ਦਾ ਧਨ ਪੂੰਜੀ ਤੇ ਮਨ ਉਸ ਦਾ ਨਾਮ ਹੀ ਹੈ। ਉਹ ਉਸ ਦੇ ਨਾਮ ਦਾ ਹੀ ਵਪਾਰ ਕਰਦੇ ਹਨ। ਉਹ ਦਿਨ ਰਾਤ ਉਸ ਦੇ ਨਾਮ ਦਾ ਲਾਭ ਹੀ ਖੱਟਦੇ ਹਨ ਤੇ ਉਨ੍ਹਾਂ ਦੇ ਇਹ ਖ਼ਜ਼ਾਨੇ ਸਦਾ ਭਰੇ ਰਹਿੰਦੇ ਹਨ। ਹੇ ਨਾਨਕ! ਕਰਤਾਰ ਦੇ ਦਿੱਤੇ ਇਨ੍ਹਾਂ ਖ਼ਜ਼ਾਨਿਆਂ ਵਿਚ ਕਦੇ ਵੀ ਤੋਟ ਨਹੀ ਆਉਂਦੀ।

12. ਅਨੰਦ ਪ੍ਰਾਪਤੀ

ਹੇ ਮੇਰੀ ਮਾਤਾ! ਮੇਰੇ ਅੰਦਰ ਪੂਰਨ ਖੇੜਾ ਪੈਦਾ ਹੋ ਗਿਆ ਹੈ। ਮੈਨੂੰ ਸਤਿਗੁਰੂ ਦਾ ਮੇਲ ਹੋ ਗਿਆ ਹੈ। ਗੁਰੂ ਮਿਲਦਿਆਂ ਸਹਿਜ ਅਵਸਥਾ ਦੀ ਪ੍ਰਾਪਤੀ ਹੋ ਗਈ ਹੈ, ਮੇਰਾ ਮਨ ਅਡੋਲ ਹੋ ਗਿਆ ਹੈ। ਮੇਰੇ ਮਨ ਵਿਚ ਖ਼ੁਸ਼ੀ ਦੇ ਵਾਜੇ ਵੱਜ ਪਏ ਹਨ। ਸੋਹਣੇ ਰਾਗ ਤੇ ਰਾਗਣੀਆਂ ਆਪਣੇ ਪਰਿਵਾਰ ਸਮੇਤ ਪ੍ਰਭੂ ਦੀ ਸਿਫ਼ਤ ਸਲਾਹ ਕਰਨ ਵਾਸਤੇ ਆ ਗਏ ਹਨ। ਹੇ ਭਾਈ! ਤੁਸੀਂ ਵੀ ਪ੍ਰਭੂ ਦੀ ਸਿਫ਼ਤ ਸਲਾਹ ਦੇ ਗੀਤ ਗਾਓ ਜਿਨ੍ਹਾਂ ਨੇ ਸਿਫ਼ਤ ਸਲਾਹ ਦਾ ਸ਼ਬਦ ਮਨ ਵਿਚ ਵਸਾਇਆ ਹੈ। ਨਾਨਕ ਆਖਦਾ ਹੈ ਮੇਰੇ ਅੰਦਰ ਆਨੰਦ ਬਣ ਗਿਆ ਹੈ ਕਿਉਂਕਿ ਮੈਨੂੰ ਸਤਿਗੁਰੂ

ਦੀ ਪ੍ਰਾਪਤੀ ਹੋ ਗਈ ਹੈ।

13. ਭਗਤਾਂ ਦੀ ਰਹਿਣੀ

ਆਤਮਿਕ ਆਨੰਦ ਮਾਣਨ ਵਾਲੇ ਭਗਤਾਂ ਦੀ ਜੀਵਨ ਜੁਗਤੀ ਦੁਨੀਆਂ ਨਾਲੋਂ ਵੱਖਰੀ ਹੈ। ਉਹ ਆਪਣੀ ਨਿਰਾਲੀ ਚਾਲ ਅਨੁਸਾਰ ਸੰਸਾਰ ਦੇ ਬੜੇ ਔਖੇ ਰਸਤੇ ਤੇ ਤੁਰਦੇ ਹਨ। ਉਹ ਲਬ, ਲੋਭ, ਹੰਕਾਰ ਤੇ ਮਾਇਆ ਦੀ ਤ੍ਰਿਸ਼ਨਾ ਤਿਆਗ ਦਿੰਦੇ ਹਨ ਤੇ ਬਹੁਤਾ ਨਹੀਂ ਬੋਲਦੇ। ਇਹ ਰਸਤਾ ਖੰਡੇ ਦੀ ਧਾਰ ਨਾਲੋਂ ਤਿੱਖਾ ਤੇ ਵਾਲ ਨਾਲੋਂ ਵੀ ਬਾਰੀਕ ਹੈ ਜਿਸ ਉੱਤੇ ਉਹ ਤੁਰਦੇ ਹਨ। ਪਰੰਤੂ ਜਿਨ੍ਹਾਂ ਨੇ ਪ੍ਰਭੂ ਦੀ ਕਿਰਪਾ ਨਾਲ ਆਪਾ ਭਾਵ ਛੱਡ ਦਿੱਤਾ ਹੈ ਉਨ੍ਹਾਂ ਦੀ ਵਾਸ਼ਨਾ ਹਰੀ ਪ੍ਰਭੂ ਦੀ ਯਾਦ ਵਿਚ ਮੁੱਕ ਜਾਂਦੀ ਹੈ। ਨਾਨਕ ਆਖਦਾ ਹੈ ਭਗਤ ਜਨਾਂ ਦੀ ਜੀਵਨ ਜੁਗਤੀ ਦੂਜਿਆਂ ਨਾਲੋਂ ਵੱਖਰੀ ਹੁੰਦੀ ਹੈ।

14. ਦਸਮ ਦੁਆਰ ਦੀ ਸੋਝੀ

ਪਰਮਾਤਮਾ ਨੇ ਸਾਡੀ ਆਤਮਾ, ਜਿੰਦ ਨੂੰ ਸਾਡੇ ਸਰੀਰ ਰੂਪੀ ਗੁਫ਼ਾ ਵਿਚ ਰੱਖ ਕੇ ਬੋਲਣ ਦੀ ਸ਼ਕਤੀ ਦਿੱਤੀ ਹੈ। ਸਰੀਰ ਨੂੰ ਬੋਲਣ ਦੀ ਸ਼ਕਤੀ ਦੇ ਨਾਲ ਹੀ ਨੱਕ, ਕੰਨ ਆਦਿਕ ਨੌਂ ਇੰਦ੍ਰੀਆਂ ਬਣਾਈਆਂ ਤੇ ਦਸਵੇਂ ਦਰਵਾਜ਼ੇ (ਸਾਡੇ ਦਿਮਾਗ਼) ਨੂੰ ਲੁਕਵਾਂ ਰੱਖਿਆ। ਜਿਨ੍ਹਾਂ ਨੂੰ ਪ੍ਰਭੂ ਨੇ ਗੁਰੂ ਦੇ ਦਰਵਾਜ਼ੇ ਤੇ ਅਪੜਾਇਆ ਉਨ੍ਹਾਂ ਨੂੰ ਦਸਵੇਂ ਦੁਆਰ ਦੀ ਵੀ ਸੋਝੀ ਕਰਾ ਦਿੱਤੀ। ਉਸ ਅਵਸਥਾ ਦੀ ਪ੍ਰਾਪਤੀ ਨਾਲ ਮਨੁੱਖ ਨੂੰ ਅਨੇਕਾਂ ਰੰਗਾਂ ਰੂਪਾਂ ਵਿਚ ਵਿਆਪਕ ਪ੍ਰਭੂ ਦਾ ਉਹ ਨਾਮ ਰੂਪ ਨੌਂ ਖ਼ਜ਼ਾਨਿਆਂ ਦਾ ਭੰਡਾਰ ਵੀ ਪ੍ਰਾਪਤ ਹੋ ਜਾਂਦਾ ਹੈ ਜਿਸ ਦਾ ਅੰਤ ਹੀ ਨਹੀਂ ਪਾਇਆ ਜਾ ਸਕਦਾ। ਨਾਨਕ ਆਖਦਾ ਹੈ—ਪਿਆਰੇ ਪ੍ਰਭੂ ਨੇ ਜਿੰਦ ਨੂੰ ਸਰੀਰ ਗੁਫ਼ਾ ਵਿਚ ਟਿਕਾ ਕੇ ਜੀਵ ਨੂੰ ਬੋਲਣ ਦੀ ਸ਼ਕਤੀ ਵੀ ਦਿੱਤੀ।

15. ਸੋ ਪੁਰਖ

ਸੋ ਪੁਰਖ—ਉਹ ਪਰਮਾਤਮਾ ਸਭ ਜੀਵਾਂ ਵਿਚ ਵਿਆਪਕ ਹੈ। ਉਹ ਮਾਇਆ ਦੇ ਪ੍ਰਭਾਵ ਤੋਂ ਉਤਾਂਹ ਹੈ, ਅਪਹੁੰਚ ਤੇ ਬੇਅੰਤ ਹੈ। ਹੇ ਸੱਚੇ ਸ੍ਰਿਸ਼ਟੀ ਦੇ ਰਚਨਹਾਰ ਪ੍ਰਭੂ! ਤੇਰੇ ਪੈਦਾ ਕੀਤੇ ਹੋਏ ਜੀਵ ਜੰਤੂ ਸਾਰੇ ਤੈਨੂੰ ਸਿਮਰਦੇ ਹਨ। ਸਾਰੇ ਜੀਵ ਤੇਰੇ ਪੈਦਾ ਕੀਤੇ ਹੋਏ ਹਨ ਤੇ ਤੂੰ ਹੀ ਸਭ ਨੂੰ ਰਿਜ਼ਕ ਰੋਟੀ ਦਿੰਦਾ ਹੈਂ। ਹੇ ਸੰਤ ਜਨੋ ਉਸ ਪ੍ਰਭੂ ਨੂੰ ਸਿਮਰੋ। ਉਹ ਹੀ ਸਭ ਦੁੱਖਾਂ ਦਾ ਨਾਸ ਕਰਨ ਵਾਲਾ ਹੈ। ਉਹ ਸਭ ਜੀਵਾਂ ਦਾ ਆਪ ਹੀ ਮਾਲਕ ਤੇ ਆਪ ਹੀ ਸੇਵਕ ਹੈ। ਹੇ ਨਾਨਕ, ਜੀਵ ਵਿਚਾਰਾ ਕੁੱਝ ਵੀ ਹਸਤੀ ਨਹੀਂ ਰੱਖਦਾ।

ਹੇ ਹਰੀ! ਤੂੰ ਹਰੇਕ ਸਰੀਰ ਵਿਚ ਵਿਆਪਕ ਹੈਂ। ਤੂੰ ਹਰ ਜੀਵ ਵਿਚ ਸਮਾਇਆ

ਹੋਇਆ ਹੈ। ਕਈ ਜੀਵ ਦਾਨੀ ਤੇ ਦਾਤੇ ਹਨ ਤੇ ਕਈ ਭੀਖ ਮੰਗਦੇ ਫਿਰਦੇ ਹਨ। ਇਹ ਅਸਚਰਜ ਤਮਾਸ਼ੇ ਹਨ। ਤੂੰ ਆਪ ਹੀ ਦਾਤਾਂ ਦੇਣ ਵਾਲਾ ਹੈਂ ਤੇ ਆਪ ਹੀ ਉਨ੍ਹਾਂ ਨੂੰ ਵਰਤਣ ਵਾਲਾ ਹੈਂ। ਮੈਂ ਤੇਰੇ ਬਿਨਾਂ ਹੋਰ ਕਿਸੇ ਹਸਤੀ ਨੂੰ ਨਹੀਂ ਜਾਣਦਾ। ਤੂੰ ਬੇਅੰਤ ਪਾਰਬ੍ਰਹਮ ਹੈਂ। ਮੈਂ ਤੇਰੇ ਕਿਹੜੇ ਗੁਣ ਆਖ ਕੇ ਦੱਸਾਂ। ਜੋ ਤੇਰੀ ਯਾਦ ਵਿਚ ਰਹਿ ਕੇ ਤੇਰੀ ਸੇਵਾ ਕਰਦੇ ਹਨ, ਦਾਸ ਨਾਨਕ ਉਨ੍ਹਾਂ ਤੋਂ ਸਦਕੇ ਜਾਂਦਾ ਹੈ।

ਜਿਨ੍ਹਾਂ ਮਨੁੱਖਾਂ ਨੇ ਤੈਨੂੰ ਸਿਮਰਿਆ ਹੈ ਉਹ ਆਪਣੇ ਜੀਵਨ ਵਿਚ ਸਦਾ ਸੁਖੀ ਹਨ। ਉਹ ਸਦਾ ਲਈ ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਗਏ ਹਨ। ਉਨ੍ਹਾਂ ਦੀ ਜਮਾਂ ਵਾਲੀ ਫਾਸੀ ਟੁੱਟ ਗਈ ਹੈ। ਜਿਨ੍ਹਾਂ ਨੇ ਨਿਰਭਉ ਪ੍ਰਭੂ ਨੂੰ ਸਿਮਰਿਆ ਹੈ ਉਨ੍ਹਾਂ ਦਾ ਸਾਰਾ ਡਰ ਪ੍ਰਭੂ ਦੂਰ ਕਰ ਦਿੰਦਾ ਹੈ। ਜਿਨ੍ਹਾਂ ਨੇ ਪ੍ਰਭੂ ਨੂੰ ਸੇਵਿਆ ਹੈ ਉਹ ਉਸ ਦੇ ਸਰੂਪ ਵਿਚ ਹੀ ਲੀਨ ਹੋ ਗਏ ਹਨ। ਧੰਨ ਹਨ ਪ੍ਰਭੂ ਨੂੰ ਧਿਆਉਣ ਵਾਲੇ ਮਨੁੱਖ। ਨਾਨਕ ਉਨ੍ਹਾਂ ਤੋਂ ਕੁਰਬਾਨ ਜਾਂਦਾ ਹੈ।

ਹੇ ਪ੍ਰਭੂ! ਤੇਰੀ ਭਗਤੀ ਦੇ ਬੇਅੰਤ ਖਜਾਨੇ ਭਰੇ ਪਏ ਹਨ। ਅਨੇਕਾਂ ਭਗਤ ਤੇਰੀ ਪੂਜਾ ਤੇ ਸਿਫ਼ਤ ਸਲਾਹ ਕਰਦੇ ਹਨ। ਹੇ ਪ੍ਰਭੂ! ਅਨੇਕਾਂ ਜੀਵ ਤੇਰੀ ਪੂਜਾ ਕਰਦੇ ਹਨ ਤੇ ਬੇਅੰਤ ਜੀਵ ਤੈਨੂੰ ਮਿਲਣ ਲਈ ਤਪ ਸਾਧਦੇ ਹਨ। ਤੇਰੇ ਅਨੇਕਾਂ ਭਗਤ ਕਈ ਸਿਮ੍ਰਤੀਆਂ ਤੇ ਸ਼ਾਸਤਰ ਪੜ੍ਹਦੇ ਹਨ ਤੇ ਉਨ੍ਹਾਂ ਨੂੰ ਦੱਸੇ ਛੇ ਧਾਰਮਿਕ ਕੰਮ ਤੇ ਹੋਰ ਕਰਮ ਕਰਦੇ ਹਨ। ਹੇ ਦਾਸ ਨਾਨਕ! ਪਰੰਤੂ ਉਹ ਭਗਤ ਭਲੇ ਹਨ ਜੋ ਹਰਿ ਭਗਵੰਤ ਨੂੰ ਪਿਆਰੇ ਲੱਗਦੇ ਹਨ।

ਹੇ ਅਕਾਲ ਪੁਰਖ ਪ੍ਰਭੂ! ਤੂੰ ਸਭ ਦਾ ਮੂਲ ਹੈਂ, ਸਭ ਵਿਚ ਵਿਆਪਕ ਹੈਂ, ਤੇਰੇ ਜਿਤਨਾ ਵੱਡਾ ਹੋਰ ਕੋਈ ਨਹੀਂ। ਤੂੰ ਹਰ ਇਕ ਯੁੱਗ ਵਿਚ ਆਪ ਹੀ ਹੈਂ। ਤੂੰ ਸਦਾ ਹੀ ਇਕ ਆਪ ਹੈਂ। ਸਦੀਵੀ ਕਾਇਮ ਰਹਿਣ ਵਾਲਾ ਹੈਂ। ਤੂੰ ਸਭ ਦੀ ਸਾਰ ਲੈਂਦਾ ਹੈਂ। ਇਸ ਸੰਸਾਰ ਵਿਚ ਕੇਵਲ ਉਹ ਕੁੱਝ ਹੀ ਹੁੰਦਾ ਹੈ ਜੋ ਤੈਨੂੰ ਭਾਉਂਦਾ ਹੈ। ਇਹ ਸ੍ਰਿਸ਼ਟੀ ਤੂੰ ਆਪ ਹੀ ਪੈਦਾ ਕੀਤੀ ਤੇ ਆਪ ਹੀ ਤੂੰ ਇਸ ਨੂੰ ਨਾਸ਼ ਕਰ ਸਕਦਾ ਹੈਂ। ਦਾਸ ਨਾਨਕ ਉਸ ਕਰਤੇ ਦੇ ਗੁਣ ਗਾਉਂਦਾ ਹੈ ਜੋ ਸਭ ਦੇ ਦਿਲਾਂ ਦੀ ਜਾਣਦਾ ਹੈ।

16. ਪ੍ਰਭੂ ਪ੍ਰੇਮ

ਮੇਰੀਆਂ ਅੱਖਾਂ ਆਤਮਿਕ ਜੀਵਨ ਦੇਣ ਵਾਲੇ ਜਲ ਨਾਲ ਸਰੂਰ ਵਿਚ ਆ ਗਈਆਂ ਹਨ। ਮੇਰਾ ਮਨ ਪ੍ਰਭੂ ਦੇ ਰੰਗ ਵਿਚ ਰੰਗਿਆ ਗਿਆ ਹੈ। ਪ੍ਰਭੂ ਨੇ ਮੇਰਾ ਮਨ ਆਪਣੇ ਨਾਮ ਦੀ ਕਸਵੱਟੀ ਉੱਤੇ ਘਸਾਇਆ ਹੈ ਤੇ ਇਹ ਸ਼ੁੱਧ ਸੋਨਾ ਬਣ ਗਿਆ। ਮੇਰਾ ਮਨ ਪ੍ਰਭੂ ਦੇ ਰੰਗ ਨਾਲ ਗੂੜ੍ਹਾ ਲਾਲ ਹੋ ਗਿਆ ਹੈ ਤੇ ਉਹ ਤਰੋ ਤਰ

ਹੋ ਗਿਆ ਹੈ। ਗੁਰੂ ਦੀ ਕਿਰਪਾ ਨਾਲ ਦਾਸ ਨਾਨਕ ਪ੍ਰਭੂ ਦੇ ਨਾਮ ਦੀ ਕਸਤੂਰੀ ਨਾਲ ਚੰਗੀ ਤਰ੍ਹਾਂ ਸੁਗੰਧਿਤ ਹੋ ਗਿਆ ਤੇ ਮੇਰਾ ਸਾਰਾ ਜੀਵਨ ਹੀ ਧਨ ਧਨ ਤੇ ਭਾਗਾਂ ਵਾਲਾ ਹੋ ਗਿਆ ਹੈ।

ਪ੍ਰਭੂ ਨਾਮ ਪ੍ਰੇਮ ਪੈਦਾ ਕਰਨ ਵਾਲੀ ਬਾਣੀ ਨੇ ਮੇਰਾ ਮਨ ਇਕ ਤਿੱਖੇ ਤੀਰ ਵਾਂਗ ਵਿੰਨ੍ਹ ਲਿਆ ਹੈ। ਜਿਸ ਮਨੁੱਖ ਦੇ ਅੰਦਰ ਪ੍ਰਭੂ ਦੇ ਪ੍ਰੇਮ ਦੀ ਪੀੜ ਉੱਠਦੀ ਹੈ ਉਹ ਹੀ ਜਾਣਦਾ ਹੈ ਕਿ ਉਸ ਨੂੰ ਕਿਵੇਂ ਸਹਾਰਿਆ ਜਾ ਸਕਦਾ ਹੈ। ਉਹ ਜੀਵਨ ਜੀਉਂਦਾ ਤੇ ਦੁਨੀਆਂ ਵਿਚ ਰਹਿੰਦਾ ਹੋਇਆ ਵੀ ਇਸ ਦੇ ਬੰਧਨਾਂ ਤੋਂ ਆਜ਼ਾਦ ਹੈ। ਹੇ ਦਾਸ ਨਾਨਕ! ਤੂੰ ਮੈਨੂੰ ਗੁਰੂ ਮਿਲਾ ਤਾਂ ਜੋ ਮੈਂ ਇਸ ਸੰਸਾਰ ਤੋਂ ਪਾਰ ਲੰਘ ਸਕਾਂ ਜਿਸ ਨੂੰ ਤਰਨਾ ਬਹੁਤ ਔਖਾ ਹੈ।

ਹੇ ਬੇਅੰਤ ਕੌਤਕਾਂ ਦੇ ਮਾਲਕ! ਗੋਬਿੰਦ ਤੂੰ ਸਾਨੂੰ ਮਿਲਾ ਲੈ, ਅਸੀਂ ਮੂਰਖ ਤੇਰੀ ਸ਼ਰਨ ਆਏ ਹਾਂ। ਮੈਂ ਗੁਰੂ ਪੂਰੇ ਪਾਸੋਂ ਭਗਤੀ ਦੀ ਦਾਤ ਮੰਗਦਾ ਹਾਂ। ਉਸ ਗੁਰੂ ਰਾਹੀਂ ਹੀ ਪਰਮਾਤਮਾ ਮਿਲ ਸਕਦਾ ਹੈ। ਮੇਰਾ ਮਨ ਪ੍ਰਭੂ ਨੂੰ, ਜਿਸ ਦੀਆਂ ਅਨੇਕ ਲਹਿਰਾਂ ਤੇ ਤਰੰਗਾਂ ਹਨ, ਸਿਮਰ ਕੇ ਖਿੜ ਗਿਆ ਹੈ। ਹੇ ਨਾਨਕ! ਮੈਂ ਸੰਤ ਜਨਾਂ ਦੀ ਸੰਗਤ ਨਾਲ ਪਰਮਾਤਮਾ ਨੂੰ ਪ੍ਰਾਪਤ ਕਰ ਲਿਆ ਹੈ।

ਹੇ ਦੀਨਾਂ ਦੁਖੀਆਂ ਤੇ ਦਇਆ ਕਰਨ ਵਾਲੇ ਪ੍ਰਭੂ! ਮੇਰੀ ਬੇਨਤੀ ਸੁਣ। ਮੈਂ ਤੇਰੇ ਨਾਮ ਦਾ ਆਸਰਾ ਮੰਗਦਾ ਹਾਂ ਤੇ ਤੇਰੀ ਮਿਹਰ ਨਾਲ ਹੀ ਤੇਰਾ ਨਾਮ ਆਪਣੇ ਮੂੰਹ ਨਾਲ ਜਪ ਸਕਦਾ ਹਾਂ। ਪਰਮਾਤਮਾ ਦਾ ਇਹ ਮੁੱਢ ਕਦੀਮਾਂ ਦਾ ਸੁਭਾਉ ਹੈ ਕਿ ਉਹ ਭਗਤੀ ਨਾਲ ਪਿਆਰ ਕਰਦਾ ਹੈ। ਦਾਸ ਨਾਨਕ ਉਸ ਹਰੀ ਦੀ ਸ਼ਰਨ ਆ ਪਿਆ ਹੈ ਜੋ ਆਪਣੇ ਨਾਮ ਵਿਚ ਜੋੜ ਕੇ ਪਾਰ ਲੰਘਾ ਦਿੰਦਾ ਹੈ।

17. ਸਿਮਰਨ ਮਹਿਮਾ

ਪ੍ਰਭੂ ਪਰਮਾਤਮਾ ਦੇ ਸਿਮਰਨ ਵਿਚ ਸਾਰੀਆਂ ਰਿਧੀਆਂ ਸਿਧੀਆਂ ਤੇ ਨੌਂ ਖ਼ਜ਼ਾਨੇ ਆਉਂਦੇ ਹਨ। ਪ੍ਰਭੂ ਦੇ ਸਿਮਰਨ ਨਾਲ ਹੀ ਗਿਆਨ, ਸੁਰਤ ਦਾ ਟਿਕਾਉ ਤੇ ਜਗਤ ਦੇ ਸਾਜਨਹਾਰ ਪ੍ਰਭੂ ਦੇ ਸਮਝਣ ਵਾਲੀ ਬੁੱਧੀ ਮਿਲਦੀ ਹੈ। ਪ੍ਰਭੂ ਦੇ ਸਿਮਰਨ ਵਿਚ ਹੀ ਸਾਰੇ ਜਤ, ਤਪ ਤੇ ਪੂਜਾ ਆ ਜਾਂਦੇ ਹਨ। ਉਸ ਦੇ ਸਿਮਰਨ ਨਾਲ ਹੀ ਉਸ ਤੋਂ ਬਿਨਾਂ ਹੋਰ ਦੂਜਿਆਂ ਤੋਂ ਖ਼ਿਆਲ ਹੱਟ ਜਾਂਦਾ ਹੈ। ਉਸ ਵਰਗਾ ਹੋਰ ਕੋਈ ਨਜ਼ਰ ਨਹੀਂ ਆਉਂਦਾ। ਪ੍ਰਭੂ ਦੇ ਸਿਮਰਨ ਨਾਲ ਹੀ ਤੀਰਥਾਂ ਦੇ ਇਸ਼ਨਾਨ ਕਰਨ ਵਾਲਾ ਹੋ ਜਾਈਦਾ ਹੈ। ਪ੍ਰਭੂ ਦੇ ਸਿਮਰਨ ਨਾਲ ਉਸ ਦੀ ਦਰਗਾਹ ਵਿਚ ਸ਼ੋਭਾ ਤੇ ਮਾਣ ਮਿਲਦਾ ਹੈ। ਉਸ ਦੇ ਸਿਮਰਨ ਨਾਲ ਸਭ ਕੁੱਝ ਭਲਾ, ਚੰਗਾ ਪ੍ਰਤੀਤ ਹੁੰਦਾ ਹੈ। ਭਾਣਾ ਮੰਨਣ ਦਾ ਬਲ ਆਉਂਦਾ ਹੈ। ਉਸ ਦੇ ਸਿਮਰਨ ਨਾਲ ਹੀ

ਮਾਨਸਿਕ ਜੂਨੀ ਦਾ ਉੱਚਾ ਲਾਭ ਪ੍ਰਾਪਤ ਹੁੰਦਾ ਹੈ ਪਰੰਤੂ ਉਹੀ ਸਿਮਰਦੇ ਹਨ ਜਿਨ੍ਹਾਂ ਨੂੰ ਉਹ ਆਪ ਪ੍ਰੇਰਦਾ ਹੈ। ਹੇ ਨਾਨਕ! ਮੈਂ ਉਨ੍ਹਾਂ ਭਗਤਾਂ ਦੇ ਪੈਰੀਂ ਲੱਗਦਾ ਹਾਂ।

18. ਬ੍ਰਹਮ ਗਿਆਨੀ ਦੀ ਅਵਸਥਾ

ਬ੍ਰਹਮ ਗਿਆਨੀ ਸਦਾ ਬੇਦਾਗ ਰਹਿੰਦੇ ਹਨ ਜਿਵੇਂ ਪਾਣੀ ਵਿਚ ਕੰਵਲ ਫੁੱਲ। ਜਿਵੇਂ ਸੂਰਜ ਸਾਰੇ ਰਸਾਂ ਨੂੰ ਸੁਕਾ ਦਿੰਦਾ ਹੈ ਇਸੇ ਤਰ੍ਹਾਂ ਬ੍ਰਹਮ ਗਿਆਨੀ ਸਦਾ ਨਿਰਦੋਖ ਹਨ। ਉਹ ਕਿਸੇ ਨਾਲ ਦੁੱਖ ਜਾਂ ਵਿਤਕਰਾ ਨਹੀਂ ਕਰਦੇ। ਜਿਵੇਂ ਇਕ ਰਾਜੇ ਤੇ ਕੰਗਾਲ ਦੋਹਾਂ ਨੂੰ ਹਵਾ ਇਕੋ ਜਿਹੀ ਲੱਗਦੀ ਹੈ, ਇਸੇ ਤਰ੍ਹਾਂ ਬ੍ਰਹਮ ਗਿਆਨੀ ਸਭ ਨੂੰ ਇਕ ਨਜ਼ਰ ਨਾਲ ਵੇਖਦਾ ਹੈ। ਬ੍ਰਹਮ ਗਿਆਨੀ ਦੇ ਅੰਦਰ ਇਕਸਾਰ ਹੌਸਲਾ ਹੈ ਜਿਵੇਂ ਕੋਈ ਧਰਤੀ ਨੂੰ ਖੋਤਰਦਾ ਹੈ ਤੇ ਕੋਈ ਚੰਦਨ ਦਾ ਲੇਪ ਕਰਦਾ ਹੈ। ਹੇ ਨਾਨਕ! ਜਿਵੇਂ ਅੱਗ ਦਾ ਕੁਦਰਤੀ ਸੁਭਾਉ ਹੈ ਸਭ ਦੀ ਮੈਲ ਸਾੜ ਦੇਣਾ, ਤਿਵੇਂ ਹੀ ਬ੍ਰਹਮ ਗਿਆਨੀ ਦਾ ਗੁਣ ਹੈ।

19. ਗੁਣਵੰਤੀ

ਮੈਨੂੰ ਜਿਹੜਾ ਵੀ ਕੋਈ ਗੁਰੂ ਦਾ ਪਿਆਰਾ ਸਿੱਖ ਮਿਲ ਪੈਂਦਾ ਹੈ ਮੈਂ ਨਿਉਂ ਨਿਉਂ ਕੇ ਉਸ ਦੇ ਪੈਰੀਂ ਲੱਗਦਾ ਹਾਂ। ਉਸ ਨੂੰ ਮੈਂ ਆਪਣੇ ਦਿਲ ਦੀ ਪੀੜਾ ਦੱਸਦਾ ਹਾਂ ਤੇ ਬੇਨਤੀ ਕਰਦਾ ਹਾਂ ਕਿ ਮੈਨੂੰ ਮੇਰਾ ਸੱਜਣ ਗੁਰੂ ਮਿਲਾ ਦੇ। ਮੈਂ ਉਸ ਨੂੰ ਬੇਨਤੀ ਕਰਦਾ ਹਾਂ ਕਿ ਮੈਨੂੰ ਕੋਈ ਅਜਿਹਾ ਉਪਦੇਸ਼ ਦੇਹ ਜਿਸ ਨਾਲ ਮੇਰਾ ਮਨ ਕਿਸੇ ਹੋਰ ਪਾਸੇ ਵੱਲ ਨਾ ਜਾਏ। ਮੈਂ ਆਪਣਾ ਮਨ ਤੇਰੇ ਹਵਾਲੇ ਕਰ ਦਿਆਂਗਾ, ਤੂੰ ਮੈਨੂੰ ਪ੍ਰਭੂ ਮਿਲਣ ਦਾ ਰਸਤਾ ਦੱਸ। ਮੈਂ ਚੌਰਾਸੀ ਦਾ ਗੇੜ ਕੱਟਦਾ ਦੂਰੋਂ ਚਲ ਕੇ ਆਇਆ ਹਾਂ ਤੇ ਤੇਰੀ ਸ਼ਰਣ ਲਈ ਹੈ। ਮੈਂ ਆਪਣੇ ਚਿੱਤ ਵਿਚ ਇਹ ਆਸ ਰੱਖੀ ਹੋਈ ਹੈ ਕਿ ਤੂੰ ਮੇਰਾ ਸਾਰਾ ਦੁੱਖ ਦੂਰ ਕਰ ਦੇਵੇਂਗਾ। ਅੱਗੋਂ ਇਹ ਉੱਤਰ ਮਿਲਦਾ ਹੈ। ਇਸ ਰਸਤੇ ਉੱਤੇ ਜਿਹੜੇ ਗੁਰ ਭਾਈ ਤੁਰਦੇ ਹਨ ਉਹ ਗੁਰੂ ਦੀ ਕਾਰ ਕਰਦੇ ਹਨ। ਤੂੰ ਵੀ ਉਹ ਕਾਰ ਕਰ। ਜੇ ਤੂੰ ਆਪਣੀ ਮਨ-ਮਤ ਛੱਡ ਦੇਵੇਂ ਤੇ ਪ੍ਰਭੂ ਤੋਂ ਬਿਨਾਂ ਹੋਰ ਸਾਰੇ ਪਿਆਰ ਭੁਲਾ ਦੇਵੇਂ, ਇਸ ਤਰ੍ਹਾਂ ਤੈਨੂੰ ਸੋਹਣੇ ਗੁਰੂ ਦੇ ਦਰਸ਼ਨ ਹੋਣਗੇ ਤੈਨੂੰ ਕੋਈ ਦੁੱਖ ਕਲੇਸ਼ ਨਹੀਂ ਵਿਆਪੇਗਾ। ਜੋ ਕੁੱਝ ਮੈਂ ਤੈਨੂੰ ਦੱਸਿਆ ਹੈ ਉਹ ਮੇਰੀ ਅਕਲ ਨਹੀਂ ਇਹ ਗੁਰੂ ਦਾ ਹੁਕਮ ਹੈ। ਜਿਸ ਸੁਭਾਗ ਪੁਰਸ਼ ਉੱਪਰ ਗੁਰੂ ਨਾਨਕ ਦੇਵ ਨੇ ਕਿਰਪਾ ਕੀਤੀ ਹੈ ਉਸ ਨੂੰ ਭਗਤੀ ਦਾ ਖ਼ਜ਼ਾਨਾ ਬਖ਼ਸ਼ ਦਿੱਤਾ। ਗੁਰੂ ਨਾਨਕ ਦੀ ਮਿਹਰ ਸਦਕਾ ਮੈਂ, ਪੂਰਨ ਤੌਰ ਤੇ ਰੱਜ ਗਿਆ ਹਾਂ। ਮੈਨੂੰ ਹੁਣ ਮਾਇਆ ਦੀ ਕੋਈ ਭੁੱਖ ਤੰਗ ਨਹੀਂ ਕਰਦੀ। ਮੈਨੂੰ ਜਿਹੜਾ ਵੀ ਗੁਰੂ ਦਾ ਸਿੱਖ ਮਿਲਦਾ ਹੈ ਮੈਂ ਨਿਮਰਤਾ ਅਧੀਨ ਉਸ ਦੇ ਚਰਨਾਂ ਤੇ ਨਮਸਕਾਰ ਕਰਦਾ ਹਾਂ।

20. ਸੇਵਾ ਤੇ ਪ੍ਰੀਤ

ਹੇ ਭਾਈ! ਪਰਮਾਤਮਾ ਦਾ ਸੇਵਕ ਮਾਣ, ਮੋਹ ਅਤੇ ਲੋਭ ਆਦਿਕ ਹੋਰ ਵਿਕਾਰਾਂ ਨੂੰ ਆਪਣੇ ਚਿੱਤ ਵਿਚ ਨਹੀਂ ਆਉਣ ਦਿੰਦਾ। ਉਹ ਸਦਾ ਪਰਮਾਤਮਾ ਦਾ ਨਾਮ ਰਤਨ ਅਤੇ ਪਰਮਾਤਮਾ ਦੀ ਸਿਫ਼ਤ ਸਲਾਹ ਹੀ ਵਣਜਦਾ ਰਹਿੰਦਾ ਹੈ। ਇਹ ਸੌਦਾ ਉਹ ਇੱਥੋਂ ਲੱਦ ਕੇ ਲੈ ਚਲਦਾ ਹੈ। ਹੇ ਭਾਈ! ਸੇਵਕ ਸਦਾ ਆਪਣੇ ਮਾਲਕ ਨਾਲ ਆਪਣੀ ਪ੍ਰੀਤ ਨਿਭਾਉਂਦਾ ਹੈ। ਜਿਤਨਾ ਚਿਰ ਉਹ ਜਗਤ ਵਿਚ ਜਿਉਂਦਾ ਹੈ ਉਹ ਮਾਲਕ ਪ੍ਰਭੂ ਦੀ ਸੇਵਾ ਵਿਚ ਲੱਗਾ ਰਹਿੰਦਾ ਹੈ ਤੇ ਇਸ ਸੰਸਾਰ ਤੋਂ ਤੁਰਨ ਲੱਗਿਆਂ ਵੀ ਉਸ ਨੂੰ ਹੀ ਆਪਣੇ ਮਨ ਵਿਚ ਵਸਾਉਂਦਾ ਹੈ। ਪਰਮਾਤਮਾ ਦਾ ਸੇਵਕ ਉਹ ਹੈ ਜਿਹੜਾ ਆਪਣੇ ਪ੍ਰਭੂ ਦੇ ਸਭ ਪ੍ਰਕਾਰ ਦੇ ਹੁਕਮ ਖਿੜੇ ਮੱਥੇ ਮੰਨਦਾ ਹੈ।

ਜੇ ਮਾਲਕ ਨੇ ਉਸ ਨੂੰ ਘਰ ਦੇ ਅੰਦਰ ਟਿਕਾਈ ਰੱਖਿਆ ਤਾਂ ਉੱਥੇ ਹੀ ਆਤਮਿਕ ਅਡੋਲਤਾ ਪ੍ਰਾਪਤ ਕੀਤੀ ਤੇ ਜੇ ਮਾਲਕ ਨੇ ਉੱਥੋਂ ਉੱਠਣ ਦਾ ਹੁਕਮ ਕੀਤਾ ਤਾਂ ਉਸੇ ਪਾਸੇ ਵੱਲ ਦੌੜ ਪਿਆ। ਜੇ ਮਾਲਕ ਨੇ ਸੇਵਕ ਨੂੰ ਭੁੱਖ ਨੰਗ ਵਿਚ ਲੈ ਆਂਦਾ ਤਾਂ ਉਸ ਨੂੰ ਵੀ ਸੁੱਖ ਸਮਾਨ ਸਮਝਿਆ। ਉਸ ਨੇ ਇਸ ਵਿਚ ਵੀ ਖ਼ੁਸ਼ੀ ਤੇ ਗ਼ਮੀ ਨੂੰ ਇਕ ਸਮਾਨ ਸਮਝਿਆ ਹੈ।

ਉਸ ਨੂੰ ਜਿਹੜਾ ਵੀ ਹੁਕਮ ਅਕਾਲ ਪੁਰਖ ਨੇ ਕੀਤਾ ਹੈ ਉਸ ਨੂੰ ਸਿਰ ਮੱਥੇ ਤੇ ਮੰਨਿਆ ਹੈ।

ਹੇ ਭਾਈ! ਪ੍ਰਭੂ ਜਿਸ ਸੇਵਕ ਤੇ ਦਿਆਲ ਹੁੰਦਾ ਹੈ ਉਸ ਦੇ ਇਹ ਲੋਕ ਤੇ ਪ੍ਰਲੋਕ ਦੋਵੇਂ ਸੁਧਰ ਜਾਂਦੇ ਹਨ। ਉਹ ਸੇਵਕ ਧੰਨ ਹੈ। ਉਸ ਦਾ ਸੰਸਾਰ ਵਿਚ ਆਉਣਾ ਸਫ਼ਲ ਹੈ। ਉਸ ਨੇ ਆਪਣੇ ਮਾਲਕ ਪਰਮਾਤਮਾ ਨਾਲ ਡੂੰਘੀ ਸਾਂਝ ਪਾ ਲਈ ਹੈ।

21. ਉੱਤਮ ਜੀਵਨ ਜੁਗਤੀ

ਜਿਹੜਾ ਮਨੁੱਖ ਦੁੱਖਾਂ ਵਿਚ ਘਬਰਾਂਦਾ ਨਹੀਂ, ਜਿਸ ਮਨੁੱਖ ਦਾ ਸੁੱਖਾਂ ਨਾਲ ਮੋਹ ਨਹੀ ਅਤੇ ਉਸ ਨੂੰ ਕਿਸੇ ਕਿਸਮ ਦਾ ਡਰ ਭੈਅ ਨਹੀਂ ਤੇ ਉਹ ਮਨੁੱਖ ਸੋਨੇ ਨੂੰ ਮਿੱਟੀ ਸਮਾਨ ਸਮਝਦਾ ਹੈ। ਜਿਹੜਾ ਮਨੁੱਖ ਕਿਸੇ ਦੀ ਚੁਗਲੀ, ਬੁਰਾਈ ਤੇ ਨਿੰਦਾ ਉਸਤਤ ਨਹੀਂ ਕਰਦਾ ਉਹ ਲੋਭ, ਮੋਹ, ਹੰਕਾਰ ਤੋਂ ਰਹਿਤ ਹੈ। ਜਿਹੜਾ ਮਨੁੱਖ ਗ਼ਮ ਤੇ ਖ਼ੁਸ਼ੀ ਤੋਂ ਨਿਰਲੇਪ ਤੇ ਜਿਸ ਨੂੰ ਆਦਰ ਜਾਂ ਨਿਰਾਦਰ ਦੀ ਕੋਈ ਪਰਵਾਹ ਨਹੀਂ, ਜਿਹੜਾ ਮਨੁੱਖ ਆਸਾਂ ਉਮੀਦਾਂ ਤਿਆਗ ਕੇ ਸੰਸਾਰ ਤੋਂ ਨਿਰਮੋਹ ਰਹਿੰਦਾ ਹੈ, ਜਿਸ ਮਨੁੱਖ ਨੂੰ ਕਾਮ ਵਾਸਨਾ ਛੂਹ ਨਹੀਂ ਸਕਦੀ ਤੇ ਨਾ ਕ੍ਰੋਧ ਵਿਚ ਆਉਂਦਾ ਹੈ। ਉਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ। ਪਰੰਤੂ ਹੇ

ਨਾਨਕ! ਜਿਸ ਮਨੁੱਖ ਤੇ ਗੁਰੂ ਨੇ ਮਿਹਰ ਕੀਤੀ ਉਸ ਨੇ ਹੀ ਜੀਵਨ ਦੀ ਇਹ ਜਾਂਚ ਸਮਝੀ ਹੈ। ਉਹ ਮਨੁੱਖ ਪਰਮਾਤਮਾ ਨਾਲ ਇਉਂ ਇਕਮਿਕ ਹੋ ਜਾਂਦਾ ਹੈ ਜਿਵੇਂ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ।

22. ਖ਼ੁਦਾ ਦੀ ਮੁਹੱਬਤ

ਜਿਨ੍ਹਾਂ ਮਨੁੱਖਾਂ ਦਾ ਰੱਬ ਨਾਲ ਦਿਲੋਂ ਪਿਆਰ ਹੈ ਉਹ ਹੀ ਸੱਚੇ ਮਨੁੱਖ ਹਨ। ਪਰ ਜਿਨ੍ਹਾਂ ਦੇ ਮਨ ਵਿਚ ਹੋਰ ਤੇ ਮੂੰਹ ਵਿਚ ਹੋਰ ਹੈ ਉਹ ਕੱਚੇ ਆਸ਼ਕ (ਪ੍ਰੇਮੀ) ਹਨ। ਉਹ ਮਨੁੱਖ ਰੱਬ ਦੇ ਦਰਵਾਜ਼ੇ ਤੇ ਦਰਵੇਸ਼ ਬਣ ਕੇ ਉਸ ਦਾ ਦਰਸ਼ਨ ਮੰਗਦੇ ਹਨ। ਜਿਨ੍ਹਾਂ ਨੂੰ ਰੱਬ ਨੇ ਆਪਣੇ ਲੜ ਲਾ ਲਿਆ ਹੈ ਉਹੀ ਰੱਬ ਦੇ ਦਰਵਾਜ਼ੇ ਤੇ ਦਰਵੇਸ਼ ਜਾਂ ਭਿਖਾਰੀ ਹਨ। ਉਨ੍ਹਾਂ ਦੀ ਜੰਮਣ ਵਾਲੀ ਮਾਂ ਭਾਗਾਂ ਵਾਲੀ ਹੈ। ਉਨ੍ਹਾਂ ਦਾ ਸੰਸਾਰ ਵਿਚ ਆਉਣਾ ਸਫਲ ਹੈ। ਹੇ ਸੰਸਾਰ ਦੇ ਪਾਲਣ ਵਾਲੇ ਅਪਹੁੰਚ ਪ੍ਰਭੂ! ਤੂੰ ਬੇਅੰਤ ਹੈਂ। ਜਿਨ੍ਹਾਂ ਨੇ ਇਹ ਸੱਚ ਪਛਾਣ ਲਿਆ ਹੈ ਮੈਂ ਉਨ੍ਹਾਂ ਦੇ ਪੈਰ ਚੁੰਮਦਾ ਹਾਂ। ਹੇ ਰੱਬ (ਖ਼ੁਦਾ) ਮੈਨੂੰ ਤੇਰਾ ਹੀ ਆਸਰਾ ਹੈ। ਤੂੰ ਹੀ ਬਖਸ਼ਣ ਵਾਲਾ ਹੈਂ। ਤੂੰ ਹੀ ਮੈਨੂੰ, ਸ਼ੇਖ਼ ਫਰੀਦ ਨੂੰ, ਆਪਣੀ ਬੰਦਗੀ ਦਾ ਖ਼ੈਰ ਦੇਹ।

23. ਸੂਰਾ

ਸੂਰਮਾ ਉਹ ਹੈ ਜਿਸ ਦੀ ਆਤਮਾ ਵਿਚ ਨਗਾਰੇ ਤੇ ਸੱਟ ਲੱਗੀ ਹੈ, ਜਿਸ ਦੇ ਹਿਰਦੇ ਵਿਚ ਚੋਟ ਵੱਜੀ ਹੈ। ਜੋ ਇਸ ਤਰ੍ਹਾਂ ਰਣ-ਖੇਤਰ ਵਿਚ ਆ ਕੇ ਡੱਟਿਆ ਹੈ, ਉਸ ਲਈ ਹੀ ਜੂਝਣ ਦਾ ਯੋਗ ਮੌਕਾ ਬਣਦਾ ਹੈ। ਸੂਰਮਾ ਉਸ ਨੂੰ ਹੀ ਮੰਨਿਆ ਜਾਂਦਾ ਹੈ, ਜੋ ਦੀਨ ਧਰਮ ਲਈ ਲੜਦਾ ਹੈ। ਟੁੱਕੜੇ ਟੁੱਕੜੇ ਹੋ ਕੇ ਕੱਟ ਮਰਦਾ ਹੈ, ਪਰ ਰਣ-ਖੇਤਰ ਵਿਚੋਂ ਭੱਜਦਾ ਨਹੀ ਹੈ।

24. ਅਵਿਨਾਸ਼ੀ ਰਾਜ

ਹੇ ਭਾਈ! ਇਹ ਸਰੀਰ ਰੂਪੀ ਪੱਕਾ ਕਿਲ੍ਹਾ ਕਾਬੂ ਕਰਨਾ ਬਹੁਤ ਔਖਾ ਹੈ। ਇਸ ਦੇ ਦੁਆਲੇ ਦੂਈ ਦ੍ਵੈਤ ਦੀ ਦੋਹਰੀ ਫ਼ਸੀਲ ਤੇ ਤਿੰਨ ਗੁਣਾਂ ਦੀ ਤੇਹਰੀ ਖਾਈ ਹੈ। ਬਲ ਵਾਲੀ ਮਾਇਆ ਦਾ ਆਸਰਾ ਲੈ ਕੇ ਪੰਜ ਸਰਦਾਰ ਕਾਮਾਦਿਕ, ਪੰਜੀ ਤੱਤ ਮੋਹ, ਹੰਕਾਰ, ਈਰਖਾ ਦੀ ਫ਼ੌਜ ਲੜਨ ਨੂੰ ਤਿਆਰ ਹੈ। ਹੇ ਪ੍ਰਭੂ! ਮੇਰੀ ਗ਼ਰੀਬ ਦੀ ਕੋਈ ਪੇਸ਼ ਨਹੀਂ ਜਾਂਦੀ। ਮੈਨੂੰ ਦੱਸੋ ਮੈਂ ਕੀ ਕਰਾਂ?

ਕਾਮ ਇਸ ਕਿਲ੍ਹੇ ਦਾ ਮਾਲਕ ਹੈ। ਦੁੱਖ ਤੇ ਸੁੱਖ ਪਹਿਰੇਦਾਰ ਹਨ। ਪਾਪ ਤੇ ਪੁੰਨ ਦਰਵਾਜ਼ੇ ਹਨ। ਬੜਾ ਲੜਾਕਾ ਕ੍ਰੋਧ, ਚੌਧਰੀ ਹੈ। ਅਜਿਹੇ ਕਿਲ੍ਹੇ ਵਿਚ ਮਨ ਰਾਜਾ ਆਕੀ ਹੋ ਕੇ ਬੈਠਾ ਹੈ। ਮਨ ਨੇ ਚਸਕਿਆਂ ਦੀ ਸੰਜੋਅ ਤੇ ਮਮਤਾ ਦਾ ਟੋਪ ਪਾਇਆ ਹੋਇਆ ਹੈ ਤੇ ਭੈੜੀ ਮੱਤ ਦੀ ਕਮਾਨ ਕਸੀ ਹੋਈ ਹੈ।

ਤ੍ਰਿਸ਼ਨਾ ਦੇ ਤੀਰ ਅੰਦਰ ਹੀ ਅੰਦਰ ਕਸੇ ਹੋਏ ਹਨ। ਅਜਿਹਾ ਕਿਲ੍ਹਾ ਮੈਥੋਂ ਨਹੀਂ ਜਿੱਤਿਆ ਜਾ ਸਕਦਾ। ਪਰੰਤੂ ਜਦੋਂ ਮੈਂ ਪ੍ਰਭੂ ਚਰਨਾਂ ਦੇ ਪ੍ਰੇਮ ਦਾ ਪਲੀਤਾ ਲਾਇਆ ਤੇ ਸੁਰਤ ਨੂੰ ਹਵਾਈ ਬਣਾਇਆ, ਤਾਂ ਗੁਰੂ ਦੇ ਗਿਆਨ ਦਾ ਗੋਲਾ ਚਲਾਇਆ। ਸਹਿਜ ਅਵਸਥਾ ਵਿਚ ਅਪੜ ਕੇ ਅੰਦਰ ਰੱਬੀ ਜੋਤ ਜਗਾਈ ਤਾਂ ਇਕੋ ਹੀ ਸੱਟ ਨਾਲ ਕਾਮਯਾਬੀ ਹੋ ਗਈ।

ਸਤ ਤੇ ਸੰਤੋਖ ਨਾਲ ਲੈ ਕੇ ਮੈਂ ਲੜਨ ਲੱਗ ਪਿਆ ਤੇ ਦੋਵੇਂ ਦਰਵਾਜ਼ੇ ਮੈਂ ਤੋੜ ਲਏ। ਸਤਿਗੁਰੂ ਤੇ ਸਾਧ ਸੰਗਤ ਦੀ ਕਿਰਪਾ ਨਾਲ ਮੈਂ ਕਿਲ੍ਹੇ ਦਾ ਬਾਗ਼ੀ ਰਾਜਾ ਫੜ੍ਹ ਲਿਆ।

ਪ੍ਰਭੂ ਸਿਮਰਨ ਦੇ ਬਲ ਨਾਲ ਮੈਂ ਕਾਲ ਦੀ ਫਾਹੀ ਵੱਢ ਲਈ ਹੈ। ਪ੍ਰਭੂ ਦਾ ਦਾਸ ਕਬੀਰ ਹੁਣ ਕਿਲ੍ਹੇ ਦੇ ਉੱਪਰ ਚੜ੍ਹ ਬੈਠਾ ਹੈ। ਆਪਣੇ ਸਰੀਰ ਨੂੰ ਵੱਸ ਕਰ ਲਿਆ ਹੈ ਤੇ ਸਦੀਵੀ ਬਾਦਸ਼ਾਹੀ ਦਾ ਮਾਲਕ ਬਣ ਗਿਆ ਹੈ।

25. ਬੇਗਮਪੁਰਾ ਸ਼ਹਿਰ

ਮੈਂ ਹੁਣ ਆਪਣੇ ਨਿਵਾਸ ਲਈ ਸਦੀਵੀ ਸੁੱਖ ਵਾਲਾ ਸਥਾਨ ਲੱਭ ਲਿਆ ਹੈ। ਉਸ ਸ਼ਹਿਰ ਦਾ ਨਾਂ ਹੈ ਬੇਗਮਪੁਰਾ। ਉਸ ਥਾਂ ਤੇ ਨਾ ਹੀ ਕੋਈ ਦੁੱਖ ਹੈ, ਨਾ ਹੀ ਚਿੰਤਾ ਜਾਂ ਘਬਰਾਹਟ। ਉੱਥੇ ਕੋਈ ਦੁਨਿਆਵੀ ਜਾਇਦਾਦ ਨਹੀਂ ਤੇ ਨਾ ਹੀ ਉਸ ਤੇ ਕੋਈ ਟੈਕਸ ਜਾਂ ਮਸੂਲ ਹੈ। ਉੱਥੇ ਕਿਸੇ ਤਰ੍ਹਾਂ ਦਾ ਡਰ ਨਹੀਂ, ਕੋਈ ਖ਼ਤਰਾ ਨਹੀਂ ਤੇ ਨਾ ਹੀ ਕਿਸੇ ਗਿਰਾਵਟ ਦੀ ਸੰਭਾਵਨਾ ਹੈ। ਹੁਣ ਮੈਨੂੰ ਰਹਿਣ ਵਾਸਤੇ ਕਿਤਨੀ ਚੰਗੀ ਥਾਂ ਮਿਲੀ ਹੈ। ਉੱਥੇ ਸਦਾ ਹੀ ਸੁੱਖ ਤੇ ਆਨੰਦ ਹੈ। ਉਹ ਪਾਤਸ਼ਾਹੀ ਸਦੀਵੀ ਤੌਰ ਤੇ ਕਾਇਮ ਰਹਿਣ ਵਾਲੀ ਹੈ। ਉੱਥੇ ਕਿਸੇ ਦਾ ਦੂਜਾ ਜਾਂ ਤੀਜਾ ਦਰਜਾ ਨਹੀਂ, ਸਭ ਇਕ ਸਮਾਨ ਹਨ। ਉਹ ਸ਼ਹਿਰ ਸਦਾ ਉੱਘਾ ਤੇ ਮਸ਼ਹੂਰ ਹੈ। ਉੱਥੇ ਧਨੀ ਤੇ ਰੱਜੇ ਪੁੱਜੇ ਲੋਕ ਵੱਸਦੇ ਹਨ ਜਿਨ੍ਹਾਂ ਨੂੰ ਬੜੀ ਪ੍ਰਸਿੱਧੀ ਪ੍ਰਾਪਤ ਹੈ। ਉਹ ਇਸ ਸ਼ਹਿਰ ਵਿਚ ਰੱਬ ਦੀ ਭਾਵਨਾ ਅਨੁਸਾਰ ਵੱਸਦੇ ਹਨ ਤੇ ਉਸ ਦੀ ਰਜ਼ਾ ਵਿਚ ਵਿਚਰਦੇ ਹਨ। ਉਹ ਰੱਬ ਦੇ ਮਹਿਰਮ ਹਨ। ਉੱਥੇ ਉਨ੍ਹਾਂ ਨੂੰ ਕੋਈ ਰੋਕ ਟੋਕ ਨਹੀਂ। ਚਮਿਆਰ ਰਵਿਦਾਸ ਨੇ ਦੁੱਖਾਂ ਫ਼ਿਕਰਾਂ ਤੋਂ ਖਲਾਸੀ ਪਾ ਲਈ ਹੈ। ਉਹ ਸਾਡਾ ਹਮਸ਼ਹਿਰੀ ਜਾਂ ਸਤਸੰਗੀ ਹੈ।

26. ਆਰਤੀ ਦੀ ਅਰਦਾਸ

ਹੇ ਪ੍ਰਿਥਵੀ ਦੀ ਮਾਲਕੀ ਵਾਲੇ ਪ੍ਰਭੂ ਮੈਂ ਤੇਰੇ ਦਰ ਦਾ ਮੰਗਤਾ ਹਾਂ। ਜਿਹੜੇ ਮਨੁੱਖ ਤੇਰੀ ਭਗਤੀ ਕਰਦੇ ਹਨ ਤੂੰ ਉਨ੍ਹਾਂ ਦੇ ਕਾਰਜ ਸੰਵਾਰਦਾ ਹੈਂ। ਮੈਂ ਤੇਰੇ ਦਰ ਤੋਂ ਦਾਲ, ਆਟਾ ਤੇ ਘਿਉ ਮੰਗਦਾ ਹਾਂ। ਇਹ ਚੀਜ਼ਾਂ ਮੇਰੀ ਜਿੰਦ ਨੂੰ ਸੁਖੀ ਤੇ ਖ਼ੁਸ਼

ਰੱਖਦੀਆਂ ਹਨ। ਮੈਂ ਤੇਰੇ ਦਰ ਤੇ ਸੋਹਣਾ ਜਿਹਾ ਜੁੱਤੀ ਕੱਪੜਾ ਮੰਗਦਾ ਹਾਂ। ਮੈਂ ਸੱਤਾਂ ਸੀਆਂ ਦਾ ਅੰਨ ਦਾਣਾ ਵੀ ਤੈਥੋਂ ਮੰਗਦਾ ਹਾਂ। ਹੇ ਗੋਪਾਲ! ਮੈਂ ਤੈਥੋਂ ਲਵੇਰੀ ਗਾਂ ਤੇ ਮੱਝ ਦੀ ਵੀ ਮੰਗ ਕਰਦਾ ਹਾਂ। ਮੈਨੂੰ ਸਵਾਰੀ ਕਰਨ ਲਈ ਇਕ ਚੰਗੀ ਨਸਲ ਦੀ ਘੋੜੀ ਵੀ ਚਾਹੀਦੀ ਹੈ। ਹੇ ਗੋਪਾਲ! ਮੈਂ ਤੈਥੋਂ ਘਰ ਦੀ ਇਕ ਚੰਗੀ ਇਸਤ੍ਰੀ ਵੀ ਮੰਗਦਾ ਹਾਂ।

27. ਨਿਰੰਕਾਰ

ਨਿਰੰਕਾਰ (ਅਕਾਲਪੁਰਖ) ਦਾ ਚਕ੍ਰ-ਚਿਹਨ, ਵਰਣ-ਜਾਤਿ ਤੇ ਪਾਤ ਨਹੀਂ ਹੈ। ਉਸ ਦਾ ਰੂਪ-ਰੰਗ, ਰੇਖ ਤੇ ਭੇਖ ਕੋਈ ਕਹਿ ਨਹੀਂ ਸਕਦਾ ਕਿਹੋ ਜਿਹਾ ਹੈ। ਉਸ ਦੀ ਹਸਤੀ ਅਬਿਨਾਸ਼ੀ ਹੈ, ਉਸ ਦਾ ਗਿਆਨ ਅਨੁਭਵ ਦੁਆਰਾ ਹੁੰਦਾ ਹੈ ਤੇ ਉਸ ਦਾ ਬੀ ਮਿਣਤੀ ਤੋਂ ਪਰੇ ਕਿਹਾ ਜਾਂਦਾ ਹੈ। ਉਹ ਕਰੋੜਾਂ ਇੰਦ੍ਰਾਂ ਦਾ ਇੰਦ੍ਰ, ਸ਼ਾਹਾਂ ਦਾ ਸ਼ਾਹ, ਗਿਣਿਆ ਜਾਂਦਾ ਹੈ। ਉਹ ਤਿੰਨਾਂ ਭਵਨਾਂ ਦਾ ਮਾਲਕ ਹੈ ਤੇ ਦੇਵਤੇ, ਮਨੁੱਖ, ਦੈਂਤ ਤੇ ਬਨ ਦਾ ਤੀਲਾ ਤੀਲਾ ਉਸ ਨੂੰ ਨੇਤੀ, ਨੇਤੀ ਆਖਦੇ ਹਨ। (ਹੇ ਨਿਰੰਕਾਰ ਹਸਤੀ) ਤੇਰੇ ਸਾਰੇ ਨਾਮ ਕੌਣ ਬਿਆਨ ਕਰ ਸਕਦਾ ਹੈ, ਜਿਸ ਨੂੰ ਸੁਮਤ ਦੇਵੇਂ, ਉਹ ਤੇਰੇ ਕਰਮ ਨਾਮ ਬਿਆਨ ਕਰਦਾ ਹੈ।

28. ਪੁਰਖ ਅਪਾਰ

ਉਹੀ ਹਸਤੀ ਆਦਿ ਤੋਂ ਹੈ, ਉਹ ਹਸਤੀ ਦਾ ਆਦਿ ਨਹੀਂ ਹੈ, ਉਹ ਹਸਤੀ ਅਜੋਨੀ, ਸਰਬ ਵਿਆਪਕ ਹੈ ਤੇ ਅਪਾਰ ਹੈ। ਸਾਰੇ ਉਸ ਦਾ ਮਾਣ ਕਰਦੇ ਹਨ। ਉਹ ਪ੍ਰਕਾਸ਼ਮਾਨ ਹੈ, ਉਸ ਦਾ ਭੇਦ ਨਹੀਂ ਪਾਇਆ ਜਾ ਸਕਦਾ, ਉਸ ਸਦਾ ਤੋਂ ਖੁੱਲ੍ਹੇ ਦਿਲ ਵਾਲਾ ਹੈ। ਉਹ ਸਭ ਦੀ ਪਾਲਣਾ ਕਰਨ ਵਾਲਾ, ਸਭ ਨੂੰ ਨਾਸ਼ ਕਰਨ ਵਾਲਾ ਤੇ ਫਿਰ ਸਭ ਦਾ ਕਾਲ ਹੈ। ਜਿਥੇ-ਕਿਤੇ, ਹਰ ਥਾਂ ਉਹ ਬਿਰਾਜਮਾਨ (ਵਿਆਪਕ) ਹੈ, ਪਰ ਸਭ ਤੋਂ ਵੱਧ (ਤਿਆਗ) ਵੀ ਹੈ, ਸੁੰਦਰ ਸਰੂਪ ਤੇ ਰਸ ਦਾ ਘਰ ਹੈ।

29. ਐਸੋ ਕਰ ਸਨਿਆਸਾ

ਹੇ ਮਨ! ਇਸ ਤਰ੍ਹਾਂ ਦਾ ਸਨਿਆਸ ਕਰਨਾ। ਸਾਰੇ ਘਰ ਨੂੰ ਬਨ ਸਮਾਨ ਸਮਝ ਤੇ ਮਨ ਵਿਚ ਉਪਰਾਮ ਰਹੋ। ਜਤ-ਸਤ ਦੀਆਂ ਜਟਾਂ ਧਾਰਨ ਕਰ, ਪ੍ਰਭੂ ਮੇਲ ਵਿਚ ਇਸ਼ਨਾਨ ਕਰ, ਨਮ ਦੀ ਰਹਿਣੀ ਤੇ ਨਹੁੰ ਵਧਾ। ਗਿਆਨ ਨੂੰ ਗੁਰੂ ਧਾਰਨ ਕਰ, ਆਤਮ ਸਿੱਖਿਆ ਗ੍ਰਹਿਣ ਕਰ, ਨਾਮ ਸਿਮਰਨ ਦੀ ਬਿਭੂਤੀ ਮਲ, ਥੋੜਾ ਖਾ ਥੋੜਾ ਸੌਂ, ਦਇਆ ਖ਼ਿਮਾਂ ਦਾ ਪ੍ਰੀਤੀ ਜੀਵਨ ਬਣਾ। ਸ਼ੀਲ ਸੰਤੋਖ ਨੂੰ ਸਦਾ ਨਿਭਾ ਤੇ ਤ੍ਰੈਗੁਣੀ ਮਾਇਆ ਤੋਂ ਨਿਰਲੇਪ ਰਹੋ। ਜੋ ਕਾਮ, ਕ੍ਰੋਧ, ਹੰਕਾਰ, ਲੋਭ, ਹਉਮੈ, ਮੋਹ ਨੂੰ ਮਨ ਵਿਚ ਨਹੀਂ ਵੜਨ ਦਿੰਦਾ, ਉਹ ਆਪਣੇ ਆਤਮ-ਸਾਰ ਦਾ ਦਰਸ਼ਨ ਕਰਦਾ

ਹੈ ਅਤੇ ਧਰਮ ਪੁਰਖ ਪ੍ਰਭੂ ਨੂੰ ਪ੍ਰਾਪਤ ਕਰਦਾ ਹੈ।

30. ਅਰਦਾਸ

ਹੇ ਕਲਿਆਣ ਰੂਪ ਪ੍ਰਭੂ (ਸ਼ਿਵ) ਮੈਨੂੰ ਇਹ ਵਰ ਦੇਹ ਕਿ ਸ਼ੁਭ ਕਰਮ ਤੋਂ ਪਿੱਛੇ ਨਾ ਹਟਾਂ। ਵੈਰੀ ਤੋਂ ਨਾ ਘਬਰਾਵਾਂ ਜਦੋਂ ਸਾਹਮਣੇ ਹੋ ਲੜਾਂ, ਨਿਸ਼ਚੇ ਹੀ ਵਿਜਈ ਹੋਵਾਂ। ਆਪਣੇ ਮਨ ਨੂੰ ਸਿਖਾ ਕੇ ਵਸ ਵਿਚ ਕਰ ਸਕਾਂ, ਤੇ ਮੇਰੇ ਮਨ ਵਿਚ ਇਹੋ ਲੋਚਾ ਰਹੇ ਕਿ ਤੇਰੇ ਗੁਣ ਗਾਵਾਂ। ਜਦੋਂ ਮੇਰੀ ਅਉਧ ਮੁੱਕਣ ਤੇ ਆਵੇ ਤਾਂ ਰਣ-ਖੇਤਰ ਵਿਚ ਲੜਦਾ ਹੀ ਮਰਾਂ।

31. ਖ਼ਾਲਸਾ

ਜੋ ਦਿਨ-ਰਾਤ ਜਾਗਤ-ਜੋਤਿ ਪ੍ਰਭੂ ਦਾ ਜਾਪ ਕਰਦਾ ਅਤੇ ਉਸ ਇਕ ਤੋਂ ਬਿਨਾਂ ਜ਼ਰਾ ਵੀ ਕਿਸੇ ਹੋਰ ਨੂੰ ਮਨ ਵਿਚ ਥਾਂ ਨਹੀਂ ਦਿੰਦਾ; ਜੋ ਪੂਰਣ ਪ੍ਰੇਮ ਤੇ ਪ੍ਰਤੀਤ ਵਿਚ ਸ਼ੋਭਦਾ ਹੈ; ਅਤੇ ਵਰਤ, ਕਬਰ, ਮੜੀ, ਮੱਠ ਦਾ ਭੁੱਲ ਕੇ ਵੀ ਧਿਆਨ ਨਹੀਂ ਕਰਦਾ; ਜੋ ਇਕ ਪ੍ਰਭੂ ਨੂੰ ਛੱਡ ਕੇ ਤੀਰਥ, ਦਾਨ, ਦਇਆ, ਤਪ ਤੇ ਸੰਜਮ ਨੂੰ ਨਹੀਂ ਪਛਾਣਦਾ ਤੇ ਜਿਸ ਦੇ ਹਿਰਦੇ ਵਿਚ ਪੂਰਨ-ਜੋਤਿ ਜਗਦੀ ਹੈ, ਉਸ ਨੂੰ ਪੂਰਨ ਖ਼ਾਲਸਾ, ਸ਼ੁੱਧ (ਖ਼ਾਲਸਾ) ਮੰਨਿਆ ਜਾਂਦਾ ਹੈ।

ਨੋਟਸ ਅਤੇ ਟਿੱਪਣੀਆਂ

ਗੁਰੂ ਨਾਨਕ ਦੇਵ

ਆਪ ਦਾ ਜਨਮ ਸੰਨ 1469 ਈ. ਵਿਚ ਪਿੰਡ ਤਲਵੰਡੀ (ਹੁਣ ਨਨਕਾਣਾ ਸਾਹਿਬ) ਜ਼ਿਲ੍ਹਾ ਸ਼ੇਖ਼ੂਪੁਰਾ ਵਿਖੇ ਹੋਇਆ। ਆਪ 1469 ਤੋਂ 1499 ਈ. ਤੀਕ ਤਲਵੰਡੀ ਵਿਖੇ ਹੀ ਰਹੇ। 1499 ਤੋਂ 1521 ਈ. ਤੀਕ ਆਪ ਨੇ ਭਾਰਤ ਤੇ ਬਾਹਰਲੇ ਕੁੱਝ ਦੇਸ਼ਾਂ ਦਾ ਰਟਨ ਕੀਤਾ ਤੇ ਹਿੰਦੂ, ਜੋਗੀ ਤੇ ਮੁਸਲਮਾਨ ਧਰਮ ਕੇਂਦਰਾਂ ਤੇ ਜਾ ਕੇ ਸਾਰੇ ਧਰਮਾਂ ਦੀ ਦਸ਼ਾ ਦਾ ਅਧਿਐਨ ਕੀਤਾ। 1521 ਤੋਂ 1539 ਈ. ਤੀਕ ਆਪ ਆਪਣੇ ਵਸਾਏ ਪਿੰਡ ਕਰਤਾਰਪੁਰ ਵਿਖੇ ਰਹੇ। ਪਦਿਆਂ, ਸ਼ਲੋਕਾਂ ਤੋਂ ਇਲਾਵਾ ਆਪ ਦੀਆਂ ਪ੍ਰਮੁੱਖ ਰਚਨਾਵਾਂ ਇਹ ਹਨ : ਜਪੁ, ਵਾਰ ਮਾਝ, ਪੱਟੀ (ਆਸਾ), ਵਾਰ ਆਸਾ, ਓਅੰਕਾਰ ਤੇ ਥਿਤੀ (ਬਿਲਾਵਲ), ਸਿੱਧ ਗੋਸਟਿ (ਰਾਮਕਲੀ), ਬਾਰਹ ਮਾਹਾ (ਤੁਖਾਰੀ), ਵਾਰ ਮਲਾਰ।

ਮੂਲ ਮੰਤਰ : ਇਸ ਕਾਵਿਮਈ ਵਾਰਤਕ ਰਚਨਾ ਵਿਚ ਉਹ ਬੁਨਿਆਦੀ ਸਿਧਾਂਤ ਦੱਸੇ ਗਏ ਹਨ ਜਿਨ੍ਹਾਂ ਉੱਤੇ ਸਿੱਖ ਦਰਸ਼ਨ ਤੇ ਧਰਮ ਦੀ ਨੀਂਹ ਰੱਖੀ ਗਈ ਹੈ। ਮੂਲ ਮੰਤਰ ਪਰਮ ਸੱਤਾ ਜਾਂ ਪਰਮਾਤਮਾ ਦਾ ਸਰੂਪ ਦੱਸਦਾ ਹੈ ਤੇ ਇਹੋ ਸਿੱਖ ਧਰਮ ਦੀ ਨੀਂਹ ਹੈ। ਇਹ ਮੰਤਰ ਗੁਰੂ ਨਾਨਕ ਸਾਹਿਬ (ਮਹਲਾ ੧) ਦੀ ਰਚਨਾ

ਹੈ।

ਇਕ (੧) : ਪਰਮ ਸੱਤਾ ਜਾਂ ਪਰਮਾਤਮਾ ਆਪਣੇ ਵਰਗਾ ਕੇਵਲ ਆਪ ਹੀ ਹੈ। ਕੋਈ ਹੋਰ ਹਸਤੀ ਸ਼ਕਤੀ ਜਾਂ ਵਸਤੂ ਉਸ ਤੋਂ ਪਹਿਲਾਂ ਦੀ ਨਹੀਂ। ਨਾ ਉਸ ਦੇ ਤੁਲ ਸਮਰੱਥ ਹੈ ਨਾ ਉਹ ਦੇ ਗੁਣਾਂ ਦੀ ਧਾਰਨੀ ਹੈ। ਪਰਮ ਸੱਤਾ ਇਕੋ ਇਕ ਹੈ ਇਸ ਲਈ ਸਾਰਾ ਪਸਾਰਾ—ਪ੍ਰਕ੍ਰਿਤੀ, ਮਾਇਆ ਆਦਿ—ਉਸ ਵਿਚੋਂ ਹੋਇਆ ਹੈ ਤੇ ਆਦਿ ਰਹਿਤ ਨਹੀਂ ਹੈ ਪਰ ਉਹ ਹਸਤੀ ਅਨਾਦਿ (ਆਦਿ ਰਹਿਤ) ਹੈ।

ਓੱ (ਉਚਾਰਨ ਓੱਅੰਕਾਰ) : ਪਾਰਬ੍ਰਹਮ ਪਰਮਾਤਮਾ ਲਈ ਵਰਤੇ ਜਾਂਦੇ ਰਹੇ ਪੁਰਾਤਨ ਭਾਰਤੀ ਸੰਕੇਤ ਓਮ ਦਾ ਲਖਾਇਕ ਹੈ ਤੇ ਉਸ ਸੱਤਾ ਦੀਆਂ ਤਿੰਨ ਕਲਾਂ—ਕਰਤਾ, ਭਰਤਾ, ਹਰਤਾ ਦਾ ਸੂਚਕ ਹੈ।

ਸਤਿ : (1) ਹੋਂਦ ਵਾਲੀ, ਹਸਤੀ; (2) ਹਸਤੀ ਜੋ ਕਾਲ ਜਾਂ ਸਮੇਂ ਦੀ ਵਲਗਣ ਵਿਚ ਨਹੀਂ ਅਤੇ ਭੂਤ, ਵਰਤਮਾਨ ਤੇ ਭਵਿੱਖ ਵਿਚ ਇਕ ਰਸ ਵਿਆਪਕ ਰਹਿੰਦੀ ਹੈ; (3) ਜਿਸ ਹੋਂਦ ਵਿਚ ਹੋਰ ਸਾਰੀ ਹੋਂਦ ਹੈ; (4) ਜੋ ਸਰਬ ਵਿਆਪੀ ਹੈ।

ਨਾਮੁ : ਪਾਰਬ੍ਰਹਮ ਦਾ ਦ੍ਰਿਸ਼ਟਮਾਨ ਸਰਗੁਣੀ ਪ੍ਰਗਟ ਰੂਪ ਜਿਸ ਦੁਆਰਾ ਉਹ ਸਭ ਪਸਾਰੇ ਵਿਚ ਵਿਆਪਕ ਹੋ ਕੇ ਇਸ ਨੂੰ ਧਾਰਦਾ ਹੈ ਜਾਂ ਕਾਇਮ ਰੱਖਦਾ ਹੈ।

ਪੁਰਖੁ : (1) ਜੋਤਿ, ਆਤਮਾ, ਜੀਵਾਤਮਾ; (2) ਚੇਤਨਤਾ; (3) ਸਰਬ ਵਿਆਪਕਤਾ।

ਮੂਰਤਿ : ਹਸਤੀ।

ਸੋਦਰੁ : ਉਹ ਦਰਵਾਜਾ, ਉਹ ਘਰ, ਪਰਮਾਤਮਾ ਦਾ ਟਿਕਾਣਾ, ਬ੍ਰਹਮਲੋਕ।

ਪਰਮਾਤਮਾ ਦਾ ਟਿਕਾਣਾ ਪਰਮਾਤਮਾ ਆਪ ਹੀ ਹੈ। ਇਸ ਦਰ ਦੇ ਦੁਆਲੇ ਸਾਰਾ ਬ੍ਰਹਮੰਡੀ ਪਸਾਰਾ ਉਸ ਦੇ ਹੁਕਮ ਨਾਲ ਇਕਸੁਰ ਹੋਇਆ ਚੱਕਰ ਲਗਾ ਰਿਹਾ ਹੈ। ਹਵਾ, ਪਾਣੀ, ਅਗਨੀ ਆਦਿ ਤੱਤ, ਚਿਤ੍ਰਗੁਪਤ, ਧਰਮਰਾਜ ਵਰਗੇ ਨਿਆਂ ਚੁਕਾਉਣ ਵਾਲੇ; ਈਸਰ, ਬ੍ਰਹਮ ਆਦਿ ਦੇਵਤੇ, ਇੰਦ੍ਰ, ਸਿੱਧ ਆਦਿ ਸਭ ਪਰਮਾਤਮਾ ਦੀ ਉਸਤਤ ਗਾ ਰਹੇ ਹਨ ਤੇ ਉਸ ਦੇ ਹੁਕਮ ਨਾਲ ਤਾਲ ਦੇ ਰਹੇ ਹਨ। ਸੋਦਰੁ ਇਕਸੁਰਤਾ (harmony) ਦਾ ਚਿੰਨ੍ਹ ਹੈ, ਪਸਾਰੇ ਦੀ ਹਰ ਚੀਜ਼ ਉਸ ਦੀ ਰਜ਼ਾ ਨਾਲ ਇਕਸੁਰ ਹੈ। ਗਾਇਨ ਇਕਸੁਰਤਾ ਦੇ ਤਾਲ ਨੂੰ ਪ੍ਰਗਟ ਕਰਦਾ ਹੈ।

ਮਾਇਆ : (1) ਪਰਮਾਤਮਾ ਦੀ ਸਿਰਜਨਾਤਮਿਕ ਸ਼ਕਤੀ ਜੋ ਅਨੇਕ ਰੰਗਾਂ, ਰੂਪਾਂ, ਜਿਨਸਾਂ ਦੀ ਰਚਨਾ ਕਰਦੀ ਹੈ; (2) ਪਰ ਜੀਵ ਇਸ ਰਚਨਾ ਨੂੰ ਭੋਗਣ ਲੱਗਦਾ ਹੈ ਤੇ ਪਰਮਾਤਮਾ ਜੋ ਰਚਣਹਾਰ ਹੈ ਉਸ ਨੂੰ ਭੁੱਲ ਜਾਂਦਾ ਹੈ। ਇਸ ਭੁਲੇਖੇ

ਨੂੰ ਵੀ ਮਾਇਆ ਕਿਹਾ ਗਿਆ ਹੈ; (3) ਪ੍ਰਾਕ੍ਰਿਤਕ ਪਸਾਰਾ ਨਾਸ਼ਮਾਨਤਾ ਜਾਂ ਥੋੜ-ਚਿਰਤਾ ਨੂੰ ਵੀ ਮਾਇਆ ਕਿਹਾ ਗਿਆ ਹੈ; (4) ਸੰਪੱਤੀ, ਧਨ-ਪਦਾਰਥ ਵੀ ਥੋੜ੍ਹ-ਚਿਰੇ ਹਨ, ਇਨ੍ਹਾਂ ਨੂੰ ਵੀ ਮਾਇਆ ਕਿਹਾ ਗਿਆ ਹੈ; (5) ਥੋੜ੍ਹ-ਚਿਰੇ ਸੰਸਾਰ ਦੇ ਖੇਲ ਨੂੰ ਵੀ ਮਾਇਆ ਕਿਹਾ ਹੈ।

ਹੁਕਮ, ਰਜ਼ਾ : ਨਾਮ, ਸ਼ਬਦ, ਭਾਣਾ, ਹੁਕਮ, ਰਜਾ ਸਮਾਨਾਰਥਕ ਹਨ। ਪਸਾਰੇ ਪਿੱਛੇ ਚੇਤੰਨ ਹਸਤੀ ਦੇ ਚੇਤੰਨ ਨਿਜਾਮ ਕਰਨ ਤੇ ਧਾਰਣ ਵਾਲੀ ਸ਼ਕਤੀ।

ਮੋਤੀ : ਜੀਉ (ਜੀਵਾਤਮਾ) ਪਰਮਾਤਮਾ ਦੇ ਨਾਮ, ਹੁਕਮ, ਰਜਾ ਨਾਲ ਜੁੜਿਆ ਰਹੇ ਤਾਂ ਉਹ ਨਿਜ ਘਰ, ਅਡੋਲਤਾ, ਟਿਕਾਉ ਵਿਚ ਰਹਿੰਦਾ ਹੈ ਪਰ ਮਾਇਆ ਵਿਚ ਫਸ ਜਾਏ ਤਾਂ ਉਹ ਸੜਦਾ ਬਲਦਾ ਦੁਖੀ ਹੁੰਦਾ ਹੈ। ਮੋਤੀ—ਮਾਲ; ਮੋਹਣੀ—ਇਸਤ੍ਰੀ; ਸਿਧੀ—ਰਿਸ਼ੀ; ਸੁਲਤਾਨਗਿਰੀ—ਇਹ ਸਭ ਮਾਇਆ ਹਨ ਅਤੇ ਜੀਵ ਨੂੰ ਭੁਲਾ ਲੈਂਦੇ ਹਨ। ਇਨ੍ਹਾਂ ਮਾਇਆ ਦੇ ਰੂਪਾਂ ਨੂੰ ਛੱਡ ਕੇ ਨਾਮ ਲਈ ਤਾਂਘ ਦੱਸੀ ਜਾਂਦੀ ਹੈ।

ਸਿਧਿ : ਯੋਗ ਸਾਧਨਾ ਦੁਆਰਾ ਪ੍ਰਾਪਤ ਹੋਣ ਵਾਲੀਆਂ ਕਰਾਮਾਤੀ ਸ਼ਕਤੀਆਂ। ਸਿੱਖ ਮੱਤ ਇਨ੍ਹਾਂ ਸ਼ਕਤੀਆਂ ਦੇ ਪ੍ਰਾਪਤ ਹੋ ਜਾਣ ਦੀ ਸੰਭਾਵਨਾ ਮੰਨਦਾ ਹੈ ਪਰ ਇਨ੍ਹਾਂ ਨੂੰ ਨਾ ਜੀਵਨ ਦਾ ਲਕਸ਼ ਮੰਨਦਾ ਹੈ, ਨਾ ਮਹਾਨ ਪ੍ਰਾਪਤੀ। ਆਪਣੀ ਕਿਰਪਾ ਦੁਆਰਾ, ਕਿਸੇ ਵਿਸ਼ੇਸ਼ ਕਰਤੱਵ ਦੀ ਪਾਲਣਾ, ਕਿਸੇ ਨੂੰ ਜੋ ਸ਼ਕਤੀ ਪਰਮਾਤਮਾ ਆਪ ਦਿੰਦਾ ਹੈ ਉਹ ਸਿੱਖੀ ਵਿਚ ਅਸਲ ਸਿੱਖੀ ਜਾਂ ਕਰਾਮਾਤ ਮੰਨੀ ਗਈ ਹੈ।

ਕੋਟਿ ਕੋਟਿ : ਨਿਰੰਕਾਰ ਪਰਮਾਤਮਾ ਦੇ ਸਰੂਪ ਦਾ ਗਿਆਨ ਕੇਵਲ ਉਸ ਦੀ ਆਪਣੀ ਕਿਰਪਾ ਨਾਲ ਹੀ ਕਿਸੇ ਜੀਵ ਨੂੰ ਹੋ ਸਕਦਾ ਹੈ, ਜਪ ਤਪ ਦੇ ਅਨੇਕਾਂ ਸਾਧਨਾਂ ਨਾਲ ਉਸ ਦੇ ਸਰੂਪ ਦਾ ਗਿਆਨ ਨਹੀਂ ਹੋ ਸਕਦਾ। ਕਿਸੇ ਤੇ ਕਿਰਪਾ ਕਰਦਾ ਹੈ ਤੇ ਆਪਣਾ ਸਰੂਪ ਉਸ ਨੂੰ ਲਖਾ ਦਿੰਦਾ ਹੈ। ਇਸ ਕਿਰਪਾ ਤੋਂ ਬਿਨਾ ਉਸ ਬਾਰੇ ਜੋ ਗੱਲਾਂ ਜੀਵ ਕਰਦੇ ਹਨ ਉਹ ਸੁਣੀਆਂ ਸੁਣਾਈਆਂ ਹਨ ਤੇ ਪਰਮਾਤਮਾ ਦੀ ਸੱਚੀ ਕੀਮਤ ਵੀ ਨਹੀਂ ਪਾ ਸਕਦੀਆਂ।

ਸਮਾਇ : ਆਖਣ ਜਾਂ ਕਹਿਣ ਦਾ ਭਾਵ ਨਾਮ ਜਪਣ ਜਾਂ ਨਾਮ ਸਿਮਰਨ ਕਰਨਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਿਧਾਂਤ ਇਹ ਹੈ ਕਿ ਨਾਮ ਦਾ ਸਿਮਰਨ ਕਰਨ ਵਾਲਾ ਨਾਮ ਵਿਚ ਲੀਨ ਹੋ ਜਾਂਦਾ ਹੈ, ਉਸ ਨਾਲ ਮਿਲ ਜਾਂਦਾ ਹੈ। ਪਰਮਾਤਮਾ ਨਾਲ ਜੀਵ ਦੇ ਮੇਲ ਦਾ ਭਾਵ ਉਸ ਦੇ ਗੁਣਾਂ ਵਾਲਾ ਹੋ ਕੇ ਉਸ ਦੀ ਹਜ਼ੂਰੀ ਵਿਚ ਪਹੁੰਚ ਜਾਣਾ ਹੈ ਜਾਂ ਉਸ ਦੇ ਹੁਕਮ ਅਨੁਸਾਰ ਅਗਲੇਰੀ ਸੇਵਾ ਤੇ ਲੱਗ ਜਾਣਾ ਹੈ।

ਸਵਾਰਣਹਾਰਾ : ਸੱਚ ਮਨੁੱਖੀ ਸ਼ਖ਼ਸੀਅਤ ਦੀ ਸੁੱਘੜ ਘਾੜਤ ਘੜਨ ਵਾਲਾ ਹੈ, ਮਨੁੱਖ ਨੂੰ ਸਚਿਆਰ ਬਣਾ ਦਿੰਦਾ ਹੈ, ਉਸ ਵਿਚ ਸੱਚੇ ਪ੍ਰਭੂ ਦੇ ਗੁਣ ਭਰ ਦਿੰਦਾ ਹੈ। ਇਹ ਸਵਾਰੀ ਗਈ ਸ਼ਖ਼ਸੀਅਤ ਹੈ।

ਕਾਮਣਿ : ਇਸਤ੍ਰੀ, ਪਤਨੀ, ਗੁਰਬਾਣੀ ਵਿਚ ਪ੍ਰਭੂ ਨੂੰ ਪਤੀ ਅਤੇ ਭਗਤ ਨੂੰ ਇਸਤ੍ਰੀ ਦਾ ਸੰਕੇਤ ਦਿੱਤਾ ਹੈ। ਕਾਮਣਿ ਦਾ ਸ਼ਿੰਗਾਰ ਦੈਵੀ ਗੁਣਾਂ ਦਾ ਸ਼ਿੰਗਾਰ ਹੈ। ਇਹੋ ਜਿਹੇ ਸ਼ਿੰਗਾਰ ਵਾਲੀ ਇਸਤ੍ਰੀ ਪ੍ਰਭੂ ਪਤੀ ਨੂੰ ਪਸੰਦ ਆਉਂਦੀ ਹੈ ਅਤੇ ਉਸ ਨਾਲ ਮੇਲ ਨੂੰ ਪ੍ਰਾਪਤ ਹੁੰਦੀ ਹੈ। (ਭੋਗ—ਪ੍ਰਭੂ ਮੇਲ ਦੀ ਆਨੰਦਮਈ ਦਸ਼ਾ)।

ਆਤਮ ਤੀਰਥ : ਆਤਮਾ ਰੂਪੀ ਤੀਰਥ, ਆਤਮਾ ਦੀ ਪਵਿੱਤਰਤਾ, ਆਤਮਾ ਪਰਮਾਤਮਾ ਦੀ ਜੋਤਿ, ਅੰਸ਼ ਮੰਨੀ ਗਈ ਹੈ ਅਤੇ ਸਤਿ, ਚਿਤ, ਆਨੰਦ ਹੈ। ਪਰ ਪਰਮਾਤਮਾ ਦੇ ਹੁਕਮ ਅਨੁਸਾਰ ਬੰਧਨ ਵਿਚ ਪੈਂਦੀ ਹੈ ਤੇ ਫਿਰ ਕਿਰਤ ਕਰਮ ਅਧੀਨ ਆਵਾਗਵਨ ਦਾ ਚੱਕਰ ਕੱਟਦੀ ਹੈ।

ਆਰਤੀ : ਥਾਲ ਵਿਚ ਦੀਵੇ ਜਗਾ ਕੇ, ਦੇਵਤੇ ਦੇ ਆਲੇ ਦੁਆਲੇ ਫੇਰਨ ਤੇ ਉਸ ਦੀ ਉਸਤਤ ਗਾਇਨ ਕਰਨ ਦੀ ਪੂਜਾ ਦਾ ਢੰਗ।

ਭਵਖੰਡਨਾ : ਜਨਮ ਮਰਨ ਦੇ ਭੈਅ ਨੂੰ ਕੱਟਣ ਵਾਲਾ ਪਰਮਾਤਮਾ; ਗੁਰਬਾਣੀ ਅਨੁਸਾਰ ਆਵਾਗਵਨ ਦਾ ਚੱਕਰ ਪਰਮਾਤਮਾ ਤੋਂ ਵਿਛੋੜੇ ਦਾ ਲਖਾਇਕ ਹੈ। ਇਸ ਲਈ ਇਹ ਦੁੱਖ ਰੂਪ ਹੈ ਤੇ ਇਸ ਤੋਂ ਮੁਕਤ ਹੋਣ ਤੇ ਪਰਮਾਤਮਾ ਨਾਲ ਮਿਲਣ ਦਾ ਲਕਸ਼ ਹੈ। ਜੀਵ ਜੀਵਨ-ਮੁਕਤ ਵੀ ਹੋ ਸਕਦਾ ਹੈ।

ਅਨਹਤਾ ਸ਼ਬਦ : ਅਨਾਹਤ ਸ਼ਬਦ ਜਾਂ ਅਨਹਦ ਸ਼ਬਦ ਉਹ ਸ਼ਬਦ ਜਾਂ ਸੰਗੀਤ ਹੈ ਜੋ ਬਿਨਾਂ ਕਿਸੇ ਯਤਨ ਦੇ ਆਪਣੇ ਆਪ ਆਤਮਾ ਵਿਚ ਹੋਣ ਲੱਗਦਾ ਹੈ, ਜਦੋਂ ਸਿਮਰਨ ਦੁਆਰਾ ਆਤਮਾ ਪਰਮਾਤਮਾ ਨਾਲ ਇਕਸੁਰ ਹੋ ਜਾਂਦੀ ਹੈ। ਇਹ ਪਰਮਾਤਮਾ ਦੇ ਮੇਲ ਨਾਲ ਪ੍ਰਾਪਤ ਹੋਣ ਵਾਲੇ ਆਤਮਿਕ ਆਨੰਦ ਦਾ ਸੰਕੇਤਕ ਬਿਆਨ ਹੈ।

ਗੁਰਸਾਖੀ : ਗੁਰੂ ਦੀ ਸਿੱਖਿਆ ਨਾਲ। ਗੁਰਬਾਣੀ ਵਿਚ ਇਹ ਮੰਨਿਆ ਹੈ ਕਿ ਗੁਰੂ ਦੀ ਕਿਰਪਾ ਨਾਲ ਹੀ ਕਿਸੇ ਨੂੰ ਆਪਣੀ ਆਤਮਾ ਤੇ ਪਰਮਾਤਮਾ ਦਾ ਗਿਆਨ ਹੁੰਦਾ ਹੈ। ਗੁਰੂ ਤੋਂ ਬਿਨਾਂ ਕਿਸੇ ਨੂੰ ਪਰਮਾਤਮਾ ਦਾ ਪਤਾ ਨਹੀਂ ਲੱਗ ਸਕਦਾ। ਗੁਰੂ ਦਾ ਮੇਲ ਪਰਮਾਤਮਾ ਦੀ ਕਿਰਪਾ ਨਾਲ ਹੀ ਹੁੰਦਾ ਹੈ। ਗੁਰੂ ਵਿਚ ਪਰਮਾਤਮਾ ਆਪਣੀ ਵਿਸ਼ੇਸ਼ ਗਿਆਨ ਪ੍ਰਦਾਤਾ ਸ਼ਕਤੀ ਜੀਵਾਂ ਦੇ ਕਲਿਆਣ ਨਮਿਤ ਰੱਖਦਾ ਹੈ।

ਹਰਿਚਰਨ : ਅਲੰਕਾਰ ਵਰਤਿਆ ਹੈ, ਭਾਵ ਪਰਮਾਤਮਾ ਤੋਂ ਹੀ ਹੈ।

ਬੈਠਾ ਵੇਖੇ ਵਖਿ : ਪਰਮਾਤਮਾ ਸਰਬ ਵਿਆਪਕ ਵੀ ਹੈ ਅਤੇ ਨਿਰਲੇਪ ਵੀ ਹੈ। ਸਾਰੀ ਰਚਨਾ ਵਿਚ ਵੀ ਮੌਜੂਦ ਹੈ ਪਰ ਹਰ ਸਮੇਂ ਰਚਨਾ ਤੋਂ ਪਰੇ ਵੀ ਹੈ।

ਖਸਮੈ : ਖਸਮ ਪਰਮਾਤਮਾ ਵਾਸਤੇ ਵਰਤਿਆ ਹੈ ਜਿਵੇਂ ਕਾਮਣਿ ਜੀਵਾਤਮਾ ਵਾਸਤੇ।

ਗੁਰੂ ਅਮਰਦਾਸ

ਸਹਜ : ਆਪ ਦਾ ਜਨਮ ਸੰਨ 1479 ਵਿਚ ਪੰਜਾਬ ਦੇ ਪਿੰਡ ਬਾਸਰਕੇ ਵਿਖੇ ਹੋਇਆ। ਆਪ 1540 ਤੋਂ 1552 ਈ. ਤੀਕ ਗੁਰੂ ਅੰਗਦ ਦੇਵ ਜੀ ਪਾਸ ਰਹੇ ਅਤੇ ਸੇਵਾ ਕਰਦੇ ਰਹੇ। 1552 ਈ. ਵਿਚ ਆਪ ਤੀਜੇ ਗੁਰੂ ਦੇ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬਿਰਾਜਮਾਨ ਹੋਏ। ਪਦਿਆਂ ਸਲੋਕਾਂ ਤੋਂ ਇਲਾਵਾ ਆਪ ਦੀਆਂ ਮੁੱਖ ਰਚਨਾਵਾਂ ਇਹ ਹਨ : ਪੱਟੀ (ਆਸਾ), ਵਾਰ ਸਤ (ਬਿਲਾਵਲ), ਅਨੰਦ (ਰਾਮਕਲੀ) ਤੇ ਵਾਰਾਂ। ਗਿਆਨਮਈ ਅਡੋਲਤਾ, ਸਹਜ ਆਤਮਾ ਦੀ ਉਹ ਅਵਸਥਾ ਹੈ ਜੋ ਅਡੋਲ ਹੈ ਭਾਵ ਆਸਾ, ਮਨਸਾ, ਤ੍ਰਿਸ਼ਨਾ, ਰਜ, ਤਮ, ਸਤ, ਜਾਂ ਕਾਮ, ਕ੍ਰੋਧ ਆਦਿ ਵਿਚ ਡੋਲਦੀ ਨਹੀਂ ਰਹਿੰਦੀ। ਇਹ ਉਹ ਹਾਲਤ ਹੈ ਜਦੋਂ ਜੀਵਾਤਮਾ ਦਾ ਪਰਮਾਤਮਾ ਨਾਲ ਮੇਲ ਹੋ ਜਾਂਦਾ ਹੈ।

ਸਮਾਧਿ : ਸਮਾਧੀ ਪ੍ਰਭੂ ਧਿਆਨ ਵਿਚ ਸੁਰਤਿ ਦਾ ਟਿਕਾਉ, ਅਡੋਲਤਾ ਦੀ ਦਸ਼ਾ।

ਲਿਵ : ਸੁਰਤਿ ਦਾ ਸ਼ਬਦ ਵਿਚ ਜੋੜਨਾ; ਧਿਆਨ ਪਰਮਾਤਮਾ ਵਿਚ ਲਗਾਣਾ, ਸਿਮਰਨ ਵਿਚ ਸਮਾਧੀ ਲਗਾਣੀ।

ਸ਼ਬਦ : ਨਾਮ, ਬਾਣੀ, ਹੁਕਮ; ਸ਼ਬਦ ਪਰਮਾਤਮਾ ਦਾ ਸੂਚਕ ਹੈ।

ਮਨ : ਮਨ ਤ੍ਰੈਗੁਣੀ ਪ੍ਰਕ੍ਰਿਤੀ ਦਾ ਸੂਖਮ ਰੂਪ ਹੈ। ਇਹ ਪੰਜ ਤੱਤਾਂ ਤੋਂ ਜਨਮ ਲੈਂਦਾ ਹੈ। ਇਸ ਲਈ ਰਜ, ਤਮ, ਸਤ ਵਿਚ ਡੋਲਦਾ ਰਹਿੰਦਾ ਹੈ। ਪਰ ਇਸ ਵਿਚ ਸਤ ਦਾ ਅੰਸ਼ ਆ ਚੁੱਕਾ ਹੁੰਦਾ ਹੈ, ਇਸ ਲਈ ਇਹ ਆਤਮਾ ਜੋ ਕਿ ਸਤ ਹੈ, ਨਾਲ ਮਿਲ ਸਕਦਾ ਹੈ ਤੇ ਆਤਮਾ ਪਰਮਾਤਮਾ ਨਾਲ ਮਿਲ ਸਕਦੀ ਹੈ।

ਸਰਣਾਈ : ਪਰਮਾਤਮਾ ਦੀ ਸ਼ਰਣ ਲੈਣ ਦਾ ਭਾਵ ਵੀ ਉਸ ਦੇ ਨਾਮ, ਬਾਣੀ, ਹੁਕਮ, ਰਜ਼ਾ ਵਿਚ ਟਿਕਾਣਾ ਹੈ।

ਦੂਜੈ ਭਾਇ : ਦੂਜਾ ਭਾਗ, ਪਰਮਾਤਮਾ ਦਾ ਪਿਆਰ ਤਿਆਗ ਕੇ ਪ੍ਰਕ੍ਰਿਤੀ; ਮਾਇਆ ਦੇ ਪਿਆਰ ਵਿਚ ਲੱਗ ਜਾਣਾ।

ਹਉਮੈ : ਪ੍ਰਭੂ ਹੁਕਮ, ਭਾਣੇ ਵਿਚ ਇਹ ਖੇਲ ਬਣਿਆ ਹੈ ਕਿ ਜੀਵਾਤਮਾ

ਆਪਣੇ ਆਪ ਨੂੰ ਪਰਮਾਤਮਾ ਤੋਂ ਸੁਤੰਤਰ ਤੇ ਵੱਖਰੀ ਅਨੁਭਵ ਕਰਨ ਲੱਗ ਪੈਂਦੀ ਹੈ ਤੇ ਇਸ ਤਰ੍ਹਾ ਕਰਮਬੱਧ ਹੋ ਕੇ ਆਵਾਗਵਨ ਦਾ ਚੱਕਰ ਕੱਟਦੀ ਦੁੱਖ ਸੁੱਖ ਭੋਗਦੀ ਹੈ। ਆਤਮਾ ਦੀ ਇਸ ਰੁਚੀ ਨੂੰ ਹਉਮੈ ਕਹਿੰਦੇ ਹਨ।

ਤ੍ਰਿਹ ਗੁਣ, ਤ੍ਰੈਗੁਣ : ਰਜ, ਤਮ ਤੇ ਸਤ ਪ੍ਰਕ੍ਰਿਤੀ ਜਾਂ ਮਾਦੇ (matter) ਦੇ ਤਿੰਨ ਗੁਣ ਮੰਨੇ ਗਏ ਹਨ। ਗੁਣ ਦਾ ਭਾਵ ਹਾਲਤਾਂ ਹਨ। ਇਹ ਹਾਲਤਾਂ ਮਨ ਦੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਪ੍ਰਭਾਵ ਆਤਮਾ ਤੇ ਪੈਂਦਾ ਹੈ। ਮਨ ਹੀ ਮਾਦੇ ਦਾ ਰੂਪ ਹੈ ਤੇ ਮਾਦੇ ਦੀਆਂ ਇਹ ਤਿੰਨੇ ਹਾਲਤਾਂ ਹੁੰਦੀਆਂ ਹਨ ਰਜ ਹੈ ਖ਼ਾਹਸ਼ਾਂ ਵਿਚ ਦੌੜ ਭੱਜ; ਤਮ ਹੈ ਅਗਿਆਨਤਾ, ਕ੍ਰੋਧ ਵਿਚ ਅਗਿਆਨਤਾ ਤੇ ਕਰਮ ਕਰਨਾ; ਅਤੇ ਸਤ ਹੈ ਉੱਚੀ ਸਾਤਵਿਕ ਬਿਰਤੀ ਵਿਚ ਸ਼ੁੱਭ ਕਰਮ ਕਰਨਾ। ਪਰ ਇਹ ਤਿੰਨ ਹੀ ਮਨ ਨੂੰ ਡੋਲਾਵਣ ਵਾਲੀਆਂ ਹਾਲਤਾਂ ਹਨ, ਮਨ ਸਹਿਜ ਵਿਚ ਨਹੀਂ ਰਹਿੰਦਾ। ਸਹਿਜ ਇਨ੍ਹਾਂ ਤਿੰਨਾਂ ਤੋਂ ਉਚੇਰੀ ਹਾਲਤ ਹੈ, ਅਡੋਲਤਾ ਦੀ ਹਾਲਤ ਹੈ।

ਚਉਥਾ ਪਦ : ਰਜ, ਤਮ, ਸਤ ਦੀਆਂ ਤਿੰਨ ਹਾਲਤਾਂ ਤੋਂ ਉੱਪਰ ਦੀ ਆਤਮਾ ਦੀ ਸਹਿਜ ਜਾਂ ਅਡੋਲਤਾ ਦੀ ਹਾਲਤ।

ਨਿਰਗੁਣ ਨਾਮੁ : ਪਰਮਾਤਮਾ ਦਾ ਨਾਮ ਜਿਸ ਦਾ ਸਿਮਰਨ ਜੀਵ ਨੂੰ ਰਜ, ਤਮ, ਸਤ ਦੀਆਂ ਡੋਲਦੀਆਂ ਹਾਲਤਾਂ ਵਿਚੋਂ ਉੱਤੇ ਅਡੋਲਤਾ ਜਾਂ ਚਉਥੇ ਪਦ ਜਾਂ ਸਹਿਜ ਵਿਚ ਲੈ ਜਾਂਦਾ ਹੈ। ਨਾਮ ਜੋ ਤ੍ਰੈਗੁਣਾਂ ਤੋਂ ਉੱਤੇ ਹੈ।

ਅਨੰਦੁ : ਆਤਮਿਕ ਆਨੰਦ ਜੋ ਪਰਮਾਤਮਾ ਦੇ ਮੇਲ ਨਾਲ ਪ੍ਰਾਪਤ ਹੁੰਦਾ ਹੈ।

ਵਾਜਾ ਪਾਵਣੁ : ਸੁਆਸਾਂ ਦਾ ਵਾਜਾ।

ਆਪ : ਆਪਾ-ਭਾਵ, ਹਉਮੈ।

ਦਸਵਾਂ : ਦਸਮ ਦੁਆਰ, ਸਰੀਰ ਵਿਚ ਆਤਮਾ ਤੇ ਪਰਮਾਤਮਾ ਦੇ ਨਿਵਾਸ ਦਾ ਸਥਾਨ, ਸਾਧਾਰਣ ਗਿਆਨ ਇੰਦ੍ਰੀਆਂ ਤੋਂ ਵੱਖਰਾ ਆਤਮਿਕ ਗਿਆਨ ਦਾ ਕੇਂਦਰ, ਆਤਮਿਕ ਅਵਸਥਾ।

ਗੁਰੂ ਰਾਮਦਾਸ

ਆਪ ਦਾ ਜਨਮ ਸੰਨ 1534 ਵਿਚ ਲਾਹੌਰ ਦੀ ਸੋਢੀ ਕੁਲ ਵਿਖੇ ਹੋਇਆ। ਆਪ ਬਚਪਨ ਤੋਂ ਹੀ ਗੁਰੂ ਅਮਰਦਾਸ ਜੀ ਪਾਸ ਸੇਵਾ ਵਿਚ ਲੱਗ ਗਏ। ਆਪ 1574 ਤੋਂ 1581 ਈ. ਤੀਕ ਗੁਰੂ ਗੱਦੀ ਤੇ ਬਿਰਾਜਮਾਨ ਰਹੇ। ਆਪ ਦੀਆਂ ਮੁੱਖ ਰਚਨਾਵਾਂ ਹਨ। ਵਾਰਾਂ, ਛੰਤ, ਪਹਰੇ, ਵਣਜਾਰੇ, ਹਰਹਲੇ, ਘੋੜੀਆਂ।

ਨਿਰੰਜਨੁ : ਅੰਜਨ (ਸੁਰਮਾ, ਕਾਲਖ਼) ਤੋਂ ਬਿਨਾਂ, ਜਿਸ ਨੂੰ ਮਾਇਆ ਦੇ ਤ੍ਰੈਗੁਣਾਂ (ਰਜ, ਤਮ, ਸਤ) ਦੀ ਕਾਲਖ ਕਹੀ ਹੈ, ਭਾਵ ਜੋ ਮਾਇਆ ਤੋਂ ਨਿਰਲੇਪ

ਹੈ।

ਸਿਰਜਣਹਾਰ : ਪਰਮਾਤਮਾ ਸਾਰੀ ਰਚਨਾ ਦਾ ਕਰਤਾ ਹੈ। ਪ੍ਰਕ੍ਰਿਤੀ ਜਾਂ ਮਾਦਾ ਉਸ ਤੋਂ ਬਾਹਰ ਅਨਾਦੀ ਜਾਂ ਸੁਤੰਤਰ ਹਸਤੀ ਨਹੀਂ ਰੱਖਦਾ, ਉਸ ਵਿਚੋਂ ਹੀ ਮਾਦਾ ਰੂਪਮਾਨ ਹੁੰਦਾ ਹੈ, ਉਸ ਦੇ ਹੁਕਮ, ਭਾਣੇ ਅਨੁਸਾਰ ਪਰਮਾਤਮਾ ਹੀ ਮਾਦੇ ਨੂੰ ਨਾਮ ਰੂਪ ਦਿੰਦਾ ਹੈ। ਫਿਰ ਉਹ ਸਾਰੀ ਰਚਨਾ ਵਿਚ ਵਿਆਪਕ ਹੈ।

ਜੀਵਨ ਮੁਕਤਿ : ਜੀਵ ਦੇ ਆਪਾ ਭਾਵ ਹਉਮੈ ਹੰਕਾਰ ਵਾਲੀ ਤ੍ਰੈਗੁਣੀ ਆਸ਼ਾ-ਤ੍ਰਿਸ਼ਨਾ ਦੀ ਦੌੜ ਤੋਂ ਮੁਕਤ ਹੋ ਕੇ ਸਹਿਜ ਦੀ ਅਡੋਲਤਾ ਵਿਚ ਹੋਣਾ, ਪਰਮਾਤਮਾ ਦੇ ਮੇਲ ਦੀ ਅਵਸਥਾ।

ਗੁਰੂ ਅਰਜਨ ਦੇਵ

ਆਪ ਦਾ ਜਨਮ ਸੰਨ 1563 ਵਿਚ ਗੋਇੰਦਵਾਲ ਵਿਖੇ ਗੁਰੂ ਰਾਮਦਾਸ ਜੀ ਦੇ ਘਰ ਹੋਇਆ। ਆਪ 1581 ਤੋਂ 1606 ਈ. ਤੀਕ ਗੁਰਗੱਦੀ ਤੇ ਬਿਰਾਜਮਾਨ ਰਹੇ। ਆਪ ਨੇ ਹੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਸੰਕਲਨ ਸੰਨ 1604 ਵਿਚ ਅੰਮ੍ਰਿਤਸਰ ਵਿਖੇ ਤਿਆਰ ਕੀਤਾ। ਲਗਭਗ ਗੁਰੂ ਗ੍ਰੰਥ ਦਾ ਅੱਧਾ ਆਕਾਰ ਆਪ ਦੀ ਹੀ ਰਚਨਾ ਦਾ ਹੈ। ਹਜ਼ਾਰਾਂ ਪਦੇ ਆਪ ਨੇ ਰਚੇ ਹਨ। ਆਪ ਦੀਆਂ ਮੁੱਖ ਰਚਨਾਵਾਂ ਇਸ ਪ੍ਰਕਾਰ ਹਨ : ਬਾਰਾਮਾਹ (ਮਾਝ), ਬਾਵਨ ਅਖਰੀ (ਗਉੜੀ), ਸੁਖਮਨੀ (ਗਉੜੀ) ਤੇ ਵਾਰਾਂ।

ਸਿਮਰਨ : ਯਾਦ, ਪਰਮਾਤਮਾ ਦੀ ਯਾਦ, ਚੇਤੰਨ ਵਿਚ ਰਸੀਲਤਾ ਸਹਿਤ ਨਾਮ ਦਾ ਦੁਹਰਾਣਾ, ਰਟਨ ਆਦਿ, ਭਗਤੀ। ਗੁਰਬਾਣੀ ਅਨੁਸਾਰ ਸਿਮਰਨ ਬੁਨਿਆਦੀ ਸਿਧਾਂਤ ਹੈ, ਸਿਧਾਂਤ ਇਹ ਹੈ ਕਿ ਸਿਮਰਨ ਜੀਵ ਨੂੰ ਨਾਮੀ ਦੇ ਸਾਰੇ ਗੁਣ ਪ੍ਰਦਾਨ ਕਰਕੇ ਨਾਮੀ ਨਾਲ ਦਿੰਦਾ ਹੈ। ਨਾਮ ਸਿਮਰਨ ਨਾਲ ਨਾਮੀ (ਪਰਮਾਤਮਾ) ਦੇ ਗੁਣ ਜੀਵ ਵਿਚ ਕਿਉਂ ਪ੍ਰਵੇਸ਼ ਕਰਦੇ ਹਨ—ਇਹ ਅਕੱਥ ਹੈ, ਮਨੁੱਖੀ ਬੋਧਕਤਾ ਤੋਂ ਪਰ੍ਹੇ ਹੈ, ਪਰ ਹੈ ਸੱਚ ਕਿ ਗੁਣ ਆ ਜਾਂਦੇ ਹਨ।

ਨਉ ਨਿਧਿ : ਨੌ ਪ੍ਰਕਾਰ ਦੇ ਕੀਮਤੀ ਖ਼ਜ਼ਾਨੇ।

ਦੂਜਾ : ਵੇਖੋ 'ਦੂਜੇ ਭਾਇ'।

ਬ੍ਰਹਮ ਗਿਆਨੀ : ਬ੍ਰਹਮ (ਹਰੀ, ਪਰਮਾਤਮਾ) ਦੇ ਗਿਆਨ ਵਾਲਾ ਪਰਮਾਤਮਾ ਨਾਲ ਮਿਲਿਆ ਹੋਇਆ, ਮੇਲ ਜਾਂ ਜਾਤੀ ਅਨੁਭਵ, ਤਜਰਬੇ ਵਿਚੋਂ ਉਪਜਣ ਵਾਲਾ ਗਿਆਨ ਹੀ ਸਾਰਾ ਗਿਆਨ ਹੈ।

ਹਲਤ ਪਲਾਤਾ : ਹਲਤ ਪਲਤ, ਇਹ ਲੋਕ ਤੇ ਪ੍ਰਲੋਕ, ਸੰਸਾਰਕ ਜੀਵਨ ਤੇ ਪ੍ਰਮਾਰਥਕ ਜੀਵਨ।

ਗੁਰੂ ਤੇਗ਼ ਬਹਾਦਰ

ਗੁਰੂ ਤੇਗ਼ ਬਹਾਦਰ ਜੀ ਦਾ ਜਨਮ ਸੰਨ 1621 ਵਿਚ ਗੁਰੂ ਹਰਿਗੋਬਿੰਦ ਦੇ ਘਰ ਅੰਮ੍ਰਿਤਸਰ ਵਿਚ ਹੋਇਆ। ਆਪ ਨੇ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਲੜੇ ਗਏ ਯੁੱਧਾਂ ਵਿਚ ਬੜੀ ਬਹਾਦਰੀ ਨਾਲ ਹਿੱਸਾ ਲਿਆ। ਆਪ ਨੇ ਬਾਬਾ ਬਕਾਲੇ ਵਿਖੇ ਘੋਰ ਤਪੱਸਿਆ ਕੀਤੀ। ਆਪ ਸੰਨ 1673 ਵਿਚ ਸ਼ਹਿਨਸ਼ਾਹ ਔਰੰਗਜ਼ੇਬ ਦੇ ਆਦੇਸ਼ ਅਨੁਸਾਰ ਦਿੱਲੀ ਵਿਖੇ ਸ਼ਹੀਦ ਕੀਤੇ ਗਏ।

ਸ਼ੇਖ਼ ਫ਼ਰੀਦ

ਆਪ ਦਾ ਪੂਰਾ ਨਾਮ ਸ਼ੇਖ਼ ਫ਼ਰੀਦ ਉਦ-ਦੀਨ ਮਸਊਦ ਸੀ ਤੇ ਆਪ ਨੂੰ ਗੰਜੇ ਸ਼ਕਰ ਜਾਂ ਸ਼ਕਰ ਗੰਜ ਕਰਕੇ ਸੱਦਿਆ ਜਾਂਦਾ ਸੀ। ਆਪ ਦਾ ਜਨਮ ਸੰਨ 1175 ਵਿਚ ਮੁਲਤਾਨ ਦੇ ਪਿੰਡ ਕੋਠੀਵਾਲ (ਚਾਵਲ ਮੁਸ਼ੈਖਾਂ) ਵਿਚ ਹੋਇਆ। ਆਪ ਨੇ ਖ਼ੁਆਜਾ ਕੁਤਬ-ਉਦ-ਦੀਨ ਬਖ਼ਤਿਆਰ ਕਾਕੀ ਨੂੰ ਮੁਰਸ਼ਦ ਧਾਰਣ ਕੀਤਾ। ਆਪ ਦੇ ਮੁਰਸ਼ਦ ਨੇ ਹੀ ਆਪ ਨੂੰ ਚਿਸ਼ਤੀ ਫ਼ਿਰਕੇ ਦਾ ਆਗੂ ਨਿਸ਼ਚਿਤ ਕੀਤਾ। ਗੁਰੂ ਗ੍ਰੰਥ ਵਿਚ ਆਪ ਦੇ ਚਾਰ ਪਦੇ ਅਤੇ 112 ਸ਼ਲੋਕ ਪ੍ਰਾਪਤ ਹਨ।

ਮੁਹਬਤਿ ਪ੍ਰੇਮ—ਪਰਮਾਤਮਾ ਦਾ ਪ੍ਰੇਮ; *ਕਾਂਢੇ*—ਕਹੇ ਜਾਂਦੇ ਹਨ; *ਕਚਿਆ*—ਕੱਚੇ; *ਰਤੇ*—ਰੰਗੇ ਹੋਏ; *ਪ੍ਰੇਮ*—ਭਗਤੀ ਵਿਚ ਮਸਤ; *ਖੁਦਾਇ*—ਖ਼ੁਦਾ ਦੀ, ਪਰਮਾਤਮਾ ਦੀ; *ਰੰਗਿ*—ਪ੍ਰੇਮ ਵਿਚ; *ਦਰਿ*—ਦਰ ਦੇ, ਪ੍ਰਭੂ ਦਰ ਦੇ; *ਦਰਵੇਸ਼*—ਫ਼ਕੀਰ, ਭਗਤਾਂ; *ਮਾਉ*—ਮਾਤਾ; *ਪ੍ਰਵਰਦਗਾਰ*—ਪਾਲਣ ਵਾਲਾ, ਪਰਮਾਤਮਾ; *ਮੂੰ*—ਮੈਂ; *ਪਨਹ*—ਸ਼ਰਨ; *ਬਖਸਦੰਗੀ*—ਬਖਸ਼ਨਹਾਰ; *ਖੈਰ*—ਖੈਰਾਤ, ਭਿੱਖਿਆ; *ਬੰਦਗੀ*—ਭਗਤੀ।

ਭਗਤ ਕਬੀਰ

ਭਗਤ ਕਬੀਰ ਦਾ ਜਨਮ 1398 ਈ. ਵਿਚ ਬਨਾਰਸ ਵਿਖੇ ਹੋਇਆ। ਆਪ ਦੀ ਪਾਲਣਾ ਨੀਰੂ ਜੁਲਾਹੇ ਦੇ ਘਰ ਵਿਚ ਹੋਈ। ਸਾਰਾ ਜੀਵਨ ਆਪ ਜੁਲਾਹੇ ਦਾ ਹੀ ਕਿੱਤਾ ਕਰਦੇ ਰਹੇ। ਆਪ ਦੇ ਸੁਆਮੀ ਰਾਮਾਨੰਦ ਤੋਂ ਦੀਖਿਅਤ ਹੋਣ ਦੀ ਵੀ ਵਰਣਨ ਆਉਂਦਾ ਹੈ। ਗੁਰੂ ਗ੍ਰੰਥ ਵਿਚ ਆਪ ਦੇ 541 ਪਦੇ ਅੰਕਿਤ ਹਨ। ਗਉੜੀ ਰਾਗ ਵਿਚ ਆਪ ਦਾ ਬਾਵਨ ਅਖਰੀ, ਥਿਤੀ ਤੇ ਵਾਰ ਸਤ ਲੰਮੇਰੀਆਂ ਬਾਣੀਆਂ ਵੀ ਮੌਜੂਦ ਹਨ।

ਗਗਨ—ਦਸਮ-ਦੁਆਰ; *ਦੋਵਰ*—ਦਵੈਤ; (ਵੇਖੋ ਦਵੈਤ); *ਤੇਵਰ*—ਤਿੰਨ ਗੁਣ; (ਵੇਖੋ ਤ੍ਰੈਗੁਣ); *ਪਾਂਚ*—ਪੰਜ ਤੱਤ—ਧਰਤੀ, ਪਉਣ, ਪਾਣੀ, ਅਗਨੀ, ਆਕਾਸ਼; *ਪਚੀਸ*—ਪੰਝੀ ਪ੍ਰਕ੍ਰਿਤੀਆਂ ਜੋ ਇਨ੍ਹਾਂ ਤੱਤਾਂ ਦੇ ਇਕ ਦੂਜੇ ਨਾਲ ਮਿਲਣ

ਕਰਕੇ ਬਣੀਆਂ ਹਨ।

ਭਗਤ ਰਵਿਦਾਸ

ਕਬੀਰ ਵਾਂਗ ਆਪ ਬਨਾਰਸ ਦੇ ਜੰਮਪਲ ਸਨ ਤੇ ਆਪ ਨੇ ਸਾਰਾ ਜੀਵਨ ਕਾਸ਼ੀ ਵਿਚ ਹੀ ਬਤੀਤ ਕੀਤਾ। ਆਪ ਜ਼ਾਤ ਦੇ ਚਮਾਰ ਸਨ ਪਰ ਭਗਤੀ ਦੁਆਰਾ ਐਸੇ ਦਰਜੇ ਤੇ ਪਹੁੰਚੇ ਕਿ ਕਾਸ਼ੀ ਦੇ ਬ੍ਰਾਹਮਣ ਵੀ ਆਪ ਨੂੰ ਪ੍ਰਣਾਮ ਕਰਦੇ ਸਨ। ਗੁਰੂ ਗ੍ਰੰਥ ਵਿਚ ਆਪ ਦੇ 40 ਪਦੇ ਮਿਲਦੇ ਹਨ

ਬੇਗਮਪੁਰਾ—ਉਹ ਪੁਰੀ, ਨਗਰੀ ਜਿੱਥੇ ਜਮ ਨਹੀਂ ਹੈ, ਸੱਚਖੰਡ; *ਅੰਦੋਹ*—ਚਿੰਤਾ; *ਤਸਵੀਸ*—ਤਸ਼ਵੀਸ਼, ਘਬਰਾਹਟ, ਚਿੰਤਾ; *ਖਿਰਾਜੁ*—ਖਿਰਾਜ, ਕਰ ਟੈਕਸ; *ਖਉਫੁ*—ਖਉਫ, ਡਰ; *ਖਤਾ*—ਉਕਾਈ, ਦੋਸ਼, ਕਸੂਰ; *ਤਰਸੁ*—ਡਰ; *ਜਵਾਲੁ*—ਜ਼ਵਾਲ, ਘਾਟਾ, ਘੱਟਣਾ; *ਖੂਬ*—ਖੂਬ, ਚੰਗੀ; *ਵਤਨਗਾਹ*—ਵਤਨਗਾਹ, ਥਾਂ, ਟਿਕਾਣਾ; *ਕਾਇਮ*—ਅਟੱਲ; *ਦਾਇਮ*—ਸਦਾ; *ਦੋਮ*—ਦੂਜਾ; *ਸੇਮ*—ਤੀਜਾ; *ਆਬਾਦਾਨ*—ਆਬਾਦੀ, ਸ਼ਹਿਰ; *ਗਨੀ*—ਗਨੀ, ਧਨੀ ਲੋਗ; *ਮਾਮੂਰ*—ਰੱਜੇ ਹੋਏ; *ਸੈਲ*—ਸੈਰ, ਫਿਰਨਾ; *ਮਹਰਮ*—ਭੇਦ ਜਾਣਨ ਵਾਲੇ, ਵਾਕਫ; *ਖਲਾਸ*—ਆਜ਼ਾਦ ਹੋਇਆ; *ਹਮਸਹਰੀ*—ਇਕੋ ਸ਼ਹਿਰ ਦੇ ਵੱਸਣ ਵਾਲੇ।

ਭਗਤ ਧੰਨਾ

ਭਗਤ ਧੰਨਾ ਜੀ ਰਾਜਸਥਾਨ ਵਿਚ ਟਾਂਕ ਦੇ ਇਲਾਕੇ ਦੇ ਧੁਆਨ ਨਗਰ ਦੇ ਜੰਮਪਲ ਜੱਟ ਜ਼ਿਮੀਦਾਰ ਸਨ। ਆਪ ਦਾ ਜਨਮ ਸੰਨ 1145 ਦਾ ਮੰਨਿਆ ਜਾਂਦਾ ਹੈ। ਗੁਰੂ ਗ੍ਰੰਥ ਵਿਚ ਆਪ ਦੇ ਤਿੰਨ ਪਦੇ ਪ੍ਰਾਪਤ ਹਨ।

ਗੁਰੂ ਗੋਬਿੰਦ ਸਿੰਘ

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਸੰਨ 1666 ਵਿਚ ਗੁਰੂ ਤੇਗ਼ ਬਹਾਦਰ ਜੀ ਦੇ ਘਰ ਸ਼ਹਿਰ ਪਟਨਾ ਵਿਖੇ ਹੋਇਆ। ਜਿੱਥੇ ਆਪ ਦੇ ਪਿਤਾ, ਸਣੇ ਪਰਿਵਾਰ ਦੇਸ਼ ਰਟਨ ਕਰਨ ਗਏ ਸਨ। ਪਿਤਾ ਜੀ ਦੀ ਸ਼ਹਾਦਤ ਮਗਰੋਂ ਸੰਨ 1675 ਵਿਚ ਆਪ ਗੁਰਗੱਦੀ ਤੇ ਬੈਠੇ। ਆਪ 1708 ਈ. ਵਿਚ ਨੰਦੇੜ (ਹੈਦਰਾਬਾਦ ਦੱਖਣ) ਵਿਖੇ ਜੋਤੀ-ਜੋਤ ਸਮਾਏ। ਆਪ ਦੀਆਂ ਰਚਨਾਵਾਂ ਦਾ ਸੰਗ੍ਰਹਿ 'ਦਸ਼ਮ ਗ੍ਰੰਥ' ਕਰਕੇ ਪ੍ਰਸਿੱਧ ਹੈ। ਆਪ ਦੀਆਂ ਮੁੱਖ ਰਚਨਾਵਾਂ ਦੇ ਨਾਮ ਇਹ ਹਨ : ਜਾਪੁ, ਅਕਾਲ ਉਸਤਤਿ, ਬਚਿਤ੍ਰ ਨਾਟਕ, ਚੰਡੀ ਚਰਿਤ੍ਰ, ਭਗਉਤੀ ਦੀ ਵਾਰ, ਚੌਬੀਸ ਅਵਤਾਰ, ਗਿਆਨ ਪ੍ਰਬੋਧ, ਸਸਤ੍ਰ ਨਾਮ ਮਾਲਾ, ਪਾਖਯਾਨ ਚਰਿਤ੍ਰ, ਜ਼ਫ਼ਰਨਾਮਾ ਆਦਿ।

ਸਿੱਖ ਗੁਰੂਆਂ ਅਤੇ ਸੰਤਾਂ ਦੀਆਂ ਜੀਵਨੀਆਂ, ਇਤਿਹਾਸ ਤੇ ਰਚਨਾਵਾਂ

1. ਗੁਰੂ ਗੋਬਿੰਦ ਸਿੰਘ : ਜੀਵਨ ਅਤੇ ਰਚਨਾ : *ਸੁਰਿੰਦਰ ਸਿੰਘ ਕੋਹਲੀ*
2. ਗੁਰੂ ਗੋਬਿੰਦ ਸਿੰਘ : ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ-ਚਿੰਨ੍ਹ : *ਸੁਖਦਿਆਲ ਸਿੰਘ*
3. ਗੁਰੂ ਹਰਿਗੋਬਿੰਦ ਸਾਹਿਬ : ਜੀਵਨ ਤੇ ਪ੍ਰਤਿਭਾ : *ਕੁਲਦੀਪ ਸਿੰਘ ਧੀਰ*
4. ਗੁਰ ਬਿਲਾਸ ਪਾਤਸ਼ਾਹੀ ਛੇਵੀਂ : *ਭਗਤ ਸਿੰਘ*
5. ਗੁਰੂ ਅੰਗਦ ਦੇਵ ਜੀ : *ਤਾਰਨ ਸਿੰਘ*
6. ਗੁਰੂ ਅਮਰਦਾਸ : ਜੀਵਨ, ਰਚਨਾ ਤੇ ਸਿਖਿਆ : *ਤਾਰਨ ਸਿੰਘ*
7. ਗੁਰੂ ਅਰਜਨ ਦੇਵ : ਜੀਵਨ ਅਤੇ ਰਚਨਾ : *ਗੁਰਸ਼ਰਨ ਕੌਰ*
8. ਗੁਰੂ ਅਮਰ ਦਾਸ : *ਦਲੀਪ ਸਿੰਘ ਦੀਪ*
9. ਗੁਰੂ ਰਾਮ ਦਾਸ : *ਹਿੰਮਤ ਸਿੰਘ ਸੋਢੀ*
10. ਦਸ ਗੁਰ ਦਰਸ਼ਨ : *ਪੂਰਨ ਸਿੰਘ*
11. ਸ਼ੇਖ ਫ਼ਰੀਦ : ਜੀਵਨੀ ਤੇ ਰਚਨਾ : *ਤਾਰਨ ਸਿੰਘ, ਬਲਬੀਰ ਕੌਰ*
12. ਭਗਤ ਕਬੀਰ ਜੀ : ਜੀਵਨੀ ਤੇ ਸਿੱਖਿਆ
13. ਗੁਰੂ ਗੋਬਿੰਦ ਸਿੰਘ ਜੀ ਰਚਿਤ ਜ਼ਫ਼ਰਨਾਮਾ : *ਨਿਰੰਜਨ ਸਿੰਘ ਨੂਰ*
14. ਖਾਲਸੇ ਦੀ ਜਨਮ-ਭੂਮੀ : ਸਿਰੀ ਆਨੰਦਪੁਰ ਸਾਹਿਬ : *ਸੁਖਦਿਆਲ ਸਿੰਘ*
15. ਸਿੱਖ ਧਰਮ : ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਹਾਰ, ਤੀਜੀ ਜਿਲਦ: *ਗੁਰਬਚਨ ਸਿੰਘ ਨਈਅਰ*
16. ਸਿੱਖ ਧਰਮ : ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਹਾਰ, ਚੌਥੀ ਸੈਂਚੀ : *ਗੁਰਬਚਨ ਸਿੰਘ ਨਈਅਰ*
17. ਗੁਰੂ ਅਮਰਦਾਸ ਜੀ ਦੀ ਬਾਣੀ : *ਪਿਆਰਾ ਸਿੰਘ ਪਦਮ*
18. ਸ੍ਰੀ ਗੁਰੂ ਸੋਭਾ : ਸੈਨਾਪਤੀ : *ਗੰਡਾ ਸਿੰਘ*
19. ਸੂਫ਼ੀ ਮਤ ਤੇ ਧਾਰਮਿਕ ਲਹਿਰਾਂ : *ਮਨਮੋਹਨ ਸਿੰਘ*
20. ਗੁਰੂ ਨਾਨਕ ਚਿੰਤਨ ਦੀ ਭੂਮਿਕਾ : *ਡਾ. ਬਲਕਾਰ ਸਿੰਘ*
21. ਭਾਈ ਨੰਦ ਲਾਲ ਗ੍ਰੰਥਾਵਲੀ : *ਡਾ. ਗੰਡਾ ਸਿੰਘ*
22. ਹਜ਼ਰਤ ਮੁਹੰਮਦ : ਜੀਵਨ ਤੇ ਸਿੱਖਿਆਵਾਂ : *ਮੁਹੰਮਦ ਇਰਸ਼ਾਦ*
23. ਭਾਈ ਗੁਰਦਾਸ : ਸਿੱਖੀ ਦੇ ਪਹਿਲੇ ਵਿਆਖਿਆਕਾਰ : *ਦਰਸ਼ਨ ਸਿੰਘ*

ਵਧੇਰੇ ਜਾਣਕਾਰੀ ਲਈ ਨਿਮਨ ਪਤੇ ਤੇ ਸੰਪਰਕ ਕਰੋ :

ਧਰਮ ਅਧਿਐਨ ਬਾਰੇ ਹੋਰ ਰਚਨਾਵਾਂ

1. ਧਰਮਾਂ ਦੀ ਮੁੱਢਲੀ ਜਾਣਕਾਰੀ : *ਸ. ਸ. ਅਮੋਲ*
2. ਸੰਸਾਰ ਦੇ ਧਰਮ : *ਹਰਬੰਸ ਸਿੰਘ, ਐਲ. ਐਮ. ਜੋਸ਼ੀ*
3. ਧਰਮ ਦੀ ਉਤਪਤੀ ਅਤੇ ਵਿਕਾਸ : *ਗੁਰਬਚਨ ਸਿੰਘ*
4. ਧਰਮ ਅਧਿਐਨ—ਅਕਾਦਮਿਕ ਪਰਿਪੇਖ : *ਜੋਧ ਸਿੰਘ, ਦਰਸ਼ਨ ਸਿੰਘ, ਅਨੰਦ ਸਪੈਂਸਰ, ਹਰਪਾਲ ਸਿੰਘ ਪੰਨੂੰ, ਰਜਿੰਦਰ ਕੌਰ ਰੋਹੀ*
5. ਧਰਮ ਦਾ ਦਾਰਸ਼ਨਿਕ ਪੱਖ : *ਵਜ਼ੀਰ ਸਿੰਘ*
6. ਧਰਮ ਅਧਿਐਨ ਅਤੇ ਸਿੱਖ ਅਧਿਐਨ : *ਦਰਸ਼ਨ ਸਿੰਘ*
7. ਭਾਰਤੀ ਧਰਮ ਅਤੇ ਨੈਤਿਕਤਾ : *ਮਨਮੋਹਨ ਸਿੰਘ*
8. ਧਰਮ ਦਾ ਵਿਕਾਸ ਅਤੇ ਗੁਰਮਤਿ : *ਮਨਮੋਹਨ ਸਿੰਘ*
9. ਜੀਵਨ ਦਾ ਆਦਰਸ਼ਵਾਦੀ ਦ੍ਰਿਸ਼ਟੀਕੋਣ : *ਡਾ. ਰਾਧਾ ਕ੍ਰਿਸ਼ਨਨ*
10. ਮੱਕੇ ਮਦੀਨੇ ਦੀ ਗੋਸਟਿ : *ਕੁਲਵੰਤ ਸਿੰਘ*
11. ਇਸਲਾਮ ਤੇ ਸੂਫ਼ੀਵਾਦ : *ਗੁਲਵੰਤ ਸਿੰਘ*
12. ਜਨਮ ਸਾਖੀ ਪਰੰਪਰਾ : *ਕ੍ਰਿਪਾਲ ਸਿੰਘ*
13. ਸਿੱਖੀ ਕੀ ਹੈ : *ਜੋਧ ਸਿੰਘ*
14. ਖਾਲਸਾ ਪੰਥ ਦੇ ਪੰਜ ਤਖ਼ਤ : *ਸੁਖਦਿਆਲ ਸਿੰਘ*
15. ਸਿੱਖ ਧਰਮ ਦਰਸ਼ਨ : *ਸਰਦੂਲ ਸਿੰਘ ਕਵੀਸ਼ਰ*
16. ਅਨੰਦ ਜੋਤਿ ਤੇ ਜੁਗਤਿ : *ਤਾਰਨ ਸਿੰਘ*
17. ਪਰਚੀਆਂ ਸੂਫ਼ੀ ਫਕੀਰਾਂ ਦੀਆਂ : *ਦੇਵਿੰਦਰ ਸਿੰਘ ਉਸਾਹਨ*
18. ਸਿੱਖ ਧਰਮ ਵਿਚ ਆਦਰਸ਼ ਮਨੁੱਖ ਦਾ ਸੰਕਲਪ : *ਸਮਸ਼ੇਰ ਸਿੰਘ*
19. ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ : *ਜੋਧ ਸਿੰਘ*
20. ਗੁਰੂ ਖਾਲਸਾ ਪੰਥ : *ਡਾ. ਗੁਰਨਾਮ ਕੌਰ*
21. ਈਸਾਈ ਧਰਮ—ਇਕ ਜਾਣ-ਪਛਾਣ : *ਕਰਤਾਰ ਚੰਦ ਭੱਟੀ*
22. ਅਤਿਰਿਕਤ ਭਗਤ ਬਾਣੀ—ਤੁਕ ਤਤਕਰਾ, ਅਨੁਕ੍ਰਮਣਿਕਾ ਤੇ ਕੋਸ਼ : *ਬਲਕਾਰ ਸਿੰਘ*
23. ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ : *ਤਾਰਨ ਸਿੰਘ*
24. ਸਿੱਖ ਰਹੱਸਵਾਦ : *ਬਲਕਾਰ ਸਿੰਘ*

ਵਧੇਰੇ ਜਾਣਕਾਰੀ ਲਈ ਨਿਮਨ ਪਤੇ ਤੇ ਸੰਪਰਕ ਕਰੋ :

ਪਬਲੀਕੇਸ਼ਨ ਬਿਊਰੋ,

ਪੰਜਾਬੀ ਯੂਨੀਵਰਸਿਟੀ, ਪਟਿਆਲਾ